Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 372, 25 ਸਤੰਬਰ ਤੋਂ 01 ਅਕਤੂਬਰ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# 'ਅਮਰੀਕਾ 'ਚ ਸਿੱਖ ਡਰਾਇਵਰ 'ਤੇ ਚਾਕੂ ਨਾਲ ਹਮਲੇ ਮਗਰੋਂ ਅਸੀਂ ਵਾਰ-ਵਾਰ ਦੇਖਦੇ ਹਾਂ, ਕੋਈ ਪਿੱਛਾ ਤਾਂ ਨਹੀਂ ਕਰ ਰਿਹਾ'



ਅਸੀਂ ਜਦੋਂ ਟਰੱਕ ਲੈ ਕੇ ਨਿਕਲਦੇ ਹਾਂ ਤਾਂ ਵਾਰ-ਵਾਰ ਦੇਖਦੇ ਹਾਂ ਕਿ ਕਿਤੇ ਕੋਈ ਪਿੱਛੋਂ ਫੌਲੋ ਤਾਂ ਨਹੀਂ ਕਰ ਰਿਹਾ। ਅਸੀਂ ਆਲਾ-ਦੁਆਲਾ ਦੇਖ ਕੇ ਟਰੱਕ ਖੜਾਉਂਦੇ ਅਤੇ ਫਿਰ ਬਾਥਰੂਮ ਜਾਂਦੇ ਹਾਂ। ਇਹ ਬੋਲ ਅਮਰੀਕਾ ਵਿੱਚ ਕਈ ਦਹਾਕਿਆਂ ਤੋਂ ਟਰੱਕ ਚਲਾਉਂਦੇ ਗੁਰਿੰਦਰਜੀਤ ਸਿੰਘ ਦੇ ਹਨ। ਦਰਅਸਲ ਅਮਰੀਕਾ ਵਿੱਚ 13 ਸਤੰਬਰ ਨੂੰ ਇੱਕ ਸਿੱਖ ਡਰਾਇਵਰ ਨੂੰ ਬੁਰੇ ਤਰੀਕੇ ਨਾਲ ਜ਼ਖਮੀ ਕਰ ਦਿੱਤਾ ਗਿਆ ਸੀ।ਪੀੜਤ ਸਿੱਖ ਡਰਾਇਵਰ ਦੀ ਪਛਾਣ ਗੁਰਵਿੰਦਰ ਸਿੰਘ ਵਜੋਂ ਹੋਈ ਹੈ। ਉਨ੍ਹਾਂ ਦੇ ਵਕੀਲ ਜਸਜੀਤ ਸਿੰਘ ਮੁਤਾਬਕ ਗੁਰਵਿੰਦਰ ਦੇ ਕਰੀਬ 17 ਵਾਰ ਚਾਕੂ ਨਾਲ ਹਮਲਾ ਕੀਤਾ ਗਿਆ। ਹਾਲਾਂਕਿ, ਪੁਲਿਸ ਨੇ ਇਸ ਹਮਲੇ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਪੁਲਿਸ ਦਾ ਕਹਿਣਾ ਹੈ ਕਿ ਹਮਲੇ ਦੇ ਮਕਸਦ ਬਾਰੇ ਹਾਲੇ ਤੱਕ ਪਤਾ ਨਹੀਂ ਲੱਗਾ। ਦਰਅਸਲ ਇੱਕ ਸਾਲ ਪਹਿਲਾਂ 12 ਅਗਸਤ, 2025 ਨੂੰ ਅਮਰੀਕਾ ਦੇ ਫਲੋਰੀਡਾ ਵਿੱਚ ਇੱਕ ਟਰੱਕ ਹਾਦਸੇ ਦੌਰਾਨ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਇਸ ਹਾਦਸੇ ਦੀ ਡੈਸ਼ਕੈਮ ਫੁਟੇਜ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋਈ। ਇਸ ਟਰੱਕ ਨੂੰ ਹਰਜਿੰਦਰ ਸਿੰਘ ਨਾਂ ਦਾ ਡਰਾਇਵਰ ਚਲਾ ਰਿਹਾ ਸੀ ਜਿਸ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਤੋਂ ਬਾਅਦ ਅਕਤੂਬਰ 2025 ਵਿੱਚ ਇੱਕ ਹੋਰ ਟਰੱਕ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋਈ ਸੀ ਜਿਸ ਵਿੱਚ ਟਰੱਕ ਡਰਾਇਵਰ ਜਸ਼ਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰ ਪਿਛਲੇ ਦਿਨੀ ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ ਨੇ 'ਅਨਲਾਈਸੈਂਸਡ ਕਮਰਸ਼ਿਅਲ ਡਰਾਈਵਰਾਂ' ਖ਼ ?ਲਾਫ਼ ਮੁਹਿੰਮ ਬਾਰੇ ਇੱਕ ਪੋਸਟਰ ਜਾਰੀ ਕੀਤਾ ਸੀ। ਇਸ ਵਿੱਚ 'ਮਿਸਟਰ ਸਿੰਘ' ਨਾਂ ਦੇ ਇੱਕ ਭੂਰੇ ਰੰਗ ਦੇ ਵਿਅਕਤੀ ਨੂੰ ਦਿਖਾਇਆ ਗਿਆ। ਹਾਲਾਂਕਿ ਇਸ ਉਪਰ ਵਿਵਾਦ ਹੋਣ ਤੋਂ ਬਾਅਦ ਪੋਸਟ ਨੂੰ ਹਟਾ ਲਿਆ ਗਿਆ ਸੀ। ਪਰ ਪੰਜਾਬੀ ਭਾਈਚਾਰਾ ਇਸ ਪੋਸਟਰ ਨੂੰ ਲੈ ਕੇ ਵੀ ਕਾਫੀ ਚਿੰਤਿਤ ਹੈ। ਸਵਾਲ ਹੈ ਕਿ ਪੰਜਾਬੀ ਡਰਾਇਵਰਾਂ ਖਿਲਾਫ ਇੱਕ ਬਿਰਤਾਂਤ ਚਲਾਇਆ ਜਾ ਰਿਹਾ ? ਜਾਂ ਪੰਜਾਬੀ ਡਰਾਇਵਰਾਂ ਨੂੰ ਗੈਰ-ਜ਼ਿੰਮੇਵਾਰ ਵੱਜੋਂ ਦੇਖਿਆ ਜਾ ਰਿਹਾ ?



**ਡਰਾਇਵਰਾਂ ਦੀਆਂ ਚਿੰਤਾਵਾਂ**

ਅਮਰੀਕਾ ਵਿੱਚ ਇੱਕ ਸਿੱਖ ਟਰੱਕ ਡਰਾਈਵਰ 'ਤੇ ਚਾਕੂ ਨਾਲ ਕੀਤੇ ਹਮਲੇ ਤੋਂ ਬਾਅਦ ਸਿੱਖ ਭਾਈਚਾਰਾ, ਖਾਸ ਕਰਕੇ ਪੰਜਾਬੀ ਟਰੱਕ ਡਰਾਇਵਰ ਕਾਫੀ ਚਿੰਤਿਤ ਨਜ਼ਰ ਆ ਰਹੇ ਹਨ। ਡਰਾਇਵਰ ਗੁਰਿੰਦਰਜੀਤ ਸਿੰਘ ਕਹਿੰਦੇ ਹਨ, ÷ਮੈਨੂੰ ਲੱਗਦਾ ਹੈ ਕਿ ਜਦੋਂ ਦਾ ਟਰੰਪ ਪ੍ਰਸ਼ਾਸਨ, ਉਸ ਨੇ ਪਰਵਾਸੀਆਂ ਖਿਲਾਫ ਇੱਕ ਲਹਿਰ ਖੜੀ ਕੀਤੀ ਹੈ ਕਿ ਇਹ ਲੋਕ ਸਾਡੀਆਂ ਨੌਕਰੀਆਂ ਖੋਹ ਰਹੇ ਹਨ, ਉਸ ਨਾਲ ਮਹਿਸੂਸ ਹੁੰਦਾ ਹੈ ਕਿ ਅਮਰੀਕਾ ਵਿੱਚ ਨਫ਼ਰਤ ਦੀ ਲਹਿਰ ਵਧੀ ਹੈ। ਅਸੀਂ ਜਦੋਂ ਕਦੇ ਕੋਈ ਲੋਡ ਉਤਾਰਨ ਜਾਂਦੇ ਹਾਂ, ਤਾਂ ਉੱਥੇ ਜੇਕਰ ਕੋਈ ਨਸਲੀ ਬੰਦਾ ਹੋਵੇ ਤਾਂ ਉਹ ਬਹੁਤ ਪਰੇਸ਼ਾਨ ਕਰਦਾ ਹੈ। ਦਰਅਸਲ, ਹਮਲਿਆਂ ਤੋਂ ਬਿਨਾ ਵੀ ਹੋਰ ਕਈ ਤਰੀਕਿਆਂ ਨਾਲ ਪਰੇਸ਼ਾਨ ਕੀਤਾ ਜਾਂਦਾ ਹੈ। ਜਿਵੇਂ ਭਾਵੇਂ ਕੋਈ ਪਹਿਲਾਂ ਵੀ ਗਿਆ ਹੋਵੇ, ਉਸ ਨੂੰ ਲੋਡ ਉਤਾਰਨ ਲਈ ਕਈ-ਕਈ ਘੰਟੇ ਇੰਤਜ਼ਾਰ ਕਰਵਾਇਆ ਜਾਂਦਾ ਹੈ। ਉਹ ਪਹਿਲਾਂ ਗੋਰਿਆਂ ਦੇ ਟਰੱਕ ਖਾਲੀ ਕਰਦੇ ਹਨ ਅਤੇ ਬਾਅਦ ਵਿੱਚ ਪਰਵਾਸੀਆਂ ਦਾ ਟਰੱਕ ਖਾਲੀ ਕੀਤਾ ਜਾਂਦਾ ਹੈ। ਕਈ ਵਾਰ ਬਾਥਰੂਮ ਵੀ ਵਰਤਨ ਨਹੀਂ ਦਿੱਤਾ ਜਾਂਦਾ ਹੈ। ਉਹ ਕਹਿੰਦੇ ਹਨ, ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਨੇ ਜਦੋਂ ਪਿਛਲੇ ਦਿਨੀ ਸਿੱਖ ਡਰਾਇਵਰਾਂ ਬਾਰੇ ਪੋਸਟ ਪਾਈ ਸੀ ਉਸ ਦਾ ਵੀ ਕਾਫ਼ੀ ਅਸਰ ਪਿਆ ਹੈ ਕਿਉਂਕਿ ਇਹਨਾਂ ਵੱਲੋਂ ਵਰਤੇ ਗਏ ਸ਼ਬਦਾਂ ਦਾ ਬਹੁਤ ਪ੍ਰਭਾਵ ਪੈਂਦਾ ਹੈ। ਹਾਲਾਂਕਿ, ਕੈਲੀਫੋਰਨੀਆਂ ਵਰਗੀਆਂ ਥਾਵਾਂ 'ਤੇ ਜ਼ਿਆਦਾ ਅਸਰ ਨਹੀਂ ਕਿਉਂਕਿ ਇੱਥੇ ਵੱਖ-ਵੱਖ ਭਾਈਚਾਰੇ ਰਹਿੰਦੇ ਹਨ ਪਰ ਬਾਹਰਲੇ ਸੂਬੇ, ਜਿੱਥੇ ਅਮਰੀਕਾ ਦੇ ਮੂਲ ਪਰਵਾਸੀਆਂ ਦੀ ਗਿਣਤੀ ਜ਼ਿਆਦਾ ਹੈ, ਉੱਥੇ ਕਈ ਤਰੀਕਿਆਂ ਨਾਲ ਤੰਗ ਕੀਤੀ ਜਾਂਦਾ ਹੈ ਜਿਵੇਂ ਟਰੱਕ ਅੱਗੇ ਲਗਾ ਕੇ ਲੰਮਾ ਸਮਾਂ ਰਾਹ ਨਾ ਦੇਣਾ ਵਗੈਰਾ।"

ਗੁਰਿੰਦਰਜੀਤ ਸਿੰਘ ਮੁਤਾਬਕ, ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਬਾਅਦ ਕਈ ਸਿੱਖ ਡਰਾਇਵਰ ਕਾਫ਼ੀ ਡਰੇ ਹੋਏ ਹਨ ਅਤੇ ਉਹ ਸੁਚੇਤ ਹੋ ਗਏ ਹਨ। ਉਹ ਅਕਸਰ ਆਲਾ-ਦੁਆਲਾ ਦੇਖ ਕੇ ਟਰੱਕ ਖੜਾਉਂਦੇ ਅਤੇ ਬਾਥਰੂਮ ਜਾਂਦੇ ਹਨ। ਉਹ ਦੇਖਦੇ ਹਨ ਕਿ ਉਨ੍ਹਾਂ ਦਾ ਕੋਈ ਪਿੱਛਾ ਤਾਂ ਨਹੀਂ ਕਰ ਰਿਹਾ। ਇਹ ਵੀ ਕੋਸ਼ਿਸ਼ ਹੁੰਦੀ ਹੈ ਕਿ ਸੁੰਨੀਆਂ ਥਾਵਾਂ 'ਤੇ ਨਾ ਖੜਿਆ ਜਾਵੇ ਅਤੇ ਚਹਿਲ-ਪਹਿਲ ਵਾਲੀਆਂ ਥਾਵਾਂ ਉੱਤੇ ਹੀ ਰੁਕਿਆ ਜਾਵੇ। ਏਪੀ ਨਾਲ ਗੱਲ ਕਰਦਿਆਂ ਟਰੱਕਿੰਗ ਉਦਯੋਗ ਨਾਲ ਜੁੜੇ ਇੱਕ ਸਿੱਖ, ਕੈਲੀਫੋਰਨੀਆ ਦੇ ਸਟਾਕਟਨ ਸਥਿਤ 'ਗਿਲਸਨ ਟਰੱਕਿੰਗ' ਦੇ ਸੀਈਓ ਹਰਸਿਮਰਨ ਸਿੰਘ ਨੇ ਕਿਹਾ ਕਿ ਟਰੱਕ-ਡਰਾਈਵਿੰਗ ਫੋਰਮਾਂ 'ਤੇ ਸਿੱਖ-ਵਿਰੋਧੀ ਭਾਵਨਾ ਖਾਸ ਤੌਰ 'ਤੇ ਤੀਬਰ ਰਹੀ ਹੈ। ਉਨ੍ਹਾਂ ਕਿਹਾ, ਮੈਂ ਪਿਛਲੇ 25 ਤੋਂ ਵੱਧ ਸਾਲਾਂ ਤੋਂ ਇੱਥੇ ਹਾਂ। ਮੈਂ ਪਹਿਲਾਂ ਕਦੇ ਵੀ ਇਸ ਤਰ੍ਹਾਂ ਦੀ ਨਫ਼ਰਤ ਮਹਿਸੂਸ ਨਹੀਂ ਕੀਤੀ। ਸਿੱਖ ਕਾਰਕੁਨ ਅਤੇ ਵਕੀਲ ਜਸਜੀਤ ਸਿੰਘ ਕਹਿੰਦੇ ਹਨ, ਭਾਵੇਂ ਅਸੀਂ ਸਿੱਧਾ ਨਹੀਂ ਕਹਿ ਸਕਦੇ ਕਿ ਉਸ ਬੰਦੇ ਨੇ ਪੋਸਟਰ ਦੇਖ ਕੇ ਹਮਲਾ ਗੁਰਵਿੰਦਰ ਸਿੰਘ 'ਤੇ ਹਮਲਾ ਕੀਤਾ ਪਰ ਗੱਲਾਂ ਜੁੜੀਆਂ ਵੀ ਹੋ ਸਕਦੀਆਂ ਹਨ। ਇਹੋ ਜਿਹੇ ਪੋਸਟਰ ਪਾਉਣਾ ਬਹੁਤ ਜ਼ੋਖਮ ਵਾਲਾ ਕੰਮ ਹੈ। ਜਸਜੀਤ ਸਿੰਘ ਮੁਤਾਬਕ, ਆਈਸ ਨੇ ਵੀ ਸਾਡੇ ਲੋਕਾਂ ਉਪਰ ਭੀੜ ਪਾਈ ਹੋਈ ਹੈ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ। ਹੁਣ ਪੰਜਾਬੀ ਟਰੱਕ ਡਰਾਇਵਰਾਂ ਨੂੰ ਧਿਆਨ ਨਾਲ ਰਹਿਣ ਦੀ ਲੋੜ ਹੈ। ਐੱਫਬੀਆਈ ਵੱਲੋਂ ਸਾਲ 2025 ਦੇ ਨਫਰਤੀ ਹਿੰਸਾ ਦੇ ਅੰਕੜਿਆਂ ਮੁਤਾਬਕ ਅਮਰੀਕਾ ਵਿੱਚ ਹੋਏ ਕੁੱਲ ਹੇਟ ਕਰਾਈ ਵਿੱਚ ਕਰੀਬ 7 ਫੀਸਦ ਮਾਮਲੇ ਸਿੱਖਾਂ ਖਿਲਾਫ ਹੋਏ ਹਨ।

**ਦੱਖਣੀ ਏਸ਼ੀਆਈ ਭਾਈਚਾਰੇ 'ਚਿੰਤਾ ਵਧੀ**

ਪੰਜਾਬੀ ਸਿੱਖ ਡਰਾਇਵਰ 'ਤੇ ਕਥਿਤ ਹਮਲੇ ਤੋਂ ਬਾਅਦ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਹੈ। ਏਸ਼ੀਅਨ ਅਮਰੀਕਨ ਅਤੇ ਪੈਸਿਫ਼ਕ ਆਈਲੈਂਡਰ, ਅਮਰੀਕਾ ਵਿੱਚ ਵੱਖ-ਵੱਖ ਭਾਈਚਾਰਿਆਂ ਦੀ ਇੱਕ ਸੰਸਥਾ ਹੈ। ਸਟਾਪ ਏਏਪੀਆਈ ਹੇਟ ਦੀ ਇੱਕ ਤਾਜ਼ਾ ਖੋਜ ਰਿਪੋਰਟ ਅਨੁਸਾਰ ਦੱਖਣੀ ਏਸ਼ੀਆਈ ਭਾਈਚਾਰਿਆਂ ਖਿਲਾਫ਼ ਆਨਲਾਈਨ ਅਤੇ ਗਰਾਉਂਡ, ਦੋਵਾਂ ਥਾਵਾਂ 'ਤੇ ਨਫ਼ਰਤ ਦੀਆਂ ਘਟਨਾਵਾਂ ਵਧੀਆਂ ਹਨ। ਰਿਪੋਰਟ ਮੁਤਾਬਕ, ਜਨਵਰੀ 2023 ਤੋਂ ਦਸੰਬਰ 2025 ਦੇ ਵਿਚਕਾਰ ਦੱਖਣੀ ਏਸ਼ੀਆਈ ਲੋਕਾਂ ਖ਼ ?ਲਾਫ਼ ਆਨਲਾਈਨ ਵਰਤੇ ਜਾਣ ਵਾਲੇ ਅਪਮਾਨਜਨਕ ਸ਼ਬਦਾਂ ਵਿੱਚ 109 ਫ਼ੀਸਦੀ ਵਾਧਾ ਹੋਇਆ।

## ਗੁਰਵਿੰਦਰ ਸਿੰਘ ਨਾਲ ਕੀ ਹੋਇਆ ?



ਕੈਲੀਫੋਰਨੀਆ ਵਿੱਚ ਜਕਾਰਾ ਮੂਵਮੈਂਟ ਨਾਮ ਦੀ ਐਨਜੀਓ ਚਲਾਉਣ ਵਾਲੇ ਵਕੀਲ ਜਸਜੀਤ ਸਿੰਘ ਗੁਰਵਿੰਦਰ ਸਿੰਘ ਨੂੰ ਕਾਨੂੰਨੀ ਸਹਾਇਤਾ ਦੇ ਰਹੇ ਹਨ। ਵਕੀਲ ਜਸਜੀਤ ਸਿੰਘ ਮੁਤਾਬਕ, 13 ਸਤੰਬਰ ਨੂੰ ਤਕਰੀਬਨ ਸਵੇਰੇ 3:15 ਵਜੇ ਗੁਰਵਿੰਦਰ ਸਿੰਘ ਰੈਸਟ ਏਰੀਆ ਵਿੱਚ ਰੁਕਿਆ ਸੀ। ਉਹ ਕੈਲੀਫੋਰਨੀਆ ਤੋਂ ਲੋਡ ਲੈ ਕੇ ਚੱਲਿਆ ਸੀ। ਜਦੋਂ ਉਹ ਬਾਥਰੂਮ 'ਚ ਗਿਆ ਅਤੇ ਆਪਣਾ ਮੂੰਹ ਧੋ ਰਿਹਾ ਸੀ ਤਾਂ ਇੱਕਦਮ ਬੰਦੇ ਨੇ ਪਿੱਛੋਂ ਆ ਕੇ ਉਸ ਦੇ ਮੁੱਕਾ ਮਾਰਿਆ। ਗੁਰਵਿੰਦਰ ਨੇ ਉਸ ਬੰਦੇ ਨੂੰ ਪੁੱਛਣ ਦੀ ਬੜੀ ਕੋਸ਼ਿਸ਼ ਕੀਤੀ ਕਿ ਉਹ ਕੌਣ ਹੈ ? ਗੁਰਵਿੰਦਰ ਨੇ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਉਸ ਨੇ ਚਾਕੂ ਮਾਰਨਾ ਸ਼ੁਰੂ ਕਰ ਦਿੱਤਾ ਜੋ ਕਰੀਬ 17 ਵਾਰ ਲੱਗਿਆ। ਉਸ ਦੀਆਂ ਬਾਹਵਾਂ ਅਤੇ ਛਾਤੀ ਉੱਤੇ ਵੀ ਸੱਟ ਲੱਗੀ ਹੈ। ਜਸਜੀਤ ਸਿੰਘ ਅਨੁਸਾਰ, ਜਦੋਂ ਗੁਰਵਿੰਦਰ ਕੋਸ਼ਿਸ਼ ਕਰਕੇ ਬਾਹਰ ਨਿਕਲਿਆ ਤਾਂ ਇੱਕ ਪਰਿਵਾਰ ਨੇ ਉਸ ਦੀ ਮਦਦ ਕੀਤੀ। ਇਸ ਦੌਰਾਨ ਮੁਲਜ਼ਮ ਭੱਜ ਗਿਆ ਜੋ ਖੁਦ ਵੀ ਡਰਾਇਵਰ ਹੀ ਸੀ। ਕਰੀਬ ਅੱਧੇ ਘੰਟੇ ਬਾਅਦ ਪੁਲਿਸ ਆਈ ਅਤੇ ਉਸ ਨੂੰ ਹੈਲੀਕਾਪਟਰ ਦੀ ਸਹਾਇਤਾ ਨਾਲ ਹਸਪਤਾਲ ਲਿਜਾਇਆ ਗਿਆ। ਉਹ ਕਹਿੰਦੇ ਹਨ, ਗੁਰਵਿੰਦਰ ਸਿੰਘ ਨੂੰ ਕਰੀਬ ਚਾਰ ਦਿਨਾਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਦੇ ਦਿੱਤੀ ਗਈ। ਦੂਜੇ ਪਾਸੇ ਮੁਲਜ਼ਮ ਜੇਲ੍ਹ ਵਿੱਚ ਹੈ ਅਤੇ ਇਹ ਕੇਸ ਥੋੜਾ ਲੰਮਾ ਚੱਲੇਗਾ। ਪੁਲਿਸ ਇਸ ਹਮਲੇ ਦਾ ਮਕਸਦ ਲੱਭ ਰਹੀ ਹੈ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 372 | Website: www.preetnama.com Email preetnamausa@gmail.com | 25 SEPT TO 01 OCT, 2026




Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 372

Website: www.preetnama.com Email preetnamausa@gmail.com

25 SEPT TO 01 OCT, 2026

# ਅਮਰਜੀਤ ਚਾਵਲਾ ਉੱਤੇ ਦਰਜ ਬਲਾਤਕਾਰ ਦੇ ਕੇਸ 'ਚ ਇੱਕ ਮਹੀਨੇ ਬਾਅਦ ਵੀ ਗ੍ਰਿਫ਼ਤਾਰੀ ਨਹੀਂ, ਹੁਣ ਤੱਕ ਇਸ ਮਾਮਲੇ 'ਚ ਕੀ-ਕੀ ਹੋਇਆ

ਅਕਾਲ ਤਖ਼ਤ ਸਾਹਿਬ ਵੱਲੋਂ ਪੰਥ 'ਚੋਂ ਖਾਰਜ ਕੀਤੇ ਗਏ ਐੱਸਜੀਪੀਸੀ ਦੇ ਸਾਬਕਾ ਮੈਂਬਰ ਅਮਰਜੀਤ ਸਿੰਘ ਚਾਵਲਾ ਖ਼ ?ਲਾਫ਼ ਇੱਕ ਔਰਤ ਵੱਲੋਂ ਲਾਏ ਗਏ ਬਲਾਤਕਾਰ, ਗ਼ੈਰ-ਕਾਨੂੰਨੀ ਹਿਰਾਸਤ ਅਤੇ ਧਮਕੀਆਂ ਦੇ ਇਲਜ਼ਾਮਾਂ ਮਗਰੋਂ ਪੰਜਾਬ ਦੇ ਪੰਥਕ ਅਤੇ ਸਿਆਸੀ ਆਗੂਆਂ ਵਿਚਾਲੇ ਇੱਕ-ਦੂਜੇ 'ਤੇ ਇਲਜ਼ਾਮਤਰਾਸ਼ੀ ਚੱਲ ਰਹੀ ਹੈ। ਅਮਰਜੀਤ ਸਿੰਘ ਚਾਵਲਾ ਨੇ ਇਨ੍ਹਾਂ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ ਹੈ ਤੇ ਖ਼ੁਦ ਦੇ ਬੇਕਸੂਰ ਹੋਣ ਦਾ ਦਾਅਵਾ ਕੀਤਾ ਹੈ। ਬਲਾਤਕਾਰ ਦੇ ਇਲਜ਼ਾਮਾਂ 'ਚ ਘਿਰੇ ਅਮਰਜੀਤ ਚਾਵਲਾ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਨੰਦਪੁਰ ਸਾਹਿਬ ਤੋਂ ਮੈਂਬਰ ਅਤੇ ਸ਼ ?ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਉਪ-ਪ੍ਰਧਾਨ ਸਨ। ਇਲਜ਼ਾਮਾਂ 'ਚ ਘਿਰਨ ਮਗਰੋਂ ਚਾਵਲਾ ਨੇ ਕੁਝ ਦਿਨ ਪਹਿਲਾਂ ਇਹਨਾਂ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਮੁਤਾਬਕ ਚਾਵਲਾ ਦਾ ਅਸਤੀਫ਼ਾ ਪ੍ਰਵਾਨ ਵੀ ਕਰ ਲਿਆ ਗਿਆ ਹੈ। ਇਸ ਮਾਮਲੇ ਵਿੱਚ 21 ਅਗਸਤ 2026 ਨੂੰ ਆਨੰਦਪੁਰ ਸਾਹਿਬ ਥਾਣੇ ਵਿਖੇ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ 64 (ਬਲਾਤਕਾਰ), 127(2) (ਗ਼ੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਰੱਖਣਾ) ਅਤੇ 351(2) (ਧਮਕਾਉਣਾ) ਤਹਿਤ ਅਮਰਜੀਤ ਚਾਵਲਾ ਖ਼ ?ਲਾਫ਼ ਐੱਫਆਈਆਰ ਦਰਜ ਕੀਤੀ ਗਈ ਸੀ। ਬੁੱਧਵਾਰ ਨੂੰ ਅਕਾਲੀ ਦਲ ਪੁਨਰ ਸੁਰਜੀਤ ਦੇ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ ਅਮਰਜੀਤ ਸਿੰਘ ਚਾਵਲਾ ਖ਼ ?ਲਾਫ਼ ਲੱਗੇ ਇਲਜ਼ਾਮਾਂ ਦੀ ਨਿਰਪੱਖ ਅਤੇ ਡੂੰਘਾਈ ਨਾਲ ਜਾਂਚ ਲਈ ਐੱਸਆਈਟੀ ਗਠਿਤ ਕਰਨ, ਮਾਮਲੇ ਨਾਲ ਸਬੰਧਤ ਸਾਰੇ ਲੋਕਾਂ ਨੂੰ ਜਾਂਚ ਦੇ ਦਾਇਰੇ ਵਿੱਚ ਲਿਆਉਣ ਦੀ ਮੰਗ ਕਰਦਿਆਂ ਮੰਗ ਪੱਤਰ ਸੌਂਪਿਆ। ਪਰ ਇੱਕ ਮਹੀਨੇ ਤੱਕ ਗੁਪਤ ਰਹਿਣ ਮਗਰੋਂ ਇਹ ਮਾਮਲਾ ਉਦੋਂ ਚਰਚਾ ਵਿੱਚ ਆਇਆ, ਜਦੋਂ ਅਮਰਜੀਤ ਚਾਵਲਾ ਨੇ ਖ਼ੁਦ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਪਾ ਕੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦਿੱਤਾ। ਇਸੇ ਮਾਮਲੇ ਵਿੱਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਐਤਵਾਰ ਨੂੰ ਅਕਾਲ ਤਖ਼ਤ ਦੀ ਫਸੀਲ ਤੋਂ ਅਮਰਜੀਤ ਚਾਵਲਾ ਨੂੰ ਪੰਥ 'ਚੋਂ ਖਾਰਜ ਦਾ ਆਦੇਸ਼ ਵੀ ਜਾਰੀ ਕੀਤਾ ਗਿਆ। ਪਰ ਮੌਜੂਦਾ ਸਮੇਂ ਐੱਫਆਈਆਰ ਦਰਜ ਹੋਣ ਦੇ ਇੱਕ ਮਹੀਨੇ ਬਾਅਦ ਵੀ ਅਮਰਜੀਤ ਚਾਵਲਾ ਖ਼ ?ਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਇੱਥੋਂ ਤੱਕ ਕਿ ਅਮਰਜੀਤ ਚਾਵਲਾ ਕਿੱਥੇ ਹਨ, ਇਸ ਬਾਰੇ ਵੀ ਕੋਈ ਪੁਖ਼ਤਾ ਜਾਣਕਾਰੀ ਸਾਹਮਣੇ ਨਹੀਂ ਆ ਰਹੀ। ਇਸ ਕਾਰਨ ਪੰਜਾਬ ਦੀ ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ, ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਅਤੇ ਅਕਾਲੀ ਦਲ ਪੁਨਰ-ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ, ਸ਼ ?ਰੋਮਣੀ ਕਮੇਟੀ, ਅਕਾਲੀ ਦਲ ਬਾਦਲ ਨੂੰ ਕਠਹਿਰੇ ਵਿੱਚ ਖੜ੍ਹਾ ਕਰ ਰਹੇ ਹਨ।

**ਅਮਰਜੀਤ ਸਿੰਘ ਚਾਵਲਾ ਨੇ ਆਪਣੇ ਪੱਖ ਵਿੱਚ ਕੀ ਕਿਹਾ ?**

ਅਮਰਜੀਤ ਚਾਵਲਾ ਨੇ 16 ਸਤੰਬਰ 2026 ਨੂੰ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕਰਕੇ ਆਪਣੇ ਆਪ ਹੀ ਸ਼ ?ਰੋਮਣੀ ਕਮੇਟੀ ਦੀ ਮੈਂਬਰਸ਼ਿਪ ਅਤੇ ਸ਼ ?ਰੋਮਣੀ ਅਕਾਲੀ ਦਲ ਦੇ ਸੀਨੀਅਰ ਉਪ-ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ, ਜਿਸਨੂੰ ਉਨ੍ਹਾਂ ਨੇ ਹਰਜਿੰਦਰ ਸਿੰਘ ਧਾਮੀ ਅਤੇ ਸੁਖਬੀਰ ਸਿੰਘ ਬਾਦਲ ਨੂੰ ਭੇਜਿਆ। ਉਨ੍ਹਾਂ ਕਿਹਾ ਕਿ ਇਹ ਇਲਜ਼ਾਮ ਪੂਰੀ ਤਰ੍ਹਾਂ ਝੂਠੇ, ਬੇਬੁਨਿਆਦ ਹਨ ਅਤੇ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਦੀ ਸਾਜ਼ਿਸ਼ ਹਨ। ਚਾਵਲਾ ਨੇ ਕਿਹਾ ਕਿ ਇਹ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਹੈ ਤੇ ਉਹ ਅਦਾਲਤ ਵਿੱਚ ਆਪਣੀ ਗੱਲ ਰੱਖਣਗੇ।

**ਅਕਾਲ ਤਖ਼ਤ ਦੀ ਕਾਰਵਾਈ 'ਤੇ ਚਾਵਲਾ ਨੂੰ ਇਤਰਾਜ਼**

20 ਸਤੰਬਰ 2026 ਨੂੰ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਤੋਂ ਬਾਅਦ ਅਮਰਜੀਤ ਸਿੰਘ ਚਾਵਲਾ ਅਤੇ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਮਲਕੀਤ ਸਿੰਘ ਨੂੰ ਖਾਲਸਾ ਪੰਥ ਵਿੱਚੋਂ ਖਾਰਜ ਕਰ ਦਿੱਤਾ ਗਿਆ। ਚਾਵਲਾ ਖ਼ ?ਲਾਫ਼ ਲੱਗੇ ਇਲਜ਼ਾਮਾਂ ਨੂੰ ਸਿੱਖ ਸੰਸਥਾਵਾਂ ਦੀ ਮਾਣ-ਮਰਿਆਦਾ ਨੂੰ ਨੁਕਸਾਨ ਪਹੁੰਚਾਉਣ ਵਾਲਾ ਦੱਸਦਿਆਂ ਜਥੇਦਾਰ ਨੇ ਕਿਹਾ ਕਿ ਅਮਰਜੀਤ ਚਾਵਲਾ ਉਦੋਂ ਤੱਕ ਖਾਰਜ ਰਹੇਗਾ, ਜਦੋਂ ਤੱਕ ਉਹ ਆਪਣੀ ਬੇਕਸੂਰੀ ਸਾਬਤ ਨਹੀਂ ਕਰਦਾ ਅਤੇ ਅਕਾਲ ਤਖ਼ਤ ਸਾਹਮਣੇ ਪੇਸ਼ ਨਹੀਂ ਹੁੰਦਾ। ਨਾਲ ਹੀ ਸਿੱਖ ਸੰਗਤਾਂ ਨੂੰ ਅਮਰਜੀਤ ਚਾਵਲਾ ਨਾਲ ਸੰਬੰਧ ਤੋੜਨ ਅਤੇ ਉਮਰ ਭਰ ਸਿੱਖ ਸੰਸਥਾਵਾਂ ਵਿੱਚ ਨੌਕਰੀ ਤੋਂ ਰੋਕਣ ਦਾ ਹੁਕਮਨਾਮਾ ਜਾਰੀ ਕੀਤਾ ਗਿਆ। ਜਥੇਦਾਰ ਨੇ ਸ਼ ?ਰੋਮਣੀ ਕਮੇਟੀ ਨੂੰ ਅਮਰਜੀਤ ਚਾਵਲਾ ਅਤੇ ਮਲਕੀਤ ਸਿੰਘ ਖ਼ ?ਲਾਫ਼ ਐਕਸ਼ਨ ਲੈਣ ਲਈ ਕਿਹਾ। ਦੂਜੇ ਪਾਸੇ ਅਮਰਜੀਤ ਚਾਵਲਾ ਨੇ ਖ਼ੁਦ ਨੂੰ ਪੰਥ 'ਚੋਂ ਛੇਕਣ ਦੇ ਅਕਾਲ ਤਖ਼ਤ ਦੇ ਫ਼ੈਸਲੇ ਨੂੰ ਵਿਤਕਰੇ ਵਾਲਾ ਦੱਸਿਆ। ਚਾਵਲਾ ਨੇ ਕਿਹਾ ਕਿ ਮਾਮਲਾ ਅਦਾਲਤ ਵਿੱਚ ਚੱਲ ਰਿਹਾ ਹੈ, ਉਸ ਦੀ ਗੱਲ ਸੁਣੇ ਬਿਨਾਂ ਹੀ ਅਕਾਲ ਤਖ਼ਤ ਦੇ ਜਥੇਦਾਰ ਨੇ ਫੈਸਲਾ ਸੁਣਾ ਦਿੱਤਾ ਹੈ।

**ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਲਈ ਕਮੇਟੀ ਗਠਿਤ**

22 ਸਤੰਬਰ 2026 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ 'ਤੇ ਵੀਡੀਓ ਜਾਰੀ ਕਰਕੇ ਆਪਣਾ ਪੱਖ ਰੱਖਿਆ।

**ਸ਼੍ਰੋਮਣੀ** ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਲਈ ਸ਼ ?ਰੋਮਣੀ ਕਮੇਟੀ ਮੈਂਬਰਾਂ 'ਤੇ ਅਧਾਰਿਤ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿੱਚ ਸ਼ ?ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬਲਦੇਵ ਸਿੰਘ ਕਾਇਮਪੁਰ, ਮੈਂਬਰ ਗੁਰਮੀਤ ਸਿੰਘ ਬੂਹ, ਗੁਰਬਖ਼ਸ਼ ਸਿੰਘ ਖ਼ਾਲਸਾ ਤੇ ਗੁਰਿੰਦਰ ਕੌਰ ਭੋਲੂਵਾਲਾ ਨੂੰ ਸ਼ਾਮਲ ਕੀਤਾ ਗਿਆ ਹੈ, ਜਦਕਿ ਇਸ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਹੋਣਗੇ। ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਵੇਂ ਪਹਿਲਾਂ ਵੀ ਵਿਭਾਗੀ ਤੌਰ 'ਤੇ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ। ਬਣਾਈ ਗਈ ਇਹ ਕਮੇਟੀ ਮਾਮਲੇ ਨਾਲ ਸਬੰਧਤ ਹਰ ਪੱਖ ਦੀ ਜਾਂਚ ਕਰਕੇ 15 ਦਿਨਾਂ ਦੇ ਅੰਦਰ-ਅੰਦਰ ਆਪਣੀ ਰਿਪੋਰਟ ਸ਼ ?ਰੋਮਣੀ ਕਮੇਟੀ ਨੂੰ ਸੌਂਪੇਗੀ। ਉਨ੍ਹਾਂ ਕਿਹਾ ਕਿ ਸੰਗਤਾਂ ਵੱਲੋਂ ਉਠਾਏ ਜਾ ਰਹੇ ਹਰ ਸਵਾਲ ਦਾ ਜਵਾਬ ਕਮੇਟੀ ਦੀ ਰਿਪੋਰਟ ਆਉਣ ਮਗਰੋਂ ਤੱਥਾਂ ਸਮੇਤ ਦਿੱਤਾ ਜਾਵੇਗਾ।

**ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਸਪਸ਼ਟੀਕਰਨ**

ਐਡਵੋਕੇਟ ਧਾਮੀ ਨੇ ਕਿਹਾ ਕਿ ਔਰਤ ਵੱਲੋਂ ਲਗਾਏ ਗਏ ਇਲਜ਼ਾਮਾਂ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਅਨੁਸਾਰ ਮੁਅੱਤਲਸ਼ੁਦਾ ਵਧੀਕ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਨੂੰ ਸੇਵਾਵਾਂ ਤੋਂ ਫਾਰਗ ਕਰ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਐੱਫਆਈਆਰ ਵਿੱਚ ਨਾਮਜ਼ਦ ਅਮਰਜੀਤ ਸਿੰਘ ਚਾਵਲਾ ਵੱਲੋਂ ਵੀਡੀਓ ਰਾਹੀਂ ਸ਼ ?ਰੋਮਣੀ ਕਮੇਟੀ ਮੈਂਬਰ ਵਜੋਂ ਦਿੱਤੇ ਅਸਤੀਫ਼ੇ ਨੂੰ ਵੀ ਪ੍ਰਵਾਨ ਕਰ ਲਿਆ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਬੀਬੀ ਕਿੱਥੋਂ ਆਈ ਅਤੇ ਇਸ ਨੂੰ ਕੌਣ ਲੈ ਕੇ ਆਇਆ, ਇਸ ਸਬੰਧੀ ਉਨ੍ਹਾਂ ਨੂੰ ਕੋਈ ਵੀ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ, ÷ਇਹ ਬੀਬੀ ਮੈਨੂੰ ਇੱਕ-ਦੋ ਵਾਰ ਮਿਲੀ ਜ਼ਰੂਰ ਹੈ, ਪਰ ਉਸ ਵੱਲੋਂ ਕਿਸੇ ਤਰ੍ਹਾਂ ਦੀ ਅਨੈਤਿਕ ਹਰਕਤ ਹੋਣ ਬਾਰੇ ਮੇਰੇ ਨਾਲ ਕੋਈ ਗੱਲ ਨਹੀਂ ਕੀਤੀ ਗਈ। ਇਹ ਹੋ ਹੀ ਨਹੀਂ ਸਕਦਾ ਕਿ ਮੈਨੂੰ ਅਜਿਹੇ ਮਾਮਲੇ ਬਾਰੇ ਦੱਸਿਆ ਗਿਆ ਹੋਵੇ ਅਤੇ ਮੈਂ ਕਾਰਵਾਈ ਨਾ ਕਰਾਂ।÷

**ਪੁਲਿਸ ਨੇ ਹੁਣ ਤੱਕ ਕੀ ਕੀਤਾ ?**

ਔਰਤ ਦੇ ਇਲਜ਼ਾਮਾਂ ਦੇ ਆਧਾਰ 'ਤੇ ਆਨੰਦਪੁਰ ਸਾਹਿਬ ਪੁਲਿਸ ਨੇ 21 ਅਗਸਤ ਨੂੰ ਅਮਰਜੀਤ ਚਾਵਲਾ ਖ਼ ?ਲਾਫ਼ ਐੱਫਆਈਆਰ ਦਰਜ ਕੀਤੀ ਸੀ। ਐੱਫਆਈਆਰ ਦਰਜ ਹੋਣ ਤੋਂ ਲਗਭਗ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਹਾਲੇ ਗ੍ਰਿਫ਼ਤਾਰੀ ਨਹੀਂ ਹੋਈ ਹੈ। ਆਨੰਦਪੁਰ ਸਾਹਿਬ ਥਾਣੇ ਦੇ ਐੱਸਐੱਚਓ ਜਤਿਨ ਸ਼ਰਮਾ ਨੇ ਇਸ ਮਾਮਲੇ ਵਿੱਚ ਬੀਬੀਸੀ ਪੰਜਾਬੀ ਨਾਲ ਗੱਲ ਕਰਦਿਆਂ ਕਿਹਾ ਕਿ ਇਸ ਮਾਮਲੇ ਵਿੱਚ ਸਿਰਫ਼ ਐੱਸਐੱਸਪੀ ਰੂਪਨਗਰ ਹੀ ਗੱਲ ਕਰ ਰਹੇ ਹਨ, ਇਸ ਲਈ ਉਨ੍ਹਾਂ ਨਾਲ ਹੀ ਗੱਲ ਕੀਤੀ ਜਾਵੇ। ਐੱਸਐੱਸਪੀ ਰੂਪਨਗਰ ਨਾਲ ਸੰਪਰਕ ਕਰਨ ਲਈ ਅਸੀਂ ਉਨ੍ਹਾਂ ਦੇ ਦਫ਼ਤਰ ਅਤੇ ਰੀਡਰ ਨਾਲ ਲਗਾਤਾਰ ਫੋਨ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੇ ਦਫ਼ਤਰ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਆਮ ਆਦਮੀ ਪਾਰਟੀ ਦੇ ਆਗੂ ਬਲਤੇਜ ਪੰਨੂ ਨੇ ਬੁੱਧਵਾਰ ਨੂੰ ਪ੍ਰੈੱਸ ਕਾਨਫਰੰਸ ਕਰਦਿਆਂ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਛੇ ਮਹੀਨੇ ਲਗਾਤਾਰ ਇਲਜ਼ਾਮ ਲਗਾਉਣ ਵਾਲੀ ਔਰਤ ਦੀ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰਾ ਸਰਾਵਾਂ ਦੇ ਅੰਦਰ ਕਿਵੇਂ ਹੁੰਦਾ ਰਿਹਾ, ਇਸ ਦੇ ਬਾਰੇ ਜਾਣਕਾਰੀ ਸਪੱਸ਼ਟ ਕੀਤੀ ਜਾਵੇ। ਪੰਨੂ ਨੇ ਇਸ ਦੇ ਨਾਲ ਇਹ ਵੀ ਕਿਹਾ ਕਿ ਕੁਝ ਅਕਾਲੀ ਆਗੂਆਂ ਵੱਲੋਂ ਹੁਣ ਔਰਤ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ, ਜੋ ਕਿ ਮੰਦਭਾਗਾ ਹੈ। ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਤੋਂ ਵੀ ਇਸ ਮਾਮਲੇ ਵਿੱਚ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ। ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ,ਇਸ ਮਾਮਲੇ ਵਿੱਚ ਸਵਾਲ ਸਿਰਫ਼ ਅਮਰਜੀਤ ਸਿੰਘ ਚਾਵਲਾ 'ਤੇ ਨਹੀਂ, ਸਗੋਂ ਸਬੰਧਤ ਸੰਸਥਾਵਾਂ ਅਤੇ ਉਨ੍ਹਾਂ ਦੇ ਮੁਖੀਆਂ ਦੀ ਜਵਾਬਦੇਹੀ ਦਾ ਵੀ ਹੈ। ਸਰਾਂ ਵਿੱਚ ਰੱਖੀ ਗਈ ਇਸ ਔਰਤ ਨੂੰ ਤਖ਼ਤ ਸਾਹਿਬ ਵਿਖੇ ਰਿਹਾਇਸ਼ ਅਤੇ ਵੀਆਈਪੀ ਸਹੂਲਤਾਂ ਕਿਉਂ ਦਿੱਤੀਆਂ ਗਈਆਂ ਅਤੇ ਉਹ ਕਿਸ ਮਕਸਦ ਨਾਲ ਇੱਥੇ ਆਈ ਸੀ, ਇਹ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ, ਇਸ ਔਰਤ ਨੂੰ ਧਰਮ ਪ੍ਰਚਾਰ ਫੰਡ ਵਿੱਚੋਂ ਇੱਕ ਲੱਖ ਰੁਪਏ ਦਿੱਤੇ ਗਏ ਅਤੇ ਐੱਸਜੀਪੀਸੀ ਦੇ ਕੰਮਕਾਜ ਵਿੱਚ ਉਸ ਦੀ ਦਖ਼ਲਅੰਦਾਜ਼ੀ ਸੀ। ਐੱਸਜੀਪੀਸੀ ਪ੍ਰਧਾਨ ਨੂੰ ਇਸ ਬਾਰੇ ਜਵਾਬ ਦੇਣਾ ਚਾਹੀਦਾ ਹੈ। ਜੇ ਉਹ ਜਵਾਬ ਨਹੀਂ ਦੇ ਸਕਦੇ ਤਾਂ ਅਸਤੀਫ਼ਾ ਦੇਣ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ ਵੀ ਦੱਸਣਾ ਚਾਹੀਦਾ ਹੈ ਕਿ ਤਖ਼ਤ ਸਾਹਿਬ ਵਿਖੇ ਉਸ ਔਰਤ ਦੀ ਮੌਜੂਦਗੀ ਬਾਰੇ ਉਨ੍ਹਾਂ ਨੂੰ ਜਾਣਕਾਰੀ ਸੀ ਜਾਂ ਨਹੀਂ। ਜਥੇਦਾਰ ਸਾਬ ?ਹ 'ਤੇ ਵੀ ਇਹ ਸਵਾਲ ਉੱਠਦੇ ਹਨ।

**ਆਪ ਨੇ ਸ਼੍ਰੋਮਣੀ ਅਕਾਲੀ ਦਲ ਕੋਲੋਂ ਮੰਗਿਆ ਜਵਾਬ**

ਇਸ ਮਾਮਲੇ ਵਿੱਚ ਸ਼ ?ਰੋਮਣੀ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਂਦਿਆਂ ਆਮ ਆਦਮੀ ਪਾਰਟੀ ਦੇ ਬੁਲਾਰੇ ਬਲਤੇਜ ਪੰਨੂ ਨੇ ਕਿਹਾ, ਸ੍ਰੀ ਆਨੰਦਪੁਰ ਸਾਹਿਬ ਵਿੱਚ ਭਾਈ ਬਚਿੱਤਰ ਸਿੰਘ ਜੀ ਦੇ ਨਾਂ 'ਤੇ ਸਰਾਂ ਹੈ। ਉੱਥੇ ਪਿਛਲੇ ਕਈ ਮਹੀਨਿਆਂ ਤੋਂ ਰੱਖੀ ਗਈ ਇੱਕ ਔਰਤ ਨੇ ਐੱਫਆਈਆਰ ਦਰਜ ਕਰਵਾਈ ਹੈ। ਉਸ ਨੂੰ ਬਹਿਰੀਨ ਤੋਂ ਕੌਣ ਲੈ ਕੇ ਆਇਆ ? ਉਸ ਦੀ ਟਿਕਟ ਕਿਸ ਨੇ ਲਗਵਾਈ ? ਉਨ੍ਹਾਂ ਨੇ ਕਿਹਾ ਕਿ ਸਭ ਤੋਂ ਗੰਭੀਰ ਗੱਲ ਇਹ ਹੈ ਕਿ ਇੰਨੇ ਮਹੀਨਿਆਂ ਤੱਕ ਉਸ ਔਰਤ ਨੂੰ ਕਿਉਂ ਰੱਖਿਆ ਗਿਆ ? ਜਦੋਂ ਔਰਤ ਨੇ ਸ਼ਿਕਾਇਤ ਕੀਤੀ ਸੀ ਤਾਂ ਉਸ ਉੱਤੇ ਕੀ ਐਕਸ਼ਨ ਲਿਆ ਗਿਆ ? ਇਹ ਵੀ ਦੱਸਿਆ ਜਾਣਾ ਚਾਹੀਦਾ ਹੈ।



## ਔਰਤ ਦੇ ਇਲਜ਼ਾਮ ਕੀ ਹਨ ?

ਮਾਮਲੇ ਦੀ ਸ਼ਿਕਾਇਤਕਰਤਾ ਔਰਤ ਮੁਤਾਬਕ ਉਹ ਸੰਗਰੂਰ ਜ਼ਿਲ੍ਹੇ ਨਾਲ ਸੰਬੰਧਿਤ ਹਨ ਅਤੇ ਨਵੰਬਰ 2025 ਵਿੱਚ ਬਹਿਰੀਨ ਤੋਂ ਭਾਰਤ ਵਾਪਸ ਆਏ ਸਨ। ਉਨ੍ਹਾਂ ਮੁਤਾਬਕ ਉਨ੍ਹਾਂ ਨੂੰ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਵਿੱਚ ਵੱਖ-ਵੱਖ ਸਰਾਵਾਂ ਵਿੱਚ ਠਹਿਰਾਇਆ ਗਿਆ। ਐੱਫਆਈਆਰ ਮੁਤਾਬਕ ਔਰਤ ਵੱਲੋਂ ਇਲਜ਼ਾਮ ਲਗਾਇਆ ਗਿਆ ਹੈ ਕਿ ਫਰਵਰੀ ਤੋਂ ਅਗਸਤ 2026 ਦੇ ਵਿਚਕਾਰ ਅਮਰਜੀਤ ਚਾਵਲਾ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਅਤੇ ਫਿਰ ਆਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਵਿੱਚ ਸਰਾਵਾਂ ਵਿੱਚ ਕਈ ਵਾਰ ਉਸ ਨਾਲ ਬਲਾਤਕਾਰ ਕੀਤਾ। ਐੱਫਆਈਆਰ ਵਿੱਚ ਔਰਤ ਨੇ ਚਾਵਲਾ ਵੱਲੋਂ ਉਸਨੂੰ ਧਮਕੀਆਂ ਦੇਣ ਅਤੇ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣ ਦੀ ਗੱਲ ਵੀ ਕਹੀ ਗਈ ਹੈ। ਔਰਤ ਨੇ ਇਹ ਵੀ ਕਿਹਾ ਕਿ ਉਸ ਨੇ ਸ਼ ?ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਪੀਏ, ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸੁਖਬੀਰ ਸਿੰਘ ਬਾਦਲ ਦੇ ਪੀਏ ਨੂੰ ਵੀ ਇਸ ਮਾਮਲੇ ਬਾਰੇ ਦੱਸਿਆ ਸੀ ਅਤੇ ਸਬੂਤ ਦਿਖਾਏ ਸਨ, ਪਰ ਕੋਈ ਕਾਰਵਾਈ ਨਹੀਂ ਹੋਈ। ਐੱਫਆਈਆਰ ਵਿੱਚ ਸਿਰਫ਼ ਅਮਰਜੀਤ ਚਾਵਲਾ ਨੂੰ ਮੁੱਖ ਮੁਲਜ਼ਮ ਬਣਾਇਆ ਗਿਆ ਹੈ, ਪਰ ਔਰਤ ਨੇ ਅਕਾਲ ਤਖ਼ਤ ਦੇ ਵਾਧੂ ਹੈੱਡ ਗ੍ਰੰਥੀ ਮਲਕੀਤ ਸਿੰਘ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਡਰਾਈਵਰ ਮੋਹਨ ਸਿੰਘ 'ਤੇ ਅਸ਼ਲੀਲ ਸੁਨੇਹੇ ਭੇਜਣ ਦੇ ਇਲਜ਼ਾਮ ਵੀ ਲਗਾਏ ਹਨ। ਜਿਸ ਤੋਂ ਬਾਅਦ ਐੱਸਜੀਪੀਸੀ ਨੇ ਇਨ੍ਹਾਂ ਦੋਵਾਂ ਨੂੰ ਮੁਅੱਤਲ ਕਰ ਦਿੱਤਾ ਹੈ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 372

Website: www.preetnama.com Email preetnamausa@gmail.com

25 SEPT TO 01 OCT, 2026




Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 372
Website: www.preetnama.com Email preetnamausa@gmail.com
25 SEPT TO 01 OCT, 2026

# ‘ਹੁਣ ਭਾਰਤ ਸਰਕਾਰ ਹੀ ਸਾਡੇ ਪੁੱਤ ਨੂੰ ਬਚਾ ਸਕਦੀ’

## ਸਾਊਦੀ ਅਰਬ ’ਚ ਬਲਜਿੰਦਰ ਨੂੰ ਸੁਣਾਈ ਗਈ ਮੌਤ ਦੀ ਸਜ਼ਾ, ਪਰਿਵਾਰ ਨੇ ਲਾਈ ਗੁਹਾਰ



ਸਾਡੇ ਪੁੱਤ ਨੂੰ ਹੁਣ ਮੋਦੀ ਸਰਕਾਰ ਅਤੇ ਖ਼ੁਦ ਮੋਦੀ ਹੀ ਬਚਾ ਸਕਦੇ ਹਨ, ਬਾਕੀ ਸਾਰੇ ਰਾਹ ਬੰਦ ਹੋ ਚੁੱਕੇ ਹਨ। ਅਸੀਂ ਸਾਰੀਆਂ ਅਦਾਲਤਾਂ, ਇੱਥੋਂ ਤੱਕ ਕਿ ਸਾਊਦੀ ਅਰਬ ਦੀ ਸੁਪਰੀਮ ਕੋਰਟ ਤੱਕ ਕੋਸ਼ਿਸ਼ ਕਰ ਲਈ, ਪਰ ਉਸ ਦੀ ਸਜ਼ਾ ਬਰਕਰਾਰ ਹੈ। ਇਹ ਸ਼ਬਦ ਹਨ ਪਠਾਨਕੋਟ ਦੇ ਸੁਜਾਨਪੁਰ ਇਲਾਕੇ ਦੇ ਪਿੰਡ ਫਿਰੋਜ਼ਪੁਰ ਕਲਾਂ ਦੇ ਰਹਿਣ ਵਾਲੇ ਬਲਜਿੰਦਰ ਸਿੰਘ ਦੇ ਬਜ਼ੁਰਗ ਮਾਪਿਆਂ ਦੇ ਹਨ। ਬਲਜਿੰਦਰ ਸਿੰਘ ਨੂੰ ਸਾਊਦੀ ਅਰਬ ਵਿੱਚ ਨਸ਼ੀਲੇ ਪਦਾਰਥਾਂ ਦੀ ਕਥਿਤ ਬਰਾਮਦਗੀ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਹੁਣ ਉਨ੍ਹਾਂ ਦਾ ਪਰਿਵਾਰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮਦਦ ਦੀ ਅਪੀਲ ਕਰ ਰਿਹਾ ਹੈ। ਬਲਜਿੰਦਰ ਸਿੰਘ ਸਾਊਦੀ ਅਰਬ ਵਿੱਚ ਟਰੱਕ ਡਰਾਈਵਰ ਵਜੋਂ ਕੰਮ ਕਰਦੇ ਸਨ। ਪੰਜਾਬ ਵਿੱਚ ਬਲਜਿੰਦਰ ਸਿੰਘ ਦੇ ਘਰ ਅੱਜਕੱਲ੍ਹ ਦੌਰਾਨ ਰਿਸ਼ਤੇਦਾਰਾਂ, ਪੱਤਰਕਾਰਾਂ ਅਤੇ ਹੋਰ ਲੋਕਾਂ ਦਾ ਲਗਾਤਾਰ ਆਉਣਾ-ਜਾਉਣਾ ਹੈ। ਘਰ ਵਿੱਚ ਉਸ ਦੇ ਬਜ਼ੁਰਗ ਮਾਤਾ-ਪਿਤਾ, ਪਤਨੀ ਅਤੇ ਦੋ ਛੋਟੇ ਬੱਚੇ ਹਨ। ਪਰਿਵਾਰ ਦੇ ਚਿਹਰਿਆਂ ਤੋਂ ਚਿੰਤਾ ਅਤੇ ਬੇਬਸੀ ਸਾਫ਼ ਨਜ਼ਰ ਆਉਂਦੀ ਹੈ।

**ਪਰਿਵਾਰ ਦਾ ਕੀ ਕਹਿਣਾ ਹੈ**

ਬਲਜਿੰਦਰ ਦੇ ਪਿਤਾ ਜਸਵਿੰਦਰ ਸਿੰਘ ਦੱਸਦੇ ਹਨ ਕਿ ਉਨ੍ਹਾਂ ਦਾ ਪਰਿਵਾਰ ਪਹਿਲਾਂ ਆਮ ਤਰੀਕੇ ਨਾਲ ਖ਼ੁਸ਼ਹਾਲ ਜ਼ਿੰਦਗੀ ਜਿਉਂ ਰਿਹਾ ਸੀ। ਉਨ੍ਹਾਂ ਦੇ ਦੋ ਪੁੱਤਰ ਹਨ ਅਤੇ ਦੋਵੇਂ ਵਿਦੇਸ਼ ਵਿੱਚ ਕੰਮ ਕਰਦੇ ਹਨ। ਪਰਿਵਾਰ ਆਪਣੇ ਆਪ ਨੂੰ ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਦੱਸਦਾ ਹੈ। ਪਰ ਹੁਣ ਬਲਜਿੰਦਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਰੇ ਪਰਿਵਾਰ ਦੀ ਜ਼ਿੰਦਗੀ ਬਦਲ ਗਈ ਹੈ। ਜਸਵਿੰਦਰ ਸਿੰਘ ਦਾ ਕਹਿਣਾ ਹੈ, ਅਸੀਂ ਵੱਖ-ਵੱਖ ਅਦਾਲਤਾਂ ਵਿੱਚ ਮਾਮਲਾ ਲੜਨ ਦੀ ਕੋਸ਼ਿਸ਼ ਕੀਤੀ ਅਤੇ ਹੁਣ ਸੁਪਰੀਮ ਕੋਰਟ ਵੱਲੋਂ ਵੀ ਮੌਤ ਦੀ ਸਜ਼ਾ ਬਰਕਰਾਰ ਰੱਖੀ ਜਾ ਚੁੱਕੀ ਹੈ। ਇਸ ਤੋਂ ਬਾਅਦ ਪਰਿਵਾਰ ਦੀ ਉਮੀਦ ਹੁਣ ਭਾਰਤ ਸਰਕਾਰ ਵੱਲ ਹੈ। ਬਲਜਿੰਦਰ ਦੀ ਪਤਨੀ ਸੁਨੀਲ ਲਤਾ ਦੱਸਦੇ ਹਨ ਕਿ ਜਿਸ ਦਿਨ ਤੋਂ ਉਨ੍ਹਾਂ ਦੇ ਪਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਘਰ ਦੀ ਸਥਿਤੀ ਬਦਲ ਗਈ ਹੈ। ਹਾਲਾਂਕਿ ਹਫ਼ਤੇ ਵਿੱਚ ਇੱਕ-ਦੋ ਵਾਰ ਜੇਲ੍ਹ ਤੋਂ ਬਲਜਿੰਦਰ ਦਾ ਫੋਨ ਆ ਜਾਂਦਾ ਹੈ, ਪਰ ਪਰਿਵਾਰ ਹਰ ਰੋਜ਼ ਇਸ ਉਮੀਦ ਨਾਲ ਅਰਦਾਸ ਕਰਦਾ ਹੈ ਕਿ ਕੋਈ ਚੰਗੀ ਖ਼ਬਰ ਆਵੇਗੀ। ਸੁਨੀਲ ਲਤਾ ਮੁਤਾਬਕ, ÷ਅਸੀਂ ਪੰਜਾਬ ਵਿੱਚ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਕਈ ਆਗੂਆਂ ਨੂੰ ਮਿਲੇ ਹਾਂ। ਇਸ ਤੋਂ ਇਲਾਵਾ ਭਾਰਤ ਦੇ ਵਿਦੇਸ਼ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮਦਦ ਲਈ ਈਮੇਲ ਕੀਤੀ ਗਈ ਹੈ।÷

ਦੁਬਈ ਵਿੱਚ ਰਹਿੰਦੇ ਬਲਜਿੰਦਰ ਦੇ ਛੋਟੇ ਭਰਾ ਵੱਲੋਂ ਵੀ ਭਾਰਤ ਸਰਕਾਰ ਨੂੰ ਈਮੇਲ ਅਤੇ ਭਾਰਤੀ ਦੂਤਾਵਾਸ ਨੂੰ ਪੱਤਰ ਭੇਜ ਕੇ ਮਦਦ ਦੀ ਅਪੀਲ ਕੀਤੀ ਗਈ ਹੈ। ਪਰ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਾਲੇ ਤੱਕ ਕੋਈ ਜਵਾਬ ਨਹੀਂ ਮਿਲਿਆ। ਸੁਨੀਲ ਲਤਾ ਕਹਿੰਦੇ ਹਨ, ÷ਮੇਰੇ ਪਤੀ ਨੇ ਕਦੇ ਨਸ਼ਾ ਨਹੀਂ ਕੀਤਾ ਅਤੇ ਨਾ ਹੀ ਉਸ ਖ਼ ?ਲਾਫ਼ ਭਾਰਤ ਵਿੱਚ ਕੋਈ ਮਾਮਲਾ ਦਰਜ ਹੈ। ਬਲਜਿੰਦਰ ਅੰਮ੍ਰਿਤਧਾਰੀ ਗੁਰਸਿੱਖ ਹਨ ਅਤੇ ਉਹ ਸਿਰਫ਼ ਇੱਕ ਬਿਮਾਰ ਬਜ਼ੁਰਗ ਲਈ ਦਵਾਈ ਦਾ ਪੈਕੇਟ ਲੈ ਕੇ ਜਾ ਰਹੇ ਸਨ। ਸੁਨੀਲ ਲਤਾ ਦੱਸਦੇ ਹਨ ਕਿ ਉਨ੍ਹਾਂ ਦੀ 12 ਸਾਲ ਦੀ ਧੀ ਘੱਟ ਸਵਾਲ ਕਰਦੀ ਹੈ, ਪਰ ਛੋਟਾ ਪੁੱਤਰ ਵਾਰ-ਵਾਰ ਆਪਣੇ ਪਿਤਾ ਬਾਰੇ ਪੁੱਛਦਾ ਹੈ। ਉਹ ਕਹਿੰਦੇ ਹਨ ਕਿ ਬੱਚਿਆਂ ਦੇ ਕਈ ਸਵਾਲਾਂ ਦੇ ਜਵਾਬ ਉਨ੍ਹਾਂ ਕੋਲ ਨਹੀਂ ਹਨ। ਦੂਜੇ ਪਾਸੇ ਬਜ਼ੁਰਗ ਮਾਤਾ-ਪਿਤਾ ਵੀ ਇਸ ਸਦਮੇ ਕਾਰਨ ਬਿਮਾਰ ਰਹਿੰਦੇ ਹਨ। ਪਰਿਵਾਰ ਦੀ ਹੁਣ ਮੁੱਖ ਅਪੀਲ ਭਾਰਤ ਸਰਕਾਰ ਨੂੰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਊਦੀ ਅਰਬ ਵਿੱਚ ਬਲਜਿੰਦਰ ਸਿੰਘ ਦੀ ਮੌਤ ਦੀ ਸਜ਼ਾ ਬਰਕਰਾਰ ਰਹਿਣ ਤੋਂ ਬਾਅਦ ਆਖ਼ਰੀ ਉਮੀਦ ਕੇਂਦਰ ਸਰਕਾਰ ਤੋਂ ਹੈ। ਪਰਿਵਾਰ ਚਾਹੁੰਦਾ ਹੈ ਕਿ ਭਾਰਤ ਸਰਕਾਰ ਸਾਊਦੀ ਅਰਬ ਦੀ ਸਰਕਾਰ ਕੋਲ ਇਹ ਮਾਮਲਾ ਉਠਾਏ ਅਤੇ ਬਲਜਿੰਦਰ ਦੀ ਸਜ਼ਾ ਤੋਂ ਰਾਹਤ ਦਿਵਾਉਣ ਲਈ ਕੋਸ਼ਿਸ਼ ਕਰੇ।

### ਕੀ ਹੈ ਮਾਮਲਾ

ਪਰਿਵਾਰ ਮੁਤਾਬਕ ਬਲਜਿੰਦਰ ਸਿੰਘ ਸਾਲ 2024 ਤੋਂ ਸਾਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਹਨ। ਇਸ ਤੋਂ ਪਹਿਲਾਂ ਉਹ 2017 ਤੋਂ ਦੁਬਈ ਵਿੱਚ ਰੁਜ਼ਗਾਰ ਲਈ ਰਹਿ ਰਹੇ ਸੀ ਅਤੇ ਟਰੱਕ ਡਰਾਈਵਰ ਵਜੋਂ ਕੰਮ ਕਰਦੇ ਸੀ। ਪਰਿਵਾਰ ਦੱਸਦਾ ਹੈ ਕਿ 2023 ਵਿੱਚ ਛੁੱਟੀ ਕੱਟਣ ਤੋਂ ਬਾਅਦ ਉਹ ਮੁੜ ਵਿਦੇਸ਼ ਗਏ ਸੀ। ਪਰਿਵਾਰ ਮੁਤਾਬਕ 6 ਫਰਵਰੀ 2024 ਨੂੰ ਬਲਜਿੰਦਰ ਸਿੰਘ ਦੁਬਈ ਤੋਂ ਟਰੱਕ ਲੈ ਕੇ ਸਾਊਦੀ ਅਰਬ ਜਾ ਰਹੇ ਸੀ। ਸਾਊਦੀ ਅਰਬ ਦੀ ਸਰਹੱਦ ਤੋਂ ਪਹਿਲਾਂ ਜਿੱਥੇ ਉਹ ਕੁਝ ਸਮੇਂ ਲਈ ਰੁਕਿਆ, ਉੱਥੇ ਇੱਕ ਵਿਅਕਤੀ ਨੇ ਉਸ ਨੂੰ ਸਾਊਦੀ ਅਰਬ ਵਿੱਚ ਰਹਿੰਦੇ ਆਪਣੇ ਬਜ਼ੁਰਗ ਪਿਤਾ ਦੀ ਵੀਡੀਓ ਦਿਖਾਈ ਅਤੇ ਦਵਾਈ ਦਾ ਇੱਕ ਪੈਕੇਟ ਉੱਥੇ ਪਹੁੰਚਾਉਣ ਦੀ ਬੇਨਤੀ ਕੀਤੀ। ਪਰਿਵਾਰ ਦਾ ਕਹਿਣਾ ਹੈ ਕਿ ਬਲਜਿੰਦਰ ਨੇ ਬਿਮਾਰ ਬਜ਼ੁਰਗ ਤੱਕ ਦਵਾਈ ਪਹੁੰਚਾਉਣ ਲਈ ਪੈਕੇਟ ਲੈ ਲਿਆ। ਹਾਲਾਂਕਿ ਦੁਬਈ-ਸਾਊਦੀ ਸਰਹੱਦ ’ਤੇ ਟਰੱਕ ਦੀ ਤਲਾਸ਼ੀ ਦੌਰਾਨ ਉਸ ਪੈਕੇਟ ਵਿੱਚੋਂ ਕਥਿਤ ਤੌਰ ’ਤੇ ਨਸ਼ੀਲੇ ਪਦਾਰਥ ਬਰਾਮਦ ਹੋਏ, ਜਿਸ ਤੋਂ ਬਾਅਦ ਬਲਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰਿਵਾਰ ਮੁਤਾਬਕ ਇਸ ਮਾਮਲੇ ਵਿੱਚ ਉਹ ਵਿਅਕਤੀ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਸਾਊਦੀ ਅਰਬ ਵਿੱਚ ਪੈਕੇਟ ਲੈਣ ਆਉਣਾ ਸੀ। ਪਰਿਵਾਰ ਦਾ ਕਹਿਣਾ ਹੈ ਕਿ ਮਾਮਲੇ ਦੀ ਸੁਣਵਾਈ ਦੌਰਾਨ ਉਸ ਨੂੰ ਵੀ ਮੌਤ ਦੀ ਸਜ਼ਾ ਸੁਣਾਈ ਗਈ।

**ਵਕੀਲ ਨੇ ਕੀ ਦੱਸਿਆ ?**

ਬਲਜਿੰਦਰ ਸਿੰਘ ਦੀ ਸਜ਼ਾ ਖ਼ ?ਲਾਫ਼ ਸਾਊਦੀ ਅਰਬ ਦੀ ਸੁਪਰੀਮ ਕੋਰਟ ਵਿੱਚ ਕੈਸੇਸ਼ਨ ਪਟੀਸ਼ਨ ਦਾਇਰ ਕਰਨ ਵਾਲੇ ਵਕੀਲ ਅਕਬ-ਅਲ-ਮੁਤੈਰੀ ਨੇ ਈਮੇਲ ਰਾਹੀਂ ਮਾਮਲੇ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਉਨ੍ਹਾਂ ਦੀ ਭੂਮਿਕਾ ਸਿਰਫ਼ ਸੁਪਰੀਮ ਕੋਰਟ ਦੇ ਸਾਹਮਣੇ ਕੈਸੇਸ਼ਨ ਦੀ ਕਾਰਵਾਈ ਤੱਕ ਸੀਮਤ ਸੀ, ਜੋ ਮੁਕੱਦਮੇਬਾਜ਼ੀ ਦਾ ਆਖ਼ਰੀ ਪੜਾਅ ਸੀ। ਉਨ੍ਹਾਂ ਮੁਤਾਬਕ ਟ ?ਰਾਇਲ ਕੋਰਟ ਜਾਂ ਅਪੀਲ ਕੋਰਟ ਵਿੱਚ ਬਲਜਿੰਦਰ ਸਿੰਘ ਦੀ ਨੁਮਾਇੰਦਗੀ ਉਨ੍ਹਾਂ ਨੇ ਨਹੀਂ ਕੀਤੀ ਸੀ। ਉਨ੍ਹਾਂ ਕੋਲ ਮੌਜੂਦ ਜਾਣਕਾਰੀ ਮੁਤਾਬਕ ਇਨ੍ਹਾਂ ਦੋਵਾਂ ਪੜਾਵਾਂ ਦੌਰਾਨ ਬਲਜਿੰਦਰ ਦੀ ਪੈਰਵੀ ਲਈ ਕੋਈ ਵਕੀਲ ਮੌਜੂਦ ਨਹੀਂ ਸੀ। ਵਕੀਲ ਨੇ ਅੱਗੇ ਦੱਸਿਆ ਕਿ ਸੁਪਰੀਮ ਕੋਰਟ ਦੇ ਪੜਾਅ ’ਤੇ ਉਨ੍ਹਾਂ ਨੇ ਬਲਜਿੰਦਰ ਸਿੰਘ ਦੀ ਸਜ਼ਾ ਨੂੰ ਚੁਣੌਤੀ ਦਿੰਦਿਆਂ ਕੈਸੇਸ਼ਨ ਪਟੀਸ਼ਨ ਦਾਇਰ ਕੀਤੀ ਅਤੇ ਉਸ ਦੇ ਪੱਖ ਵਿੱਚ ਸਾਰੇ ਕਾਨੂੰਨੀ ਆਧਾਰ ਅਤੇ ਦਲੀਲਾਂ ਪੇਸ਼ ਕੀਤੀਆਂ। ਹਾਲਾਂਕਿ, ਉਨ੍ਹਾਂ ਮੁਤਾਬਕ ਸਾਊਦੀ ਅਰਬ ਦੀ ਸੁਪਰੀਮ ਕੋਰਟ ਨੇ ਤਾਜ਼ੀਰ ਤਹਿਤ ਦਿੱਤੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਅਤੇ ਇਸ ਨਾਲ ਕੈਸੇਸ਼ਨ ਦੀ ਕਾਰਵਾਈ ਖ਼ਤਮ ਹੋ ਗਈ। ਹੁਣ ਬਲਜਿੰਦਰ ਸਿੰਘ ਦਾ ਪਰਿਵਾਰ ਭਾਰਤ ਸਰਕਾਰ ਤੋਂ ਦਖ਼ਲ ਦੀ ਮੰਗ ਕਰ ਰਿਹਾ ਹੈ। ਪਰਿਵਾਰ ਦੀ ਅਪੀਲ ਹੈ ਕਿ ਕੇਂਦਰ ਸਰਕਾਰ ਸਾਊਦੀ ਅਰਬ ਦੇ ਅਧਿਕਾਰੀਆਂ ਕੋਲ ਮਾਮਲਾ ਉਠਾ ਕੇ ਬਲਜਿੰਦਰ ਦੀ ਮੌਤ ਦੀ ਸਜ਼ਾ ਤੋਂ ਰਾਹਤ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇ।





# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 372 | Website: www.preetnama.com Email preetnamausa@gmail.com | 25 SEPT TO 01 OCT, 2026


# ਪੰਜਾਬ ਦੀ ਰਾਜਨੀਤੀ 'ਚ 'ਨਸ਼ਾ' ਫਿਰ ਤੋਂ ਕੇਂਦਰ ਬਿੰਦੂ

## 'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ' ਮੁਹਿੰਮ ਦੇ ਕੀ ਹਨ ਸਿਆਸੀ ਮਾਅਨੇ





### ਪੰਜਾਬ ਦੇ ਕਿਹੜੇ ਜ਼ਿਲ੍ਹਿਆਂ ਨੂੰ 'ਨਸ਼ੇ ਦੇ ਹੌਟ ਸਪਾਟ' ਕਿਹਾ ਗਿਆ

ਵੈਸੇ ਤਾਂ ਨਸ਼ੇ ਦੀਆਂ ਘਟਨਾਵਾਂ ਪੰਜਾਬ ਦੇ ਸਾਰਿਆਂ ਜਿਲਿਆਂ ਵਿੱਚੋਂ ਸਮੇਂ-ਸਮੇਂ ਉੱਤੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਪਰ ਕੇਂਦਰ ਸਰਕਾਰ ਦੇ ਅਦਾਰੇ ਐੱਨਸੀਬੀ ਮੁਤਾਬਕ ਦੇਸ਼ ਦੇ 272 ਜ਼ਿਲ੍ਹੇ ਨਸ਼ੇ ਦੇ ਹੌਟ ਸਪਾਟ ਵਜੋਂ ਜਾਣੇ ਜਾਂਦੇ ਹਨ ਅਤੇ ਇਸ ਵਿੱਚੋਂ ਪੰਜਾਬ ਦੇ ਸੱਤ ਜ਼ਿਲ੍ਹੇ ਹਨ ਜਿਸ ਵਿੱਚ ਪਠਾਨਕੋਟ ਅਤੇ ਲੁਧਿਆਣਾ ਪ੍ਰਮੁੱਖ ਹਨ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਅਗਵਾਈ ਵਿੱਚ ਇਸ ਸਾਲ ਜੂਨ ਮਹੀਨੇ ਵਿੱਚ ਨਾਰਕੋ-ਕੋਆਰਡੀਨੇਸ਼ਨ ਸੈਂਟਰ (NCORD) ਦੀ 10ਵੀਂ ਉੱਚ-ਪੱਧਰੀ ਬੈਠਕ ਵਿੱਚ ÷ਨਸ਼ੀਲੇ ਪਦਾਰਥਾਂ ਦੇ ਕੰਟਰੋਲ 'ਤੇ ਵਿਜ਼ਨ ਡਾਕੂਮੈਂਟ (2026-2029) ਅਤੇ ਐੱਨਸੀਬੀ ਦੀ ਸਾਲਾਨਾ ਰਿਪੋਰਟ -2025 ਜਾਰੀ ਕੀਤੀ ਗਈ ਸੀ। ਜਿਸ ਵਿੱਚ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਆਨਲਾਈਨ ਡਰੱਗਜ਼ ਡਿਸਪੋਜ਼ਲ ਫੋਰਟਨਾਈਟ ਕੈਂਪੇਨ' ਦੀ ਸ਼ੁਰੂਆਤ ਵੀ ਕੀਤੀ ਜਿਸ ਵਿੱਚ 6,000 ਕਰੋੜ ਰੁਪਏ ਤੋਂ ਵੱਧ ਕੀਮਤ ਦੇ 2,09,500 ਕਿਲੋਗ੍ਰਾਮ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦਾ ਟੀਚਾ ਰੱਖਿਆ ਗਿਆ ਹੈ। 16 ਸਤੰਬਰ ਨੂੰ ਚੰਡੀਗੜ੍ਹ ਵਿੱਚ ਐੱਨਸੀਬੀ ਦੇ ਜ਼ੋਨਲ ਡਾਇਰੈਕਟਰ ਅਮਨਜੀਤ ਸਿੰਘ ਨੇ ਦੱਸਿਆ ਸੀ ਕਿ ਭਾਰਤ ਸਰਕਾਰ ਵੱਲੋਂ 2029 ਤੱਕ ਨਸ਼ੇ ਦੇ ਖ਼ਾਤਮੇ ਲਈ ਰੋਡ ਮੈਪ ਤਿਆਰ ਕੀਤਾ ਗਿਆ ਹੈ ਜਿਸ ਉੱਤੇ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ।

ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਪੰਜਾਬ ਵਿੱਚ ਨਸ਼ਾ ਵਿਰੋਧੀ ਯਾਤਰਾ ਦਾ ਆਗਾਜ਼ ਸ਼ੁੱਕਰਵਾਰ ਨੂੰ ਪਠਾਨਕੋਟ ਤੋਂ ਕਰ ਦਿੱਤਾ ਹੈ। ਨਸ਼ਾ ਵਿਰੋਧੀ ਯਾਤਰਾ ਮੁਹਿੰਮ ਤਹਿਤ ਭਾਜਪਾ ਅਗਲੇ 13 ਦਿਨਾਂ ਵਿੱਚ ਸੂਬੇ ਵਿੱਚ ਵੱਖ-ਵੱਖ ਥਾਵਾਂ ਤੋਂ ਚਾਰ ਯਾਤਰਾਵਾਂ ਕੱਢ ਰਹੀ ਹੈ, ਜੋ ਹਰ ਵਿਧਾਨ ਸਭਾ ਇਲਾਕੇ ਵਿੱਚ ਜਾਣਗੀਆਂ। ਸਾਰੀਆਂ ਯਾਤਰਾਵਾਂ 30 ਸਤੰਬਰ ਨੂੰ ਜਲੰਧਰ ਵਿੱਚ ਇਕੱਠੀਆਂ ਹੋਣਗੀਆਂ, ਜਿੱਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸਮਾਪਤੀ ਰੈਲੀ ਨੂੰ ਸੰਬੋਧਨ ਕੀਤਾ ਜਾਵੇਗਾ। ਇੱਕ ਪਾਸੇ ਜਿੱਥੇ ਭਾਜਪਾ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਦੀ ਗੱਲ ਕਰ ਰਹੀ ਹੈ, ਉੱਥੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਇਸ ਮੁੱਦੇ ਉੱਤੇ ਉਲਟਾ ਭਾਜਪਾ ਨੂੰ ਸਵਾਲ ਕਰ ਰਹੀਆਂ ਹਨ, ਉਧਰ ਸਿਆਸੀ ਮਾਮਲਿਆਂ ਦੇ ਜਾਣਕਾਰ ਇਸ ਮੁਹਿੰਮ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ। ਨਸ਼ਾ ਪੰਜਾਬ ਦਾ ਇੱਕ ਵੱਡਾ ਸਿਆਸੀ ਅਤੇ ਸਮਾਜਿਕ ਮੁੱਦਾ ਹੈ ਅਤੇ ਪਿਛਲੀਆਂ ਤਿੰਨ ਵਿਧਾਨ ਸਭਾ ਚੋਣਾਂ ਦੌਰਾਨ ਇਹ ਅਹਿਮ ਮੁੱਦਾ ਰਿਹਾ ਹੈ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਨਸ਼ਾ ਖ਼ਤਮ ਕਰਨ ਦਾ ਦਾਅਵਾ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੀਤਾ ਸੀ ਪਰ ਸਰਕਾਰ ਅਜੇ ਤੱਕ ਨਸ਼ੇ ਨੂੰ ਜੜ ਤੋਂ ਖ਼ਤਮ ਕਰਨ ਵਿੱਚ ਅਸਫਲ ਰਹੀ ਹੈ। ਵੈਸੇ ਸਰਕਾਰ ਨੇ ਯੁੱਧ ਨਸ਼ਿਆਂ ਵਿਰੋਧ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਜਿਸ ਤਹਿਤ ਨਸ਼ੇ ਦੀ ਸਮਗਲਿੰਗ, ਨਸ਼ੇ ਦੀ ਬਰਾਮਦਗੀ ਅਤੇ ਨਸ਼ਾ ਪੀੜਤਾਂ ਦਾ ਪੁਨਰਵਾਸ ਕੀਤਾ ਜਾ ਰਿਹਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਮੁਤਾਬਕ 'ਯੁੱਧ ਨਸ਼ਿਆਂ ਵਿਰੁੱਧ' ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਪੰਜਾਬ ਪੁਲਿਸ ਵੱਲੋਂ 60,582 ਮਾਮਲੇ ਦਰਜ ਕੀਤੇ ਗਏ ਹਨ, 708 ਵੱਡੇ ਤਸਕਰਾਂ ਸਣੇ 79,784 ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਗਏ ਹਨ।

**ਕੀ ਹੈ 'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ' ਮੁਹਿੰਮ**

ਪੰਜਾਬ ਭਾਜਪਾ ਵੱਲੋਂ ਨਸ਼ਾ ਵਿਰੋਧੀ ਮੁਹਿੰਮ ਤਹਿਤ ਪਠਾਨਕੋਟ, ਫ਼ਤਿਹਗੜ੍ਹ ਸਾਹਿਬ, ਫ਼ਾਜ਼ਿਲਕਾ ਅਤੇ ਤਲਵੰਡੀ ਸਾਬੋ ਤੋਂ ਚਾਰ ਯਾਤਰਾਵਾਂ ਕੱਢੀਆਂ ਜਾ ਰਹੀਆਂ ਹਨ ਜਿਸ ਵਿੱਚ ਕਰੀਬ 4,000 ਕਿਲੋਮੀਟਰ ਦੀ ਦੂਰੀ ਅਤੇ ਸਾਰੀਆਂ 117 ਵਿਧਾਨ ਸਭਾ ਸੀਟਾਂ ਨੂੰ ਕਵਰ ਕੀਤਾ ਜਾਵੇਗਾ। 'ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ,' ਨਾਅਰੇ ਤਹਿਤ ਕੱਢੀ ਜਾਣ ਵਾਲੀ ਪਹਿਲੀ ਯਾਤਰਾ ਵੀਰਵਾਰ ਨੂੰ ਪਠਾਨਕੋਟ ਤੋਂ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ, ਜਿਸ ਵਿੱਚ ਪੰਜਾਬ ਭਾਜਪਾ ਦੀ ਪੂਰੀ ਲੀਡਰਸ਼ਿਪ ਦਿਖਾਈ ਦਿੱਤੀ। ਇਸ ਦੌਰਾਨ ਨਿਤਿਨ ਨਬੀਨ ਨੇ ਆਖਿਆ ਨਸ਼ਾ ਵੱਡੀ ਸਮੱਸਿਆ ਹੈ ਅਤੇ ਇਸ ਤਹਿਤ ਚਾਰ ਸੂਤਰੀ ਪ੍ਰੋਗਰਾਮ ਤਹਿਤ ਕੰਮ ਕੀਤਾ ਜਾਵੇਗਾ, ਜਿਸ ਤਹਿਤ ਪਹਿਲਾਂ ਨਸ਼ੇ ਦੀ ਸਪਲਾਈ ਚੇਨ ਨੂੰ ਤੋੜਨਾ ਹੈ, ਦੂਜਾ ਨਸ਼ੇ ਦੇ ਸਮਗਲਰਾਂ ਨੂੰ ਗ੍ਰਿਫਤਾਰ ਕਰਨਾ ਹੈ, ਤੀਜਾ ਨਸ਼ੇ ਤੋਂ ਕਮਾਈ ਜਾਇਦਾਦ ਨੂੰ ਖ਼ਤਮ ਕਰਨਾ ਹੈ ਅਤੇ ਚੌਥਾ ਨਸ਼ੇ ਦੇ ਪੀੜਤਾਂ ਦੇ ਪੁਨਰਵਾਸ ਲਈ ਯਤਨ ਕੀਤੇ ਜਾਣਗੇ। ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇਸ਼ ਵਿਚੋਂ ਨਕਸਲਵਾਦ ਨੂੰ ਖ਼ਤਮ ਕਰਨ ਦੀ ਤਰਜ਼ ਉੱਤੇ ਪੰਜਾਬ ਵਿੱਚੋਂ ਵੀ ਸਰਕਾਰ ਬਣਨ ਦੇ ਦੋ ਸਾਲ ਦੇ ਅੰਦਰ ਨਸ਼ੇ ਦੀ ਜੜ ਵੱਢਣ ਦਾ ਵਾਅਦਾ ਸੂਬੇ ਦੇ ਲੋਕਾਂ ਨਾਲ ਕਰ ਰਹੀ ਹੈ ਅਤੇ ਇਸ ਗੱਲ ਨੂੰ ਭਾਜਪਾ ਦੇ ਕੌਮੀ ਪ੍ਰਧਾਨ ਨੇ ਸ਼ੁੱਕਰਵਾਰ ਨੂੰ ਮੰਚ ਉੱਤੇ ਦੁਹਰਾਇਆ ਵੀ। ਪੰਜਾਬ ਭਾਜਪਾ ਦੇ ਜਨਰਲ ਸਕੱਤਰ ਰਾਜੇਸ਼ ਕੁਮਾਰ ਬਾਘਾ ਨੂੰ ਨਸ਼ਾ ਮੁਕਤ ਪੰਜਾਬ ਯਾਤਰਾ ਦਾ ਇੰਚਾਰਜ ਲਗਾਇਆ ਗਿਆ ਹੈ। ਇਸ ਤੋਂ ਇਲਾਵਾ 19 ਸਤੰਬਰ ਨੂੰ ਦਿੱਲੀ ਦੀ ਮੁੱਖ ਮੰਤਰ ਰੇਖਾ ਗੁਪਤਾ ਫ਼ਤਿਹਗੜ੍ਹ ਸਾਹਿਬ ਤੋਂ ਦੂਜੀ, ਕੇਂਦਰੀ ਕਾਨੂੰਨ ਮੰਤਰੀ ਅਰਜੁਨ ਮੇਘਵਾਲ 20 ਸਤੰਬਰ ਨੂੰ ਫ਼ਾਜ਼ਿਲਕਾ ਤੋਂ ਤੀਜੀ, ਅਤੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ 21 ਸਤੰਬਰ ਨੂੰ ਤਲਵੰਡੀ ਸਾਬੋ, ਬਠਿੰਡਾ ਤੋਂ ਚੌਥੀ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ। ਪੰਜਾਬ ਭਾਜਪਾ ਦੇ ਇੰਚਾਰਜ ਵਿਨੀਤ ਜੋਸ਼ੀ ਨੇ ਬੀਬੀਸੀ ਪੰਜਾਬੀ ਨਾਲ ਗੱਲ ਕਰਦਿਆਂ ਆਖਿਆ ÷ਇੱਕ ਸਮੇਂ ਵਿੱਚ 100 ਤੋਂ ਵੱਧ ਵਾਹਨਾਂ ਦੇ ਨਾਲ ਚੱਲਣ ਵਾਲੀ ਯਾਤਰਾ ਹਰ ਵਿਧਾਨ ਸਭਾ ਹਲਕੇ ਵਿੱਚ ਜਾਵੇਗੀ। ਜਿਸ ਵਿੱਚ ਪ੍ਰਮੁੱਖ ਆਗੂ ਮੁੱਖ ਵਾਹਨ ਵਿੱਚ ਹੋਣਗੇ ਅਤੇ ਸਥਾਨਕ ਜ਼ਿਲ੍ਹੇ ਦੀਆਂ ਗੱਡੀਆਂ ਪਿੱਛੇ ਚੱਲਣਗੀਆਂ। ਅਗਲੇ ਜ਼ਿਲ੍ਹੇ ਦੀ ਸਰਹੱਦ 'ਤੇ, ਉਸ ਜ਼ਿਲ੍ਹੇ ਦੀਆਂ ਗੱਡੀਆਂ ਪਿਛਲੀਆਂ ਗੱਡੀਆਂ ਦੀ ਜਗ ?ਹਾ ਲੈ ਲੈਣਗੀਆਂ ਤਾਂ ਕਿ ਹਰ ਜ਼ਿਲ੍ਹੇ ਦੀ ਸਥਾਨਕ ਲੀਡਰਸ਼ਿਪ ਆਪਣੇ ਖੇਤਰ ਵਿੱਚ ਦਿਖਾਈ ਦੇਵੇ। ਉਨ੍ਹਾਂ ਮੁਤਾਬਕ ਯਾਤਰਾ ਦੇ ਪ੍ਰਮੁੱਖ ਵਹੀਕਲ ਨੂੰ ਰੱਥ ਦਾ ਰੂਪ ਦਿੱਤਾ ਗਿਆ ਹੈ ਅਤੇ ਇਸ ਦਾ ਡਿਜ਼ਾਈਨ ਉਸ ਵਾਹਨ ਵਰਗਾ ਹੈ, ਜੋ ਭਾਜਪਾ ਨੇ ਇਸੇ ਸਾਲ ਮਾਰਚ ਮਹੀਨੇ ਵਿੱਚ ਪੱਛਮੀ ਬੰਗਾਲ ਵਿੱਚ ਆਪਣੀ ਪਰਿਵਰਤਨ ਯਾਤਰਾ ਦੌਰਾਨ ਵਰਤਿਆ ਸੀ।

**ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਭਾਜਪਾ ਨੂੰ ਸਵਾਲ**

ਪੰਜਾਬ ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਨੂੰ ਆਮ ਆਦਮੀ ਪਾਰਟੀ ਨੇ ਸਿਆਸੀ ਨੌਟੰਕੀ ਕਰਾਰ ਦਿੱਤਾ ਹੈ। ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਮੁਤਾਬਕ 2007 ਤੋਂ 2017 ਤੱਕ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਦੌਰਾਨ ਹੀ ਪੰਜਾਬ ਵਿੱਚ 'ਚਿੱਟੇ' (ਸਿੰਥੈਟਿਕ ਨਸ਼ੇ) ਦਾ ਸਭ ਤੋਂ ਵੱਧ ਪ੍ਰਸਾਰ ਹੋਇਆ ਸੀ। ਉਸ ਸਮੇਂ ਭਾਜਪਾ ਨੇ ਅਜਿਹੀ ਕੋਈ ਯਾਤਰਾ ਕਿਉਂ ਨਹੀਂ ਕੱਢੀ? ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ ਪੰਜਾਬ ਸਰਕਾਰ ਨਸ਼ੇ ਨੂੰ ਰੋਕਣ ਲਈ ਯਤਨ ਕਰ ਰਹੀ ਹੈ ਪਰ ਭਾਜਪਾ ਇਸ ਮੁੱਦੇ ਉੱਤੇ ਸਿਆਸਤ ਕਰਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਆਖਿਆ ਭਾਜਪਾ ਆਪਣੇ ਸ਼ਾਸਨ ਵਾਲੇ ਰਾਜਾਂ ਵਿੱਚ ਨਸ਼ਿਆਂ ਦੇ ਮੁੱਦੇ 'ਤੇ ਚੁੱਪ ਹੈ ਅਤੇ ਸਿਰਫ਼ ਪੰਜਾਬ ਨੂੰ ਬਦਨਾਮ ਕਰਨ ਅਤੇ 2027 ਦੀਆਂ ਚੋਣਾਂ ਦੇ ਮੱਦੇਨਜ਼ਰ ਰਾਜਨੀਤੀ ਕਰਨ ਲਈ ਇਹ ਮੁਹਿੰਮ ਚਲਾ ਰਹੀ ਹੈ। ਦੂਜੇ ਪਾਸੇ ਪੰਜਾਬ ਕਾਂਗਰਸ ਨੇ ਵੀ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਸਰਕਾਰ 'ਤੇ ਖ਼ਾਸ ਤੌਰ 'ਤੇ ਪੰਜਾਬ ਦੀਆਂ ਸਰਹੱਦਾਂ ਰਾਹੀਂ ਭਾਰਤ ਵਿੱਚ ਵੱਡੀ ਮਾਤਰਾ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਲੈ ਕੇ ਸਵਾਲ ਖੜੇ ਕੀਤੇ। ਪੰਜਾਬ ਵਿੱਚ ਨਸ਼ਿਆਂ ਖ਼ ?ਲਾਫ਼ ਭਾਜਪਾ ਵੱਲੋਂ ਕੱਢੀ ਜਾ ਰਹੀ 'ਯਾਤਰਾ' 'ਤੇ ਪ੍ਰਤੀਕਰਮ ਦਿੰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਨੇ ਕਿਹਾ ਕਿ ਇਹ ਸੱਚ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨਸ਼ਿਆਂ ਨੂੰ ਰੋਕਣ ਵਿੱਚ ਨਾ ਸਿਰਫ਼ ਅਸਫਲ ਰਹੀ ਹੈ, ਸਗੋਂ ਨਸ਼ਿਆਂ ਦੀ ਸਮੱਸਿਆ ਨੂੰ ਹੋਰ ਵਧਾ ਦਿੱਤਾ ਹੈ। ਪਰ ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੀ ਇਸ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਉਨ੍ਹਾਂ ਇਸ਼ਾਰਾ ਕੀਤਾ ਕਿ ਲਗਭਗ ਸਾਰਾ ਨਸ਼ਾ ਵਿਦੇਸ਼ਾਂ ਤੋਂ ਪਾਕਿਸਤਾਨ ਦੇ ਰਸਤੇ ਪੰਜਾਬ ਵਿੱਚ ਤਸਕਰੀ ਕਰ ਕੇ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਸਵਾਲ ਕੀਤਾ ਕਿ ਬੀ.ਐੱਸ.ਐੱਫ. ਸੂਬੇ ਵਿੱਚ ਨਸ਼ਿਆਂ ਦੇ ਇਸ ਦਾਖ਼ਲੇ ਨੂੰ ਰੋਕਣ ਅਤੇ ਕੰਟਰੋਲ ਕਰਨ ਵਿੱਚ ਅਸਫਲ ਕਿਉਂ ਰਹੀ ਹੈ? ਉਨ੍ਹਾਂ ਕਿਹਾ ਕਿ ਭਾਜਪਾ ਨੂੰ ਪੰਜਾਬ ਦੇ ਲੋਕਾਂ ਨੂੰ ਜਵਾਬ ਅਤੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ।

**ਜਾਣਕਾਰਾਂ ਦੀ ਰਾਇ 'ਚ ਭਾਜਪਾ ਦੀ ਯਾਤਰਾ ਦਾ ਕੀ ਹੈ ਮਕਸਦ**

ਰਾਜਨੀਤਿਕ ਮਾਮਲਿਆਂ ਦੇ ਮਾਹਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਕੁਲਦੀਪ ਸਿੰਘ ਮੁਤਾਬਕ ਪੰਜਾਬ ਵਿੱਚ ਇਸ ਸਮੇਂ ਨਸ਼ਾ ਅਤੇ ਅਪਰਾਧ ਵੱਡੇ ਮੁੱਦੇ ਹਨ ਅਤੇ ਭਾਜਪਾ ਇਸ ਯਾਤਰਾ ਰਾਹੀਂ ਕਈ ਪੱਖਾਂ ਨੂੰ ਉਭਾਰਨਾ ਚਾਹੁੰਦੀ ਹੈ, ਜਿਸ ਵਿੱਚ ਰਾਜਨੀਤਿਕ ਅਤੇ ਭਾਵਨਾਤਮਕ ਪਹਿਲੂ ਸ਼ਾਮਲ ਹਨ। ਸਾਬਕਾ ਪ੍ਰੋਫੈਸਰ ਕੁਲਦੀਪ ਸਿੰਘ ਨੇ ਆਖਿਆ ÷ਮੌਜੂਦਾ ਸਰਕਾਰ ਯਤਨਾਂ ਦੇ ਬਾਵਜੂਦ ਨਸ਼ੇ ਉੱਤੇ ਕਾਬੂ ਪਾਉਣ ਵਿੱਚ ਅਸਫਲ ਰਹੀ ਹੈ। ਉਨ੍ਹਾਂ ਦੱਸਿਆ ਭਾਵੇਂ ਆਮ ਆਦਮੀ ਪਾਰਟੀ ਦੀ ਸਰਕਾਰ ਦਲੀਲ ਦੇ ਰਹੀ ਹੈ ਕਿ ਭਾਜਪਾ ਦੇ ਰਾਜ ਵਾਲੇ ਸੂਬਿਆਂ ਤੋਂ ਪੰਜਾਬ ਵਿੱਚ ਨਸ਼ਾ ਆਉਂਦਾ ਹੈ, ਪਰ ਨਸ਼ੇ ਉੱਤੇ ਭਗਵੰਤ ਮਾਨ ਸਰਕਾਰ ਕਾਬੂ ਪਾਉਣ ਵਿੱਚ ਅਸਫਲ ਕਿਉਂ ਹੋਈ, ਇਸ ਬਾਰੇ ਗੱਲ ਹੀ ਨਹੀਂ ਕੀਤੀ ਜਾ ਰਹੀ। ਇਸ ਤੋਂ ਇਲਾਵਾ ਭਾਜਪਾ ਇਸ ਯਾਤਰਾ ਰਾਹੀਂ ਆਪਣਾ ਸੰਗਠਨ ਵੀ ਮਜ਼ਬੂਤ ਕਰਨਾ ਚਾਹੁੰਦੀ ਹੈ, ਕਿਉਂਕਿ ਪੰਜਾਬ ਦੀਆਂ 117 ਸੀਟਾਂ 'ਤੇ ਉਹ ਇਕੱਲੇ ਚੋਣ ਲੜਨ ਦੀ ਤਿਆਰੀ ਕਰ ਰਹੀ ਹੈ। ਪ੍ਰੋਫੈਸਰ ਕੁਲਦੀਪ ਸਿੰਘ ਆਖਦੇ ਹਨ ਕਿ ÷ਇਹ ਯਾਤਰਾ ਸਾਰੇ ਵਿਧਾਨ ਸਭਾ ਹਲਕਿਆਂ ਵਿੱਚੋਂ ਦੀ ਲੰਘੇਗੀ, ਜਿਸ ਨਾਲ ਪਾਰਟੀ ਨੂੰ ਪਿੰਡ-ਪਿੰਡ ਤੱਕ ਆਪਣੇ ਵਰਕਰਾਂ ਨੂੰ ਸਰਗਰਮ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਮੁਤਾਬਕ ਨਸ਼ੇ ਕਾਰਨ ਮੌਤਾਂ ਵੀ ਹੋਈਆਂ ਹਨ ਇਸ ਕਰਕੇ ਇਹ ਭਾਵਨਾਤਮਕ ਮੁੱਦਾ ਵੀ ਹੈ ਅਤੇ ਭਾਜਪਾ ਯਾਤਰਾ ਦੌਰਾਨ ਨਸ਼ੇ ਤੋਂ ਪੀੜਤ ਪਰਿਵਾਰਾਂ ਨੂੰ ਮੁੱਖ ਰੱਖ ਕੇ ਆਮ ਲੋਕਾਂ ਨਾਲ ਭਾਵਨਾਤਮਕ ਤੌਰ 'ਤੇ ਜੁੜਨ ਦੀ ਕੋਸ਼ਿਸ਼ ਵੀ ਕਰ ਰਹੀ ਹੈ। ਪੰਜਾਬ ਯੂਨੀਵਰਸਿਟੀ ਦੇ ਰਾਜਨੀਤਿਕ ਵਿਭਾਗ ਦੇ ਸਾਬਕਾ ਪ੍ਰੋਫੈਸਰ ਖ਼ਾਲਿਦ ਮੁਹੰਮਦ ਮੁਤਾਬਕ ਬੇਸ਼ੱਕ ਭਾਜਪਾ ਨੇ ਨਸ਼ੇ ਦਾ ਮੁੱਦਾ ਉਭਾਰ ਕੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼ ਪਠਾਨਕੋਟ ਤੋਂ ਕਰ ਦਿੱਤਾ ਹੈ,ਪਰ ਉਸ ਨੂੰ ਇਸ ਮੁੱਦੇ ਉੱਤੇ ਕਈ ਸਵਾਲਾਂ ਦਾ ਸਾਹਮਣਾ ਵੀ ਕਰਨਾ ਪਵੇਗਾ।

ਉਨ੍ਹਾਂ ਮੁਤਾਬਕ ਪੰਜਾਬ ਵਿੱਚ ਨਸ਼ੇ ਦਾ ਸਭ ਤੋਂ ਜ਼ਿਆਦਾ ਉਭਾਰ 2007-2017 ਵਿੱਚ ਹੋਇਆ ਸੀ ਅਤੇ ਉਸ ਵਕਤ ਸੂਬੇ ਵਿੱਚ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਸੀ, ਇਸ ਮੁੱਦੇ ਉੱਤੇ ਭਾਜਪਾ ਕੁਝ ਵੀ ਨਹੀਂ ਬੋਲਦੀ। ਉਨ੍ਹਾਂ ਦੱਸਿਆ ਪੰਜਾਬ ਵਿੱਚ ਦੋ ਤਰਾਂ ਦਾ ਨਸ਼ਾ ਹੈ ਇੱਕ ਸਿੰਥੈਟਿਕ ਨਸ਼ਾ ਅਤੇ ਦੂਜਾ ਸਰਹੱਦ ਪਾਰ ਤੋਂ ਆਉਣ ਵਾਲੀ ਕਿਸਮ (ਹੈਰੋਇਨ, ਚਰਸ ਆਦਿ)। ਪਰ ਸਰਹੱਦ ਪਾਰ ਤੋਂ ਆਉਂਦੇ ਨਸ਼ਿਆਂ (ਡਰੋਨ ਆਦਿ) ਨੂੰ ਰੋਕਣਾ ਕੇਂਦਰ ਸਰਕਾਰ (ਬੈਐਸਐਫ) ਦੀ ਵੀ ਜ਼ਿੰਮੇਵਾਰੀ ਹੈ, ਅਤੇ ਇਹੀ ਸਵਾਲ ਵਿਰੋਧੀ ਪਾਰਟੀਆਂ (ਆਪ, ਕਾਂਗਰਸ) ਚੁੱਕ ਰਹੀਆਂ ਹਨ। ਕੁਝ ਰਾਜਨੀਤਿਕ ਜਾਣਕਾਰ ਇਹ ਵੀ ਮੰਨਦੇ ਹਨ ਕਿ ਭਾਜਪਾ ਦਾ ਵੋਟ ਬੈਂਕ ਪਹਿਲਾਂ ਜ਼ਿਆਦਾਤਰ ਸ਼ਹਿਰਾਂ ਤੱਕ ਸੀਮਤ ਸੀ ਅਤੇ ਯਾਤਰਾ ਨਾਲ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿੱਚ ਆਪਣਾ ਆਧਾਰ ਬਣਾਉਣ ਚਾਹੁੰਦੀ ਹੈ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 372

Website: www.preetnama.com Email preetnamausa@gmail.com

25 SEPT TO 01 OCT, 2026





Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 372

Website: www.preetnama.com Email preetnamausa@gmail.com

25 SEPT TO 01 OCT, 2026

# ‘ਬਲੂਟੂਥਿੰਗ’: ਕੀ ਨਸ਼ੇ ਲਈ ਖ਼ੂਨ ਸਾਂਝਾ ਕਰਨ ਦਾ ਇਹ ਰੁਝਾਨ ਐੱਚਆਈਵੀ ਦੇ ਸੰਕਟ ਨੂੰ ਵਧਾ ਰਿਹਾ ਹੈ ?



ਪਿਛਲੇ ਹਫਤੇ ਫਿਜੀ ਵਿੱਚ ਰਾਸ਼ਟਰੀ ਐਮਰਜੈਂਸੀ ਐਲਾਨ ਕੇ ਇਸ ਨੂੰ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਐਚਆਈਵੀ ਮਹਾਂਮਾਰੀ ਦੇ ਕੇਂਦਰ ਵਜੋਂ ਚਿੰਨ੍ਹ ?ਤ ਕਰ ਦਿੱਤਾ ਗਿਆ।

ਇਹ ਇੱਕ ਸਖ਼ਤ ਚੇਤਾਵਨੀ ਸੀ ਕਿ ਵਿਸ਼ਵਵਿਆਪੀ ਤਰੱਕੀ ਦੇ ਬਾਵਜੂਦ ਐਚਆਈਵੀ ਅਤੇ ਏਡਜ਼ ਕੁਝ ਖੇਤਰਾਂ ਵਿੱਚ ਇੱਕ ਵੱਡਾ ਖ਼ਤਰਾ ਬਣੇ ਹੋਏ ਹਨ ਅਤੇ ਇਸ ਦਾ ਫੈਲਾਅ ਤੇਜ਼ੀ ਨਾਲ ਬੇਕਾਬੂ ਹੋ ਸਕਦਾ ਹੈ।

ਪ੍ਰਸ਼ਾਂਤ ਮਹਾਂਸਾਗਰ ਦੇ ਇਸ ਟਾਪੂ ਸਮੂਹ ਵਿੱਚ ਹੁਣ ਲਗਭਗ ਸੱਠ ਬਾਲਗਾਂ ਵਿੱਚੋਂ ਇੱਕ ਇਸ ਵਾਇਰਸ ਨਾਲ ਪੀੜਤ ਹੈ ਜਦ ਕਿ ਪੰਜ ਸਾਲ ਪਹਿਲਾਂ ਇਹ ਅੰਕੜਾ 167 ਵਿੱਚੋਂ ਇੱਕ ਸੀ। ਸੰਯੁਕਤ ਰਾਸ਼ਟਰ ਦੀ ਏਡਜ਼ ਸੰਸਥਾ ਯੂਨੀਏਡਜ਼ ਮੁਤਾਬਕ ਦੁਨੀਆਂ ਭਰ ਵਿੱਚ ਲਗਭਗ 4.1 ਕਰੋੜ ਲੋਕਾਂ ਦੇ ਐਚਆਈਵੀ ਤੋਂ ਪੀੜਤ ਹੋਣ ਦਾ ਅਨੁਮਾਨ ਹੈ।

ਇਸ ਤਾਜ਼ਾ ਸੰਕਟ ਨੂੰ ਨਸ਼ਾ ਕਰਨ ਵਾਲੀਆਂ ਸੂਈਆਂ ਸਾਂਝੀਆਂ ਕਰਨ ਦੇ ਇੱਕ ਚਿੰਤਾਜਨਕ ਰੁਝਾਨ ਨੇ ਹੋਰ ਵਧਾ ਰਿਹਾ ਹੈ, ਜਿਸ ਨੂੰ ’ਬਲੂਟੂਥਿੰਗ’ ਕਿਹਾ ਜਾਂਦਾ ਹੈ।

ਇਸ ਵਿੱਚ ਉਸ ਵਿਅਕਤੀ ਦੇ ਸਰੀਰ ਵਿੱਚੋਂ ਖ਼ੂਨ ਕੱਢਣਾ ਸ਼ਾਮਲ ਹੈ ਜਿਸ ਨੇ ਪਹਿਲਾਂ ਹੀ ਨਸ਼ਾ ਲਿਆ ਹੋਵੇ ਅਤੇ ਫਿਰ ਉਸ ਖ਼ੂਨ ਨੂੰ ਦੂਜੇ ਵਿਅਕਤੀ ਦੇ ਸਰੀਰ ਵਿੱਚ ਟੀਕੇ ਰਾਹੀਂ ਲਾਉਣਾ ਸ਼ਾਮਲ ਹੈ ਤਾਂ ਜੋ ਉਸ ਨੂੰ ਵੀ ਨਸ਼ਾ ਹੋ ਸਕੇ। ਨਸ਼ਾ ਕਰਨ ਵਾਲੇ ਮੰਨਦੇ ਹਨ ਕਿ ਨਸਾਂ ਰਾਹੀਂ ਲਏ ਜਾਣ ਵਾਲੇ ਨਸ਼ਿਆਂ ਨੂੰ ਇਸ ਤਰ੍ਹਾਂ ਵਰਤਣਾ ਪੈਸੇ ਬਚਾਉਣ ਦਾ ਇੱਕ ਤਰੀਕਾ ਹੈ।

ਅਜਿਹਾ ਲਿਸੋਥੋ, ਜ਼ਿੰਬਾਵੇ ਅਤੇ ਦੱਖਣੀ ਅਫ਼ਰੀਕਾ ਜਿਹੇ ਅਫਰੀਕਨ ਦੇਸ਼ਾਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ।

ਇਹ ਕਿੰਨਾ ਫੈਲਿਆ ਹੋਇਆ ਹੈ ਅਤੇ ਫਿਜੀ ਦੇ ਸੰਕਟ ਲਈ ਇਸ ਨੂੰ ਕਿੰਨਾ ਕੁ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਇਸ ਬਾਰੇ ਵਿਵਾਦ ਹੈ। ਪਰ ਸਮਾਜਿਕ ਵਰਕਰਾਂ ਦਾ ਕਹਿਣਾ ਹੈ ਕਿ ਇਹ ਇੱਕ ਅਸਲ ਸਮੱਸਿਆ ਹੈ ਅਤੇ ਉਹ ਵਿਸ਼ਵ ਪੱਧਰ ’ਤੇ ਸਰਕਾਰਾਂ ਅਤੇ ਸਿਹਤ ਸੰਸਥਾਵਾਂ ਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣ ਦੀ ਅਪੀਲ ਕਰ ਰਹੇ ਹਨ।

ਡਰੱਗ ਫ ?ਰੀ ਫਿਜੀ ਨਾਮੀ ਐਨਜੀਓ ਦੀ ਕਾਰਜਕਾਰੀ ਨਿਰਦੇਸ਼ਕ ਕਾਲੇਸੀ ਵੋਲਤਾਬੂ ਕਹਿੰਦੇ ਹਨ, ÷ਇਸ ਤੋਂ ਪਹਿਲਾਂ ਕਿ ਅਸੀਂ ਅਸਲ ਵਿੱਚ ਕੁਝ ਕਰੀਏ ਸਾਨੂੰ ਹੋਰ ਕਿੰਨੀਆਂ ਜਾਨਾਂ ਗਵਾਉਣੀਆਂ ਪੈਣਗੀਆਂ ?÷

**ਬਲੂਟੂਥਿੰਗ ਵਿੱਚ ਇੰਨਾ ਖ਼ਤਰਾ ਕਿਉਂ ਹੈ ?**

ਐਚਆਈਵੀ, ਖ਼ੂਨ ਰਾਹੀਂ ਫੈਲਣ ਵਾਲੀ ਬਿਮਾਰੀ ਹੈ ਇਸ ਲਈ ਨਸ਼ੇ ਵਾਲੇ ਖ਼ੂਨ ਨੂੰ ਟਰਾਂਸਫ਼ਰ ਕਰਨ ਦੀ ਪ੍ਰਕਿਰਿਆ ਦਾ ਮਤਲਬ ਹੈ ਕਿ ਸੂਈਆਂ ਸਾਂਝੀਆਂ ਕਰਨ ਵਾਲੇ ਲੋਕ ਖ਼ੁਦ ਨੂੰ ਵੀ ਇਸ ਵਾਇਰਸ ਦੇ ਫੈਲਣ ਦੇ ਜੋਖ਼ਮ ਵਿੱਚ ਪਾਉਂਦੇ ਹਨ।

ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਇਹ ਰੁਝਾਨ ਦੂਜੀਆਂ ਇਨਫੈਕਸ਼ਨਾਂ ਜਿਵੇਂ ਕਿ ਹੈਪੇਟਾਈਟਿਸ ਬੀ ਅਤੇ ਸੀ ਦੇ ਨਾਲ-ਨਾਲ ਗੰਭੀਰ ਬੈਕਟੀਰੀਅਲ ਇਨਫੈਕਸ਼ਨਾਂ ਫੈਲਣ ਦਾ ਵੀ ਖਤਰਾ ਪੈਦਾ ਕਰਦਾ ਹੈ।

ਫਿਜੀ ਵਿੱਚ ਸੂਈਆਂ ਸਾਂਝੀਆਂ ਕਰਨਾ ਇੱਕ ਆਮ ਰੁਝਾਨ ਹੈ ਜਿੱਥੇ ਨਸ਼ਾ ਕਰਨ ਵਾਲਿਆਂ ਲਈ ਟੀਕੇ ਲਾਉਣ ਵਾਲੇ ਸਟਰਾਈਲ ਉਪਕਰਨਾਂ ਤੱਕ ਪਹੁੰਚ ਮੁਸ਼ਕਲ ਹੋ ਸਕਦੀ ਹੈ। ਪਰ ਬਲੂਟੂਥਿੰਗ ਦੇ ਆਉਣ ਨਾਲ ਇਹ ਪਤਾ ਲੱਗਦਾ ਹੈ ਕਿ ਗਰੀਬੀ ਇਸ ਖ਼ਤਰਨਾਕ ਰੁਝਾਨ ਪਿਛਲੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ।

ਵੋਲਤਾਬੂ ਦਾ ਕਹਿਣਾ ਹੈ ਕਿ ਜਦੋਂ ਉਸ ਨੇ ਪਹਿਲੀ ਵਾਰ ਅਜਿਹਾ ਹੁੰਦਾ ਦੇਖਿਆ ਤਾਂ ਉਹ ਹੈਰਾਨ ਰਹਿ ਗਈ ਸੀ।

ਉਨ੍ਹਾਂ ਨੇ ਬੀਬੀਸੀ ਵਰਲਡ ਸਰਵਿਸ ਨੂੰ ਦੱਸਿਆ, ÷ਪੰਜ ਛੇ ਲੋਕ ਉਹ ਇੰਜੈਕਸ਼ਨ ਲੈਣ ਲਈ ਤਿਆਰ ਖੜ੍ਹੇ ਸਨ। ਅਤੇ ਉਹ ਪੰਜ ਹੋਰ ਲੋਕਾਂ ਨੂੰ ਇਨਫੈਕਟ ਕਰ ਸਕਦੇ ਹਨ। ਇਸ ਲਈ ਅਸਲ ਵਿੱਚ ਸਿਰਫ਼ ਪੰਜ ਲੋਕਾਂ ਤੋਂ ਤੁਹਾਡੇ ਕੋਲ 25-30 ਲੋਕ ਹੋ ਜਾਂਦੇ ਹਨ ਅਤੇ ਇਹ ਇੰਨਾ ਅਸਾਨ ਹੈ।÷

ਫਿਜੀ ਦੇ ਸਿਹਤ ਮੰਤਰਾਲੇ ਨੇ 2024 ਵਿੱਚ ਇਸ ਰੁਝਾਨ ਨੂੰ ਦੇਸ਼ ਵਿਚ ਐਚਆਈਵੀ ਮਾਮਲੇ ਵਧਣ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਵਜੋਂ ਮੰਨਿਆ ਸੀ। ਜਨਵਰੀ ਵਿੱਚ ਇਸ ਨੇ ਐਚਆਈਵੀ ਦੇ ਫੈਲਾਅ ਨੂੰ ਇੱਕ ਰਾਸ਼ਟਰੀ ਸੰਕਟ ਵਜੋਂ ਦਰਸਾਇਆ ਸੀ ਅਤੇ ਕਿਹਾ ਸੀ ਕਿ ਉਹ ਆਪਣੀ ਪ੍ਰਤੀਕਿਰਿਆ ਦੇ ਹਿੱਸੇ ਵਜੋਂ ਇੱਕ ਸਰਿੰਜ ਅਤੇ ਸੂਈ ਪ੍ਰੋਗਰਾਮ ਸ਼ੁਰੂ ਕਰੇਗਾ।

ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਪਿਛਲੇ ਸਾਲ ਦਸੰਬਰ ਵਿਚ ਕੀਤੇ ਗਏ ਇਕ ਮੁਲਾਂਕਣ ਤੋਂ ਬਾਅਦ ਅਜਿਹੇ ਬਹੁਤ ਘੱਟ ਸਬੂਤ ਮਿਲੇ ਹਨ ਜੋ ਇਹ ਸੰਕੇਤ ਦੇਣ ਕਿ ਫਿਜੀ ਵਿਚ ਬਲੂਟੂਥਿੰਗ ਵੱਡੇ ਪੱਧਰ ’ਤੇ ਫੈਲੀ ਹੋਈ ਹੈ।

ਇਸ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਨੇ ਨਸ਼ੇ ਦੇ ਟੀਕੇ ਲਾਉਣ ਵਾਲੇ 56 ਲੋਕਾਂ ਦੀ ਇੰਟਰਵਿਊ ਕੀਤੀ ਜਿਨ੍ਹਾਂ ਵਿੱਚੋਂ ਸਿਰਫ਼ ਦੋ ਨੇ ਬਲੂਟੂਥਿੰਗ ਵਿੱਚ ਸ਼ਾਮਲ ਹੋਣ ਦੀ ਗੱਲ ਕਹੀ ਜਦ ਕਿ ਚਾਰ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਨੂੰ ਸਿੱਧੇ ਤੌਰ ’ਤੇ ਦੇਖਿਆ ਸੀ।

ਪਰ ਵੋਲਤਾਬੂ ਦਾ ਕਹਿਣਾ ਹੈ ਕਿ ਜਦੋਂ ਤੱਕ ਉਸ ਨੇ ਖ਼ੁਦ ਆਪਣੀਆਂ ਅੱਖਾਂ ਨਾਲ ਦੇਖ ਨਹੀਂ ਲਿਆ, ਉਹ ਵੀ ਇਹ ਮੰਨਣ ਤੋਂ ਝਿਜਕ ਰਹੀ ਸੀ ਕਿ ਕੋਈ ਅਸਲ ਵਿੱਚ ਅਜਿਹਾ ਕਰ ਰਿਹਾ ਹੈ।

ਉਸ ਦਾ ਇਹ ਵੀ ਮੰਨਣਾ ਹੈ ਕਿ ਨਸਾਂ ਰਾਹੀਂ ਡਰੱਗਜ਼ ਲੈਣ ਨਾਲ ਜੁੜੇ ਸਟਿਗਮਾ ਅਤੇ ਸ਼ਰਮ ਕਾਰਨ ਫਿਜੀ ਦੀ ਸਰਕਾਰ ਇਸ ਮੁੱਦੇ ਨਾਲ ਨਜਿੱਠਣ ਤੋਂ ਝਿਜਕਦੀ ਰਹੀ ਹੈ।

ਉਹ ਕਹਿੰਦੀ ਹੈ, ÷ਮੈਂ ਜਾਣਦੀ ਸੀ ਕਿ ਸੁਨਾਮੀ ਆ ਰਹੀ ਹੈ। ਤੁਸੀਂ ਉਸ ਥਾਂ ਤੋਂ ਬਚਣਾ ਚਾਹੁੰਦੇ ਸੀ ਜਿੱਥੇ ਅਸੀਂ ਹਾਲੇ ਬੈਠੇ ਹਾਂ।÷

**ਦੁਨੀਆਂ ਭਰ ਵਿੱਚ ਐਚਆਈਵੀ ਕਿੰਨਾ ਫੈਲਿਆ ਹੈ ?**

ਐਚਆਈਵੀ ਇੱਕ ਅਜਿਹਾ ਵਾਇਰਸ ਹੈ ਜੋ ਬਿਮਾਰੀਆਂ ਨਾਲ ਲੜਨ ਵਾਲੀ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਸਰੀਰ ਦੀ ਰੋਜ਼ਾਨਾ ਇਨਫੈਕਸ਼ਨਜ਼ ਅਤੇ ਬਿਮਾਰੀਆਂ ਨਾਲ ਲੜਨ ਦੀ ਯੋਗਤਾ ਨੂੰ ਕਮਜ਼ੋਰ ਕਰਦਾ ਹੈ।

ਇਹ ਸਰੀਰ ਦੇ ਤਰਲ ਪਦਾਰਥਾਂ ਰਾਹੀਂ ਫੈਲਦਾ ਹੈ, ਅਕਸਰ ਅਸੁਰੱਖਿਅਤ ਜਿਣਸੀ ਸੰਬੰਧਾਂ ਦੌਰਾਨ ਪਰ ਸਰੀਰ ’ਤੇ ਲੱਗੇ ਕੱਟਾਂ ਅਤੇ ਸਾਂਝੀਆਂ ਸੂਈਆਂ ਦੀ ਵਰਤੋਂ ਕਰਕੇ ਨਸ਼ੇ ਦੇ ਟੀਕੇ ਲਾਉਣ ਨਾਲ ਵੀ ਫੈਲਦਾ ਹੈ। ਇਹ ਗਰਭ ਅਵਸਥਾ, ਬੱਚੇ ਦੇ ਜਨਮ ਅਤੇ ਦੁੱਧ ਚੁੰਘਾਉਣ ਦੌਰਾਨ ਮਾਂ ਤੋਂ ਬੱਚੇ ਵਿੱਚ ਵੀ ਜਾ ਸਕਦਾ ਹੈ।

ਏਡਜ਼ ਉਦੋਂ ਹੁੰਦਾ ਹੈ ਜਦੋਂ ਐਚਆਈਵੀ ਵਾਇਰਸ ਵੱਲੋਂ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਉਣ ਬਾਅਦ ਕਈ ਸੰਭਾਵੀ ਜਾਨਲੇਵਾ ਇਨਫੈਕਸ਼ਨ ਅਤੇ ਬਿਮਾਰੀਆਂ ਹਮਲਾ ਕਰਦੀਆਂ ਹਨ।

ਪਿਛਲੇ ਕੁਝ ਦਹਾਕਿਆਂ ਵਿੱਚ ਇਲਾਜ ਦੇ ਵਿਕਲਪਾਂ ਵਿੱਚ ਹੋਈ ਤਰੱਕੀ ਨੇ ਐਚਆਈਵੀ ਨਾਲ ਪੀੜਤ ਲੋਕਾਂ ਦੀ ਉਮਰ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ।

ਵਿਸ਼ਵ ਸਿਹਤ ਸੰਗਠਨ ਮੁਤਾਬਕ 2025 ਵਿੱਚ ਦੁਨੀਆਂ ਭਰ ਵਿੱਚ ਲਗਭਗ ਪੰਜ ਲੱਖ ਸੱਤਰ ਹਜ਼ਾਰ ਲੋਕਾਂ ਦੀ ਐਚਆਈਵੀ ਨਾਲ ਸਬੰਧਤ ਕਾਰਨਾਂ ਕਰਕੇ ਮੌਤ ਹੋਈ ਜੋ 2004 ਵਿਚ ਇਸ ਦੇ ਸਿਖਰ ਮੁਕਾਬਲੇ 73 ਫ਼ੀਸਦੀ ਘੱਟ ਹੈ।

ਹੁਣ ਜਿਹੜੇ ਇਲਾਜਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ ਉਨ੍ਹਾਂ ਵਿੱਚ ਐਂਟੀ-ਰੇਟਰੋਵਾਇਰਲ ਥੈਰੇਪੀ ਸ਼ਾਮਲ ਹੈ ਜੋ ਆਮ ਤੌਰ ’ਤੇ ਵਾਇਰਲ ਲੋਡ ਨੂੰ ਇੰਨੇ ਘੱਟ ਪੱਧਰ ’ਤੇ ਲੈ ਆਉਂਦੀ ਹੈ ਜਿਸ ਦਾ ਪਤਾ ਲਗਾਉਣਾ ਔਖਾ ਹੋ ਜਾਂਦਾ ਹੈ। ਇਸ ਨਾਲ ਰੋਗ ਪ੍ਰਤੀਰੋਧਕ ਪ੍ਰਣਾਲੀ ਸੁਰੱਖਿਅਤ ਰਹਿੰਦੀ ਹੈ ਅਤੇ ਵਾਇਰਲ ਦੇ ਸੈਕਸ ਰਾਹੀਂ ਫੈਲਣ ਵਾਲੇ ਸੰਚਾਰ ਨੂੰ ਰੋਕਿਆ ਜਾ ਸਕਦਾ ਹੈ।

ਹਾਲਾਂਕਿ ਪਿਛਲੇ ਸਾਲ ਯੂਨੀਏਡਜ਼ ਦੀ ਮੁੱਖੀ ਵਿਨੀ ਬਿਆਨਿਮਾ ਨੇ ਕਿਹਾ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਵਿਦੇਸ਼ੀ ਸਹਾਇਤਾ ਨੂੰ ਰੋਕਣ ਦੇ ਫ਼ੈਸਲੇ ਨਾਲ ਰੋਜ਼ਾਨਾ ਦੋ ਹਜ਼ਾਰ ਵਾਧੂ ਨਵੇਂ ਐਚਆਈਵੀ ਇਨਫੈਕਸ਼ਨ ਹੋਣਗੇ ਅਤੇ ਅਗਲੇ ਚਾਰ ਸਾਲਾਂ ਵਿੱਚ ਛੇ ਮਿਲੀਅਨ ਤੋਂ ਵੱਧ ਹੋਰ ਮੌਤਾਂ ਹੋਣਗੀਆਂ।

ਯੂਨੀਏਡਜ਼ ਦਾ ਕਹਿਣਾ ਹੈ ਕਿ 2025 ਵਿੱਚ ਨਵੀਆਂ ਐਚਆਈਵੀ ਇਨਫੈਕਸ਼ਨਜ਼ ਤਿੰਨ ਖੇਤਰਾਂ ਅਤੇ 21 ਦੇਸ਼ਾਂ ਵਿੱਚ ਵਧੀਆਂ ਹਨ ਜਿਨ੍ਹਾਂ ਵਿੱਚ ਅਫ਼ਗਾਨਿਸਤਾਨ, ਸ਼੍ਰੀਲੰਕਾ, ਨੇਪਾਲ, ਕੀਨੀਆ, ਸੁਡਾਨ, ਬ੍ਰਾਜ਼ੀਲ, ਪਾਕਿਸਤਾਨ, ਯਮਨ, ਮਿਸਰ, ਸੇਨੇਗਲ ਅਤੇ ਫਿਲੀਪੀਨਜ ਸ਼ਾਮਲ ਹਨ।

## ‘ਬਲੂਟੂਥਿੰਗ’ ਹੋਰ ਕਿੱਥੇ ਹੋ ਰਹੀ ਹੈ ?

ਵਿਸ਼ਵ ਸਿਹਤ ਸੰਗਠਨ ਮੁਤਾਬਕ ਲਿਸੋਥੋ ਵਿੱਚ ਐਚਆਈਵੀ ਦੀ ਦੁਨੀਆਂ ਭਰ ਵਿੱਚ ਦੂਜੀ ਸਭ ਤੋਂ ਵੱਧ ਪ੍ਰੈਵਲੈਂਸ ਦਰ ਹੈ ਅਤੇ ਇਹ ਉੱਥੇ ਔਰਤਾਂ ਦੀ ਮੌਤ ਦਾ ਮੁੱਖ ਕਾਰਨ ਹੈ।

ਉੱਥੇ ਬਲੂਟੂਥਿੰਗ ਨਾਲ ਨਜਿੱਠਣ ਦੀ ਕੋਸ਼ਿਸ਼ ਕਰਨ ਵਾਲੀ ਇੱਕ ਸੰਸਥਾ ’ਮੋਖੋਸੀ ਓਆ ਮੈਂਗੋਆਨਾ’ ਯਾਨੀ ’ਇੱਕ ਮਾਂ ਦੀ ਪੁਕਾਰ’ ਹੈ। ਔਰਤਾਂ ਦਾ ਇਹ ਗਰੁੱਪ ਨਸ਼ੇ ਦੇ ਆਦੀ ਬੱਚਿਆਂ ਦੀ ਦੇਖਭਾਲ ਕਰਨ ਦੇ ਆਪਣੇ ਤਜਰਬੇ ਸਾਂਝੇ ਕਰਦਾ ਹੈ। ਉਨ੍ਹਾਂ ਨੇ ਦੱਖਣੀ ਅਫ਼ਰੀਕਾ ਵਿੱਚ ਅਜਿਹਾ ਵਾਪਰਨ ਬਾਰੇ ਸੁਣਿਆ ਸੀ ਪਰ 2024 ਵਿੱਚ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਉਹ ਉਨ੍ਹਾਂ ਦੇ ਆਪਣੇ ਘਰ ਦੇ ਨੇੜੇ ਵੀ ਹੋ ਰਿਹਾ ਹੈ ਖਾਸ ਕਰਕੇ ਨਸ਼ੇ ਦੇ ਅੱਡਿਆਂ ਵਿੱਚ ਜੋ ਕਿ ਉਜਾੜ ਜਾਂ ਨਿੱਜੀ ਇਮਾਰਤਾਂ ਹੁੰਦੀਆਂ ਹਨ ਜਿੱਥੇ ਨਸ਼ਾ ਖ਼ਰੀਦਿਆ, ਵੇਚਿਆ ਅਤੇ ਕੀਤਾ ਜਾਂਦਾ ਹੈ।

"ਟੋ ਤੁਮੀਸੀ ਦੀ ਧੀ ਕ੍ਰਿਸਟਲ ਮੈਥਾਮਫੇਟਾਮਾਈਨ ਲੈਣਾ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਹੁਸ਼ਿਆਰ ਵਿਦਿਆਰਥਣ ਸੀ। ਉਹ ਕਹਿੰਦੀ ਹੈ ਕਿ ਬਲੂਟੂਥਿੰਗ ਉਦੋਂ ਹੁੰਦੀ ਹੈ ਜਦੋਂ ਲੋਕ ਥੋੜ੍ਹੀ ਮਾਤਰਾ ਵਿੱਚ ਮੌਜੂਦ ਨਸ਼ਾ ਸਾਂਝਾ ਕਰਨਾ ਚਾਹੁੰਦੇ ਹਨ। ਉਹ ਕਹਿੰਦੀ ਹੈ, ÷ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਆਪਣੇ ਬਲੱਡ ਗਰੁੱਪ ਦੀ ਅਨੁਕੂਲਤਾ ਬਾਰੇ ਜਾਣਦੇ ਹਨ ਜਾਂ ਨਹੀਂ। ਇਸ ਗੱਲ ਨਾਲ ਵੀ ਕੋਈ ਫਰਕ ਨਹੀਂ ਪੈਂਦਾ ਕਿ ਉਹ ਖ਼ੂਨ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਬਾਰੇ ਜਾਣਦੇ ਹਨ। ਇਹ ਸਭ ਉਨ੍ਹਾਂ ਲਈ ਮਾਇਨੇ ਨਹੀਂ ਰੱਖਦਾ।÷

ਤੁਮੀਸੀ ਦਾ ਕਹਿਣਾ ਹੈ ਕਿ ਸਿਹਤ ਕਰਮਚਾਰੀਆਂ ਨੇ ਉਸ ਨੂੰ ਦੱਸਿਆ ਕਿ ਇਹ ਰੁਝਾਨ ਮੌਜੂਦ ਹੀ ਨਹੀਂ ਹੈ ਕਿਉਂਕਿ ਕਿਸੇ ਵੀ ਵਿਅਕਤੀ ਲਈ ਖ਼ੂਨ ਸਾਂਝਾ ਕਰਕੇ ਜਿਉਂਦੇ ਰਹਿਣਾ ਅਸੰਭਵ ਹੋਵੇਗਾ।

ਯੂਨੀਏਡਜ਼ ਦੇ ਇੱਕ ਖੇਤਰੀ ਨਿਰਦੇਸ਼ਕ ਈਮੋਨ ਮਰਫੀ ਦਾ ਕਹਿਣਾ ਹੈ ਕਿ ਸਿੱਧੇ ਤੌਰ ’ਤੇ ਖ਼ੂਨ ਸਾਂਝਾ ਕਰਨ ਦੇ ਇਸ ਤਰ੍ਹਾਂ ਦੇ ਤਰੀਕੇ ਹੋਰ ਥਾਂਵਾਂ ’ਤੇ ਵੱਖ ਵੱਖ ਨਾਵਾਂ ਹੇਠ ਦਰਜ ਕੀਤੇ ਗਏ ਹਨ। ਤਨਜ਼ਾਨੀਆ ਵਿੱਚ ’ਫਲੈਸ਼ਬਲੱਡ’ ਸ਼ਾਮਲ ਹੈ ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਹ ਕੋਈ ਵਿਸ਼ਵ ਵਿਆਪੀ ਰੁਝਾਨ ਨਹੀਂ ਸੀ।

ਪਰ ਤੁਮੀਸੀ ਨੂੰ ਚਿੰਤਾ ਹੈ ਕਿ ਨਸ਼ਾ ਕਰਨ ਦੇ ਇਹ ਨਵੇਂ ਅਤੇ ਘੱਟ ਜਾਣੇ ਪਛਾਣੇ ਤਰੀਕੇ ਦੂਜੇ ਦੇਸ਼ਾਂ ਵਿੱਚ ਅਣਪਛਾਤੇ ਰਹਿ ਸਕਦੇ ਹਨ। ਉਹ ਚੇਤਾਵਨੀ ਦਿੰਦੀ ਹੈ ਕਿ ਨਸ਼ਾਖੋਰੀ ਦੀ ਫਰੰਟ ਲਾਈਨ ’ਤੇ ਰਹਿਣ ਵਾਲੇ ਲੋਕਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ ਅਤੇ ਸ਼ੁਰੂਆਤੀ ਸੰਕੇਤਾਂ ਬਾਰੇ ਖ਼ੁਦ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਜੇਕਰ ਤੁਸੀਂ ਮਾਪੇ ਹੋ, ਭਾਵੇਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਹੋਵੇ, ਤੁਸੀਂ ਇੱਕ ਇਨਸਾਨ ਹੋ। ਇਸ ਦਾ ਮਤਲਬ ਹੈ ਕਿ ਤੁਸੀਂ ਖਤਰੇ ਵਿਚ ਹੋ। ਨਸ਼ੇ ਦੀ ਲਤ ਨਾਲ ਕੁਝ ਵੀ ਹੋ ਸਕਦਾ ਹੈ।÷

ਹਫ਼ਤਾਵਾਰੀ ਪ੍ਰੀਤਨਾਮਾ
Weekly Preetnama www.preetnama.com +1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
******************************
Jaswinder Singh New Jersey
*********************************
Mindi Manak
NewYork
*********************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
*********************************
Dr. Jagdeep Dhimaan, India
*****************
Sarabjit Kaur Punjab
*********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
**********************************
Raj Rani
Video editor
**************************************
Jagmeet Kaur
97817-41631
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਨਸ਼ਾ ਬਨਾਮ ਪੰਜਾਬ ਦੇ ਖ਼ਿਲਾਫ਼ ਰਚੀ ਸੋਚੀ ਸਮਝੀ ਸਾਜਿਸ਼

ਅੱਜ-ਕੱਲ੍ਹ ਹਰ ਅਖਬਾਰ,ਹਰ ਖ਼ਬਰ , ਹਰ ਟੀਵੀ ਚੈਨਲ ਵਿੱਚ ਬੱਸ ਪੰਜਾਬ ਵਿੱਚ ਕੋਹੜ ਦੀ ਤਰਾ ਫੈਲ ਰਹੇ ਨਸ਼ੇ ਵਾਲੀ ਖ਼ਬਰ ਗਰਮ ਹੈ। ਸ਼ਰਾਬ,ਅਫ਼ੀਮ ,ਚਿੱਟਾ ,ਡੋਡੇ ਕਈ ਪ੍ਰਕਾਰ ਦੇ ਨਸ਼ੇ ਸਾਡੇ ਨੋਜਵਾਨਾ ਨੂੰ ਚਪੇਟ ਵਿੱਚ ਲੈ ਰਹੇ ਹਨ ।ਘਰਾਂ ਦੇ ਘਰ ਉੱਜੜ ਰਹੇ ਹਨ ।ਬਹੁੱਤ ਬੁੱਰੀ ਲਾਹਨਤ ਹੈ ਨਸ਼ਾ ਜਿਸ ਨਾਲ ਅੱਜ ਦੀ ਪੀੜੀ ਖੋਖਲ਼ੀ ਹੋ ਰਹੀ ਹੈ ।ਅਸਲ ਵਿੱਚ ਇਹ ਬੁਰਾਈ ਕੋਈ ਨਵੀਂ ਨਹੀਂ ਪਨਪੀ ਬਲਕਿ ਮੁੱਢ ਕਾਲੀਨ ਤੋਂ ਸਾਡੇ ਸਮਾਜ ਨਾਲ ਚਿੰਬੜੀ ਹੋਈ ਹੈ। ਮੈਨੂੰ ਮਾਫ਼ ਕਰਨਾ ਮੈ ਇਤਿਹਾਸ ਵਿੱਚ ਵੀ ਪੜ੍ਹਿਆ ਹੈ ਕੇ ਦੇਵ ਯੁੱਗ ਵਿੱਚ ਵੀ ਮਦਿਰਾ ਵਰਗੇ ਨਸ਼ੇ ਸਨ । ਭਾਵੇਂ ਇਹ ਹਵਾਲਾ ਵੀ ਦਿੱਤਾ ਗਿਆ ਕਿ ਮਦਿਰਾ ਪਾਨ ਰਾਖਸ਼ ਕਰਦੇ ਸਨ ਪਰ ਮੈ ਸਿਰਫ ਗੱਲ ਨਸ਼ੇ ਦੀ ਕਰ ਰਹੀ ਹਾ ਕਿ ਯੁੱਗਾਂ ਤੋਂ ਚਲੀ ਆ ਰਹੀ ਹੈ ਇਹ ਬੁਰਾਈ ।ਜੋ ਅੱਜ ਭਿਆਨਕ ਰੂਪ ਧਾਰ ਗਈ ਹੈ ।ਜੇ ਵਕਤ ਸਿਰ ਕੰਟਰੋਲ ਕੀਤਾ ਹੁੰਦਾ ਤਾਂ ਅੱਜ ਇਹ ਲਾਹਨਤ ਨਾ ਚਿੰਬੜੀ ਹੁੰਦੀ ਸਾਡੇ ਦੇਸ਼ ਸਮਾਜ ਨੂੰ ।

ਦੂਜੀ ਵੱਡੀ ਗੱਲ ਤੇ ਬਹੁੱਤ ਹੀ ਧਿਆਨ ਨਾਲ ਸੋਚਣ ਵਾਲੀ ਗੱਲ ਕਿ ਨਸ਼ਾ ਸਿਰਫ ਪੰਜਾਬ ਵਿੱਚ ਹੀ ਹੈ ??? ਕੀ ਪੰਜਾਬ ਨੂੰ ਛੱਡ ਕੇ ਨਸ਼ਾ ਭਾਰਤ ਦੇ ਕਿਸੇ ਵੀ ਰਾਜ ਵਿੱਚ ਨਹੀਂ ਜਾ ਕਿਸੇ ਵੀ ਦੇਸ਼ ਵਿੱਚ ਵੀ ਨਹੀਂ ?? ਸਿਰਫ ਤੇ ਸਿਰਫ ਪੰਜਾਬ ਦੇ ਨੋਜਵਾਨਾ ਨੂੰ ਕਿਉਂ ਹਾਈਲਾਇਟ ਕੀਤਾ ਜਾ ਰਿਹਾ ? ਕੀ ਬਾਕੀ ਸਾਰੇ ਰਾਜਾਂ ਵਿੱਚ ਇਹ ਕੋਹੜ ਨਹੀਂ ਹੈ ?ਜਿੱਥੋ ਤੱਕ ਮੇਰਾ ਅਧਿਐਨ ਹੈ ਭਾਰਤ ਦਾ ਕੋਈ ਵੀ ਰਾਜ ਇਸ ਕੋਹੜ ਤੋਂ ਅਛੂਤਾ ਨਹੀਂ ਹੈ । ਯੂ.ਪੀ.,ਬਿਹਾਰ, ਅਸਾਮ,ਹਰਿਆਣਾ,ਰਾਜਸਥਾਨ,ਦਿੱਲੀ ਅਤੇ ਮੁੱਬਈ ਆਦਿ ਸਭ ਰਾਜ ਨਸ਼ੇ ਨਾਲ ਗ੍ਰਸਤ ਹਨ ।ਹਰ ਰਾਜ ਵਿੱਚ ਇਸ ਕੋਹੜ ਨੇ ਤਬਾਹੀ ਮਚਾਈ ਹੋਈ ਹੈ । ਫੇਰ ਸਿਰਫ ਪੰਜਾਬ ਨੂੰ ਹੀ ਨਸ਼ਾਗ੍ਰਸਤ ਕਿਉਂ ਦਰਸਾਇਆ ਜਾ ਰਿਹਾ ਹੈ ।ਮੈ ਅਮਰੀਕਾ ਦੀ ਨਿਊਯਾਰਕ ਸਟੇਟ ਨਿਵਾਸੀ ਹਾਂ ਤੇ ਅਮਰੀਕਾ ਵੀ ਡਰੱਗਸ ਦੀ ਮਾਰ ਦਾ ਸ਼ਿਕਾਰ ਹੈ ।ਮੈ ਅੱਖੀਂ ਵੇਖਿਆਂ ਇੱਥੇ ਗੋਰੇ ਗੋਰੀਆਂ ਨਸ਼ੇ ਵਿੱਚ ਝੂਮਦੇ । ਛੋਟੀ ਉਮਰੇ ਹੀ ਬੱਚੇ ਸਿਗਰਟ ਤੇ ਸ਼ਰਾਬ ਦੇ ਆਦਿ ਹੋ ਜਾਂਦੇ ਹਨ ।ਔਰਤਾ ਖੁਲੇਆਮ ਸ਼ਰਾਬ,ਸਿਗਰਟ ਤੇ ਹੋਰ ਨਸ਼ਿਆ ਦਾ ਸੇਵਨ ਕਰਦੀਆਂ ਨਜ਼ਰ ਆਉਂਦੀਆਂ ਹਨ ।ਪਿਛਲੇ ਦਿਨੀਂ ਨਿਊਯਾਰਕ ਸ਼ਹਿਰ ਵਿੱਚ ਦੋ ਨੋਜਵਾਨ ਪੰਜਾਬੀ ਮੁੰਡੇ ਨਸ਼ੇ ਦੀ ਔਵਰਡੋਜ ਲੈਣ ਕਰਕੇ ਮੋਤ ਦਾ ਸ਼ਿਕਾਰ ਹੋ ਗਏ । ਅਜਿਹੀਆਂ ਹੋਰ ਵੀ ਕਈ ਘਟਨਾਵਾਂ ਇੱਥੇ ਵਾਪਰਦੀਆਂ ਹਨ ।

ਹੁੱਣ ਸਵਾਲ ਇਹ ਹੈ ਕਿ ਇਹ ਨੋਜਵਾਨ ਕਿ ਇਸ ਚਿੱਟੇ ਨੂੰ ਪੰਜਾਬ ਵਿੱਚੋਂ ਆਪਣੇ ਨਾਲ ਲੈ ਕੇ ਆਏ ਸਨ ? ਨਹੀਂ ਨਾ ਮਤਲਬ ਨਸ਼ਾ ਇੰਨਾਂ ਵਿਦੇਸ਼ਾਂ ਵਿੱਚ ਵੀ ਫੈਲਿਆ ਹੋਇਆਂ ਹੈ ।ਪੰਜਾਬ ਵਿੱਚ ਤਾਂ ਨਸ਼ਾ ਪੁਰਸ਼ ਵਰਗ ਤੇ ਹਾਵੀ ਹੈ ਤੇ ਜਾ ਫੇਰ ਚੋਰੀ ਛੁੱਪੇ ਕੁੱਝ ਔਰਤਾ ਤੇ ਵੀ ਅਸਰ ਹੈ ਪਰ ਪੰਜਾਬ ਤੋਂ ਬਾਹਰ ਕਰੀ ਐਸੇ ਰਾਜ ਹਨ ਜਿਵੇਂ ਹਰਿਆਣਾ ਬਿਹਾਰ ਜਿੱਥੇ ਪੁਰਸ਼ ਤਾਂ ਕੀ ਔਰਤਾ ਵੀ ਸ਼ਰੇਆਮ ਨਸ਼ੇ ਗ੍ਰਹਿਣ ਕਰਦੀਆਂ ਹਨ। ਵਿਦੇਸ਼ਾਂ ਤੇ ਕਿ ਭਾਰਤ ਦੇ ਅਗਵਾਈ ਕਹਾਏ ਜਾਂਦੇ ਸ਼ਹਿਰਾਂ ਦੇ ਪੱਬਾਂ, ਕਲੱਬਾਂ ਵਿੱਚ ਨਸ਼ੇ ਨਾਲ ਝੂਮਦੇ ਮੁੰਡੇ ਕੁੜੀਆਂ ਦੇਖੇ ਜਾ ਸਕਦੇ ਹਨ । ਪਰ ਅਫ਼ਸੋਸ ਸਾਡੀ ਸਰਕਾਰ ਤੇ ਸਾਡੇ ਆਗੂ ਇਸ ਕੋਹੜ ਨੂੰ ਸਾਡੇ ਦੇਸ਼ ਵਿੱਚੋ ਬਾਹਰ ਕੱਢਣ ਦੀ ਜਗਾ ਸਿਆਸੀ ਖੇਡਾਂ ਵਿੱਚ ਮਗਨ ਹਨ ਤੇ ਸਿਰਫ ਪੰਜਾਬ ਨੂੰ ਮੋਹਰਾ ਬਣਾ ਕੇ ਬਦਨਾਮ ਕਰਨ ਦੀ ਸ਼ਾਜਿਸ ਵਿੱਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾ ਰਹੇ ਹਨ । ਰਾਜਨੇਤਾਂ ?ਸ ਕੋਹੜ ਦੀ ਜੜ ਵੱਢਣ ਦੀ ਥਾਂ ਡੋਪ ਟੈਸਟ ਵਰਗੇ ਹਾਸੋਹੀਣੇ ਤਮਾਸ਼ਿਆਂ ਦਾ ਐਲਾਨ ਕਰ ਕੇ ਆਪਣੀ ਕੁਰਸੀ ਮਜ਼ਬੂਤ ਕਰਨ ਦੇ ਵਿੱਚ ਵਿਅਸਤ ਹਨ । ਕਾਲਾ ਹਫ਼ਤਾ ਰੋਸ ਵਜੋਂ ਮਨਾ ਕੇ ਫਰਜ਼ ਪੂਰਾ ਕਰ ਦਿੱਤਾ ਗਿਆ ।ਪਰ ਸਿੱਟਾ ਕੀ ਨਿਕਲਿਆ ।

ਮੈ ਗੱਲ ਕਰ ਰਹੀ ਹਾ ਪੰਜਾਬ ਪ੍ਰਤੀ ਰਚੀ ਸ਼ਾਜਿਸ਼ ਦੀ ।ਨਾ ਤਾਂ ਨਸ਼ਾ ਅੱਜ ਹੀ ਇੱਕਦਮ ਵਧਿਆ ਤੇ ਨਾ ਹੀ ਨਸ਼ੇ ਨਾਲ ਜਾਨਾਂ ਗਵਾਉਣ ਵਾਲ਼ਿਆਂ ਦੀ ਗਿਣਤੀ ਅੱਜ ਵਧੀ ।ਬਲਕਿ ਇਹ ਲੰਮੇ ਸਮੇਂ ਤੋਂ ਦੇਸ਼ ਭਰ ਵਿੱਚ ਵੱਧ ਰਹੀ ਮੰਦਭਾਗੀ ਸਮੱਸਿਆ ਹੈ ।ਪੰਜਾਬ ਵਿੱਚ ਨਸ਼ਾ ਬਾਹਰਲੀਆਂ ਸਟੇਟਾਂ ਤੋਂ ਸਪਲਾਈ ਹੁੰਦਾ ਤੇ ਮੈਨੂੰ ਕੋਈ ਡਰ ਨਹੀਂ ਇਹ ਕਹਿੰਦੇ ਹੋਏ ਕਿ ਨਸ਼ਾ ਸਪਲਾਈ ਤੇ ਪੰਜਾਬ ਨੂੰ ਬਦਨਾਮ ਕਰਨ ਦੇ ਨਾਲ ਨਾਲ ਮੇਰੇ ਸ਼ੇਰ ਜਿਹੇ ਵੀਰਾ ਨੂੰ ਨਸ਼ੇ ਦੀ ਆਦਤ ਲਗਾ ਕੇ ਪੰਜਾਬ ਤੇ ਪੰਜਾਬ ਦੀ ਸੂਰਬੀਰਤਾ ਨੂੰ ਇੱਕ ਤਰਾ ਖਤਮ ਕਰਨ ਦੀ ਸਾਜਿਸ਼ ਵਿੱਚ ਰਾਜਨੀਤਿਕ ਦਲਾਂ ਤੇ ਏਜੰਸੀਆ ਦਾ ਅਹਿਮ ਯੋਗਦਾਨ ਹੈ । ਪੈਸਾ ,ਕੁਰਸੀ ਤੇ ਚੋਧਰ ਦੀ ਖ਼ਾਤਰ ਸਾਡੇ ਲੀਡਰਾਂ ਦੇ ਜ਼ਮੀਰ ਚੁੱਕ ਗਏ ਹਨ । ਅਜਿਹਾ ਨਾ ਹੁੰਦਾ ਤਾਂ ਨਸ਼ੇੜੀ ਰਾਜ ਕਹਿ ਕੇ ਬਦਨਾਮ ਕਰਨ ਵਾਲੇ ਇਹ ਦਲ ਨਸ਼ਾ ਖਤਮ ਕਰਨ ਲਈ ਨਸ਼ਾ ਫ਼ੈਕਟਰੀਆਂ ਤੇ ਸਪਲਾਈਆ ਬੰਦ ਕਰਵਾਉਂਦੇ ਨਾ ਕਿ ਖੋਖਲੇ ਦਾਅਵੇ ਕਰਦੇ ।

ਮੰਨਿਆਂ ਪੰਜਾਬ ਵਿੱਚ ਨਸ਼ੇ ਦੀ ਬੀਮਾਰੀ ਜ਼ਿਆਦਾ ਹੈ ਪਰ ਇਹ ਭਾਰਤ ਦੇ ਹਰ ਰਾਜ ਦੀ ਸਮੱਸਿਆ ਹੈ ਨਾ ਕਿ ਕੇਵਲ ਪੰਜਾਬ ਦੀ। ਮੇਰੇ ਕੁੱਝ ਵੀਰ ਕੁਰਾਹੇ ਪਏ ਤਾਂ ਸਾਰੇ ਮੀਡਿਆ ਨੂੰ ਨਜ਼ਰ ਆ ਜਾਂਦੇ ਪਰ ਜਦੋਂ ਮੇਰੇ ਵੀਰ ਦੇਸ਼ ਦੀ ਰਾਖੀ ਲਈ ਹਿੱਕਾਂ ਤਾਣਦੇ ਅਤੇ ਕੁਰਬਾਨੀਆਂ ਦਿੰਦੇ ਨੇ ਉਸ ਵਕਤ ਪੂਰੇ ਭਾਰਤ ਤੇ ਸਾਰੇ ਮੀਡਿਆ ਜਗਤ ਨੂੰ ਸੱਪ ਸੁੰਘ ਜਾਂਦਾ । ਆਖਿਰ ਕਿਉਂ ??? ਮੇਰੇ ਵੀਰਾ ਨੂੰ ਬਹਾਦਰ ਸੂਰਮੇ ਦੀ ਜਗਾ ਨਸ਼ੇੜੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ? ਕੁੱਝ ਕੁ ਕੁਰਾਹੇ ਪਏ ਵੀਰਾ ਨੂੰ ਸਹੀ ਰਸਤੇ ਪਾਉਣ ਦੀ ਜਗਾ ਬਾਕੀ ਸਹੀ ਵੀਰਾ ਭੈਣਾਂ ਨੂੰ ਵੀ ਉਹੀ ਨਸ਼ੇੜੀ ਬੋਲ ਬੋਲ ਕੇ ਕਮਜ਼ੋਰ ਕੀਤਾ ਜਾ ਰਿਹਾ ? ਕਿਉਂ ਸਾਡੇ ਰਾਜਨੀਤਿਕ ਆਗੂ ਨਸ਼ੇ ਦੀ ਜੜ ਪੁੱਟਣ ਦੀ ਜਗਾ ਕੁੱਝ ਕਰੂੰਬਲ਼ਾਂ ਜਿਹੀਆ ਤੋੜ ਕੇ ਬੱਸ ਫਰਜਪੂਰਤੀ ਕਰ ਰਹੇ ਹਨ ? ਅਜ਼ਾਦ ਦੇਸ਼ ਦੀ ਵਾਸੀ ਹੋਣ ਦੇ ਨਾਤੇ ਮੈਨੂੰ ਆਪਣੀ ਗੱਲ ਕਹਿਣ ਦਾ ਪੂਰਾ ਹੱਕ ਤੇ ਮੈ ਕਹਿ ਵੀ ਦਿੱਤਾ ਜੋ ਮੇਰੀ ਸਮਝ ਆਇਆ । ਮੇਰੇ ਪੰਜਾਬ ਵਾਸਿਉ ਉੱਠੋ ਜਾਗੋ ਆਪਣੇ ਇਤਿਹਾਸ ਨੂੰ ਯਾਦ ਕਰੋ ਤੇ ਖਾਲਸੇ ਦੇ ਪੁੱਤਰ ਹੋਣ ਦਾ ਫਰਜ ਪੂਰਾ ਕਰੋ । ਨਸ਼ੇ ਦੀ ਜੜ ਪੁੱਟੋ ਤੇ ਆਪਣੇ ਸੋਹਣੇ ਵਤਨ ਨੂੰ ਬਦਨਾਮੀ ਤੋਂ ਬਚਾਉ ।ਵਰਨਾ ਵਿੱਕੀ ਜ਼ਮੀਰ ਵਾਲੇ ਕੁੱਝ ਆਗੂ ਪੰਜਾਬ ਨੂੰ ਖਾ ਜਾਣਗੇ । ਜਾਗੋ ਪਛਾਣੋ ਆਪਣੇ ਆਪ ਨੂੰ । ਕੱਢੋ ਕੋਹੜ ਬਾਹਰ ਤੇ ਇਸ ਸ਼ਿਜਸ਼ ਦਾ ਪਰਦਾ ਫਾਸ ਕਰ ਦੇਵੋ ।ਮੇਰੀ ਸੋਚ ਲਿੱਖੀ ਮੈ ਕੁੱਝ ਗਲਤ ਲੱਗੇ ਤਾਂ ਮਾਫ਼ ਕਰਨਾ ਪਰ ਪ੍ਰਿਤਪਾਲ ਸੱਚ ਲਿੱਖਦੀ ਹੈ ਨਿੱਡਰ ਹੋ ਕੇ ਤੇ ਲਿੱਖਦੀ ਰਹੇਗੀ ।



Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 372 Website: www.preetnama.com Email preetnamausa@gmail.com 25 SEPT TO 01 OCT, 2026

# इधर जिनपिंग ने अमेरिका में किया लैंड, उधर सैटेलाइट इमेज ने कर दिया चीन के परमाणु वारहेड पर बड़ा खुलासा!

चीन देश भर में कई जगहों पर अपने परमाणु हथियार कार्यक्रम से जुड़े इंफ्रास्ट्रक्चर का विस्तार कर रहा है। परमाणु रिसर्च, हथियार बनाने और टेस्टिंग से जुड़ी सुविधाओं में नए निर्माण और अपग्रेड की खबरें हैं। द टेलीग्राफ ने सैटेलाइट तस्वीरों और परमाणु विशेषज्ञों के विश्लेषण के आधार पर रिपोर्ट दी है कि सात जगहों पर गतिविधियां देखी गई हैं- पिंगटोंग, जट्टिंग, लोप नूर, जिउक्वान, मियानयांग, जिंटा और गुआंगयुआन। यह निर्माण कार्य चीन के परमाणु हथियार इंफ्रास्ट्रक्चर के अलग-अलग हिस्सों में हो रहा है। यह सब ऐसे समय में हो रहा है जब चीनी राष्ट्रपति शी जिनपिंग सरकारी दौरे पर वाशिंगटन में हैं और अमेरिकी राष्ट्रपति डोनाल्ड ट्रंप के साथ बातचीत करने वाले हैं। अमेरिका पहुंचने के बाद शी जिनपिंग ने कहा कि चीन और अमेरिका को प्रतिद्वंद्वी नहीं, बल्कि साझेदार होना चाहिए। उन्होंने सहयोग, संतुलित प्रतिस्पर्धा और मतभेदों को संभालने लायक रखने पर आधारित स्थिर रिश्ते की वकालत की।

रिपोर्ट के अनुसार, सैटेलाइट तस्वीरों में चीन के परमाणु कार्यक्रम से जुड़े सात अलग-अलग जगहों पर निर्माण और अपग्रेड का काम दिखाई दे रहा है। मध्य चीन के पिंगटोंग में अखबार द्वारा बताए गए विशेषज्ञों का मानना ??है कि यह निर्माण प्लूटोनियम पिट्स (परमाणु हथियारों के मुख्य हिस्से) बनाने वाली सुविधाओं से जुड़ा है। सिचुआन प्रांत के ही जट्टिंग में भी नए बंकर और दूसरी संरचनाएं बनाए जाने की खबर है। लोप नूर और जिउक्वान की साइटें चीन के न्यूक्लियर टेस्टिंग और मिलिट्री प्रोग्राम से जुड़ी हैं, जबकि मियानयांग में न्यूक्लियर रिसर्च की बड़ी सुविधाएं मौजूद हैं। खबरों के मुताबिक जिंटा और गुआंगयुआन में भी निर्माण कार्य देखा गया है। सैटेलाइट तस्वीरों पर आधारित पिछली रिसर्च में सिचुआन में चीन की न्यूक्लियर सुविधाओं के काफी विस्तार का भी पता चला है। फरवरी में छपी न्यूयॉर्क टाइम्स की एक जांच रिपोर्ट में जट्टिंग और पिंगटोंग में नए निर्माण और मियानयांग में एक बड़ी लेज़र सुविधा के विस्तार के बारे में बताया गया था।



**चीन का न्यूक्लियर जखीरा कितना बड़ा है?**

फ़ेडरेशन ऑफ अमेरिकन साइंटिस्ट्स का अनुमान है कि चीन के पास अभी लगभग 620 न्यूक्लियर वॉरहेड हैं, जिससे उसका जखीरा न्यूक्लियर हथियार रखने वाले नौ देशों में तीसरा सबसे बड़ा बन गया है। ख्रस ने कहा कि भविष्य के डिलीवरी सिस्टम के लिए और वॉरहेड बनाए जा रहे हैं। इस अनुमान का मतलब यह नहीं है कि सभी 620 वॉरहेड तैनात हैं और तुरंत इस्तेमाल के लिए तैयार हैं। ख्रस का कहना है कि माना जाता है कि चीन के लगभग सभी न्यूक्लियर वॉरहेड उनके डिलीवरी सिस्टम से अलग रखे गए हैं, जो अमेरिका और रूस की ऑपरेशनल रूप से तैनात सेनाओं के सिस्टम से अलग है।

**क्या चीन और ज़्यादा परमाणु मिसाइलें बना रहा है?**

2026 न्यूक्लियर नोटबुक के अनुसार, चीन अपनी ज़मीन-आधारित परमाणु ताक़त को लगातार बढ़ा रहा है। देश सॉलिड-फ्यूल वाली इंटरकॉन्टिनेंटल बैलिस्टिक मिसाइलों के लिए साइलो (मिसाइल रखने के भूमिगत ठिकाने) के तीन बड़े नए क्षेत्रों पर काम कर रहा है, साथ ही अपनी लिक्विड-फ्यूल वाली DF-5 ICBMs के लिए भी अतिरिक्त साइलो बना रहा है। ख्रस का कहना है कि चीन नए ICBM वेरिएंट और अन्य एडवांस्ड स्ट्रैटेजिक डिलीवरी सिस्टम विकसित कर रहा है, और साथ ही अपनी दोहरी क्षमता वाली छ्रष्ठ-26 इंटरमीडिएट-रेंज बैलिस्टिक मिसाइल फ़ोर्स का भी विस्तार कर रहा है। इसलिए, चीन के परमाणु इंफ्रास्ट्रक्चर के विस्तार में सिर्फ़ मिसाइलों की संख्या बढ़ाना ही शामिल नहीं है। इसमें एक व्यापक और अधिक विविध परमाणु ताक़त को सपोर्ट करने के लिए ज़रूरी सुविधाएं, रिसर्च और प्रोडक्शन क्षमताएं भी शामिल हैं।

# रूस 47 देशों के नागरिकों का युद्ध में कर रहा इस्तेमाल, भारत का नाम लेकर UN में जेलेंस्की ने क्या बोला?

यूक्रेन के राष्ट्रपति वोलोडिमिर ज़ेलेंस्की ने बुधवार को रूस पर आरोप लगाया कि वह यूक्रेन के खिलाफ़ युद्ध में 47 देशों के नागरिकों का इस्तेमाल कर रहा है। उन्होंने भारत, नेपाल, घाना और कई अन्य देशों का ज़िक्र किया। न्यूयॉर्क में ह जनरल असेंबली को संबोधित करते हुए, ज़ेलेंस्की ने उन देशों की सरकारों से अपील की जिनके नागरिक इस युद्ध में शामिल हो गए हैं, कि वे रूस को और लोगों को इस संघर्ष में शामिल करने से रोकें। ज़ेलेंस्की ने कहा कि हम जानते हैं कि रूस अपनी जंग में 47 देशों के नागरिकों का इस्तेमाल करता है। उन्होंने घाना, नेपाल, ताजिकिस्तान, भारत, यमन, केन्या, जिम्बाब्वे, क्यूबा, बेलारूस, सूडान और दक्षिण अफ़्रीका जैसे देशों का ज़िक्र किया। उन्होंने आरोप लगाया कि कुछ विदेशी नागरिक धोखे से रूस पहुँच गए और संबंधित देशों से इस मामले में कार्रवाई करने की अपील की।



1987 ਵੱਚ ਮਹਿੰਦਰ ਸਿੰਘ ਟਿਕੈਤ ਨੇ ਮੁਜ਼ੱਫਰਨਗਰ ਜਿਲ੍ਹੇ ਵਿੱਚ ਕਿਸਾਨਾਂ ਦੇ ਟਿਊਬਵੈੱਲਾਂ ਦੇ ਬਿਜਲੀ ਬਿੱਲ ਮਾਫ ਕਰਵਾਉਣ ਲਈ ਪਹਿਲਾ ਮੁਜ਼ਾਹਰਾ ਕੀਤਾ। ਜੁਲਾਈ 1990 ਵਿੱਚ ਉਸ ਨੇ ਦੋ ਲੱਖ ਕਿਸਾਨਾਂ ਨੂੰ ਨਾਲ ਲੈ ਕੇ ਯੂ.ਪੀ. ਦੀ ਰਾਜਧਾਨੀ ਲਖਨਊ ਵਿਖੇ ਧਰਨਾ ਸ਼ੁਰੂ ਕਰ ਦਿੱਤਾ। ਉਸ ਦੀਆਂ ਮੁੱਖ ਮੰਗਾਂ ਵਿੱਚ ਗੰਨੇ ਦੇ ਵਧੇਰੇ ਰੇਟ ਅਤੇ ਬਿਜਲੀ ਦੇ ਬਿੱਲ ਮਾਫ ਕਰਵਾਉਣੇ ਸ਼ਾਮਲ ਸਨ। ੧੫ ਦਿਨ ਦੇ ਧਰਨੇ ਨਾਲ ਹੀ ਯੂ.ਪੀ. ਸਰਕਾਰ ਦੀਆਂ ਚੂਲਾਂ ਹਿੱਲ ਗਈਆਂ ਕਿਉਂਕਿ ਉਸ ਨੇ ਸਾਰੇ ਪਾਸੇ ਤੋਂ ਲਖਨਊ ਨੂੰ ਜਾਮ ਕਰ ਦਿੱਤਾ ਸੀ। ਮੁੱਖ ਮੰਤਰੀ ਨੇ ਖੁਦ ਆਪ ਧਰਨੇ ਵਿੱਚ ਜਾ ਕੇ ਉਸ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਕਰ ਲਈਆਂ। 1992 ਵਿੱਚ ਉਸ ਨੇ ਦੁਬਾਰਾ ਲੱਖਾਂ ਕਿਸਾਨਾਂ ਸਮੇਤ ਲਖਨਊ ਵਿਖੇ ਧਰਨਾ ਸ਼ੁਰੂ ਕੀਤਾ ਤਾਂ ਜੋ ਕਿਸਾਨਾਂ ਦੇ 10000 ਰੁਪਏ ਤੱਕ ਦੇ ਕਰਜ਼ੇ ਮਾਫ ਕੀਤੇ ਜਾਣ ਅਤੇ ਐਕੁਆਇਰ ਕੀਤੀਆਂ ਜਾਣ ਵਾਲੀਆਂ ਜ਼ਮੀਨਾਂ ਦੇ ਵੱਧ ਰੇਟ ਮਿਲ ਸਕਣ। ਸਰਕਾਰ ਨੂੰ ਇਸ ਵਾਰ ਵੀ ਉਸ ਦੀਆਂ ਮੰਗਾਂ ਮੰਨਣੀਆਂ ਪਈਆਂ। ਜਿਸ ਕਾਰਨਾਮੇ ਲਈ ਉਸ ਨੂੰ ਅੱਜ ਤੱਕ ਯਾਦ ਕੀਤਾ ਜਾਂਦਾ ਹੈ, ਉਹ ਹੈ ਉਸ ਦਾ ਦਿੱਲੀ ਵਿਖੇ ਬੋਟ ਕਲੱਬ ਧਰਨਾ। 1988 ਵਿੱਚ ਉਸ ਨੇ ਪੰਜ ਲੱਖ ਕਿਸਾਨਾਂ ਸਮੇਤ ਨਵੀਂ ਦਿੱਲੀ ਵਿੱਚ ਸਥਿੱਤ ਬੋਟ ਕਲੱਬ ਵਿਖੇ ਧਰਨਾ ਦਿੱਤਾ। ਕੀੜੀਆਂ ਵਾਂਗ ਆਏ ਕਿਸਾਨਾਂ ਨੇ ਬੋਟ ਕਲੱਬ ਤੋਂ ਲੈ ਕੇ ਵਿਜੇ ਚੌਂਕ ਤੱਕ ਦੇ ਪੌਸ਼ ਇਲਾਕੇ ਵਿੱਚ ਤੰਬੂ ਗੱਡ ਲਏ। ਕੁਝ ਦਿਨ ਤਾਂ ਸਰਕਾਰ ਅੜੀ ਰਹੀ, ਪਰ ਜਦੋਂ ਸਾਰਾ ਸਰਕਾਰੀ ਕੰਮ ਕਾਜ ਰੁਕ ਗਿਆ ਤਾਂ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਨੇ ਉਸ ਦੀਆਂ ਗੰਨੇ ਦੇ ਵੱਧ ਰੇਟ ਦੇਣ, ਬਿਜਲੀ ਤੇ ਪਾਣੀ ਦੇ ਬਿੱਲ ਮਾਫ ਕਰਨ ਸਮੇਤ 35 ਮੰਗਾਂ ਮੰਨ ਲਈਆਂ। ਉਸ ਨੂੰ ਕਈ ਵਾਰ ਗ੍ਰਿਫਤਾਰ ਕੀਤਾ ਤੇ ਜੇਲ੍ਹ ਭੇਜਿਆ ਗਿਆ, ਪਰ ਹਰ ਵਾਰ ਕਿਸਾਨਾਂ ਦੇ ਦਬਾਅ ਕਾਰਨ ਰਿਹਾਅ ਕਰਨਾ ਪਿਆ। 2ਅਪਰੈਲ 2008 ਨੂੰ ਤਾਂ ਉਸ ਨੂੰ ਗ੍ਰਿਫਤਾਰ ਕਰਨ ਲਈ 10000 ਪੁਲਿਸ ਵਾਲਿਆਂ ਨੂੰ ਉਸ ਦੇ ਪਿੰਡ ਦੁਆਲੇ ਘੇਰਾ ਪਾਉਣਾ ਪਿਆ ਸੀ। ਸਭ ਤੋਂ ਖਾਸ ਗੱਲ ਇਹ ਹੈ ਕਿ ਉਸ ਦੇ ਪ੍ਰਦਰਸ਼ਨ ਹਮੇਸ਼ਾਂ ਸ਼ਾਂਤਮਈ ਅਤੇ ਸਖਤ ਅਨੁਸ਼ਾਸ਼ਨ ਵਾਲੇ ਹੁੰਦੇ ਸਨ। ਉਸ ਨੇ ਕਦੇ ਵੀ ਕਿਸੇ ਸਰਕਾਰੀ ਸੰਪਤੀ ਜਾਂ ਸੁਰੱਖਿਆ ਬਲ ਨੂੰ ਨੁਕਸਾਨ ਨਹੀਂ ਸੀ ਪਹੁੰਚਾਇਆ। ਇਹ ਬਹੁਤ ਘੱਟ ਵਾਰ ਹੋਇਆ ਸੀ ਕਿ ਉਸ ਅਧੀਨ ਲੱਗੇ ਧਰਨੇ ਜਾਂ ਪ੍ਰਦਰਸ਼ਨ ਵੇਲੇ ਹੋਈ ਹੁੱਲੜਬਾਜ਼ੀ ਕਾਰਨ ਪੁਲਿਸ ਨੂੰ ਲਾਠੀਚਾਰਜ ਆਦਿ ਕਰਨਾ ਪਿਆ ਹੋਵੇ। 15 ਮਈ 2011 ਨੂੰ ਕੈਂਸਰ ਕਾਰਨ ਇਸ ਚਮਤਕਾਰੀ ਕਿਸਾਨ ਨੇਤਾ ਦੀ ਮੁਜ਼ੱਫਰਨਗਰ ਦੇ ਇੱਕ ਹਸਪਤਾਲ ਵਿੱਚ ਮੌਤ ਹੋ ਗਈ।

# ਜ਼ਿੰਦਗੀ ਦਾ ਸਲੀਕਾ... ਸ਼ੁਕਰਾਨਾ



ਰੇਣੂ ਕੌਸ਼ਲ (ਸਟੇਟ ਅਵਾਰਡੀ)
ਮੋਬ: 9876877607

ਖ਼ੁਦ ਨੂੰ ਧੰਨਭਾਗੀ ਮਹਿਸੂਸ ਕਰਨ ਵਾਲਾ ਮਨ ਚਮਤਕਾਰਾਂ ਦੀ ਚੁੰਬਕ ਹੁੰਦਾ ਹੈ। ਅਮਰੀਕਨ ਲੇਖਕ ਨੀਲ ਡੋਨਲਡ ਵਾਸ਼ ਦਾ ਵੀ ਕਹਿਣਾ ਹੈ ਕਿ ਜਿੱਥੋਂ ਸ਼ੁਕਰਾਨਾ ਸ਼ੁਰੂ ਹੁੰਦਾ ਹੈ, ਉੱਥੇ ਸੰਘਰਸ਼ ਮੁੱਕ ਜਾਂਦਾ ਹੈ।ਊੜੇ ਤੋਂ ਓਂਕਾਰ ਕਹਿ ਲਈਏ ਜਾਂ ਅਲਫ਼ ਤੋਂ ਅੱਲ੍ਹਾ, ਭਾਸ਼ਾ ਦੇ ਸ਼ੁਰੂਆਤੀ ਅੱਖਰਾਂ ਵਾਂਗ ਜੀਵਨ ਦੀ ਸ਼ੁਰੂਆਤ ਵੀ ਅਧਿਆਤਮਕ ਹੋ ਜਾਵੇ ਤਾਂ ਅਨੰਦ ਦੇ ਅਥਾਹ ਰਤਨ ਜੀਵਨ ਤੇ ਆਪਣੀ ਮਲਕੀਅਤ ਦੀ ਮੋਹਰ ਲਗਾਉਂਦੇ ਹਨ। ਧੰਨਭਾਗੀ ਮਨ ਨੇ ਸ਼ੁਕਰਾਨੇ ਸੰਬੰਧੀ ਕੁਝ ਲਿਖਣਾ ਚਾਹਿਆ। ਸੋਚ ਰਹੀ ਸੀ ਕਿ ਕੀ ਲਿਖਾਂ...? ਪਰ ਸੋਚਿਆ ਕਿ,ਕੀ ਛੱਡਾਂ...? ਜ਼ਿੰਦਗੀ ਦਾ ਹਰ ਪਲ ਕਿਸੇ ਨਾ ਕਿਸੇ ਦੀ ਮੱਦਦ ਰੂਪੀ ਦਾਤਾਂ ਦੇ ਦਾਨ ਨਾਲ ਰਿਣੀ ਹੈ ।ਮਾਪਿਆਂ ਦੀ ਮਿਹਰ ਸਦਾ ਹੀ ਬਾਲਪਨ ਅਤੇ ਜਵਾਨੀ ਦੇ ਜ਼ਮਾਨੇ ਵਿਚ ਜੀਵਨ-ਦਾਇਕ ਸਿੱਧ ਹੁੰਦੀ ਹੈ।ਪਤੀ-ਪਤਨੀ ਦੀ ਆਂਤਰਿਕ ਸਮਝ ਨਾਲ ਦੰਪਤੀ ਜੀਵਨ ਖ਼ੁਸ਼ੀਆਂ ਖੇੜਿਆਂ ਨਾਲ ਭਰ ਜਾਂਦਾ ਹੈ।ਬੱਚਿਆਂ ਦੇ ਵਿਸ਼ਵਾਸ ਅਤੇ ਪਿਆਰ ਦੀਆਂ ਤੰਦਾਂ ਜੀਵਨ ਦੇ ਤਾਣੇ-ਬਾਣੇ ਨੂੰ ਇਕ-ਜੁੱਟਤਾ ਵਿਚ ਬੰਨ੍ਹ ਕੇ ਰੱਖਦੀਆਂ ਹਨ ।ਜੀਵਨ ਦੇ ਹਰ ਮੋੜ ਤੇ ਜਾਣੇ-ਅਣਜਾਣੇ ਰਿਸ਼ਤੇ ਆਪਣੀ ਅਦਭੁਤ ਆਭਾ ਨਾਲ ਜੀਵਨ ਤੇ ਆਪਣਾ ਅਨਮੋਲ ਅਸਰ ਛੱਡਦੇ ਹਨ। ਦਰਿਆ-ਦਿਲ ਦੋਸਤ ਦੁੱਖ-ਸੁੱਖ ਵਿਚ ਥੰਮ੍ਹ ਬਣਦੇ ਹਨ। ਗਹਿਣਿਆਂ ਵਰਗਾ ਗਵਾਂਢ ਗਮ ਵੰਡਣ ਦੇ ਨਾਲ-ਨਾਲ ਖ਼ੁਸ਼ੀਆਂ ਦੀ ਬੈਂਲ ਵੀ ਵਜਾਉਂਦਾ ਹੈ । ਜੀਵਨ ਜਿਊਣ ਦੀ ਕਲਾ ਸਿਖਾਉਣ ਵਾਲੇ ਅਧਿਆਪਕ ਜ਼ਿੰਦਗੀ ਦੀਆਂ ਲੀਹਾਂ ਤੇ ਦੀਵੇ ਵਾਂਗ ਰੌਸ਼ਨੀ ਕਰਦੇ ਹਨ। ਨੇੜਲੇ ਅਤੇ ਦੂਰ-ਦੁਰਾਡੇ ਦੇ ਰਿਸ਼ਤੇਦਾਰ ਅਤੇ ਹਰ ਉਹ ਵਿਅਕਤੀ ਵਿਸ਼ੇਸ਼ ਜਿਸ ਨੇ ਗਾਹੇ-ਬਗਾਹੇ ਆਪਣੀ ਸਹਾਇਤਾ ਅਤੇ ਆਸਰੇ ਦੇ ਕੀਮਤੀ ਖਜ਼ਾਨੇ ਤੁਹਾਡੇ ਲਈ ਲੁਟਾਏ ਹਨ, ਲਈ ਹਮੇਸ਼ਾ ਸ਼ੁਕਰਗੁਜ਼ਾਰ ਰਹੀਏ। ਸਬੰਧਾਂ ਲਈ ਧੰਨਵਾਦੀ ਅਤੇ ਧੰਨਭਾਗੀ ਹੋਣਾ ਸਾਨੂੰ ਰਿਸ਼ਤਿਆਂ ਦਾ ਧਨੀ ਬਣਾਉਂਦਾ ਹੈ ।ਧੰਨਵਾਦ ਦੇ ਦੋ ਸ਼ਬਦ ਇਨਸਾਨ ਦੇ ਮਨ ਨੂੰ ਪਿਆਰ ਦੀ ਮਹਿਕ ਨਾਲ ਮਹਿਕਾ ਦਿੰਦੇ ਹਨ ਨਤੀਜਾ ਇਹ ਹੁੰਦਾ ਹੈ ਕਿ ਆਪਸੀ ਮੋਹ ਰੱਬ ਦੀ ਮਿਹਰ ਬਣਕੇ ਪੁੰਗਰਨ ਲੱਗਦਾ ਹੈ। ਛੋਟੀ-ਵੱਡੀ ਹਰ ਚੀਜ਼, ਹਰ ਸ਼ੈਅ ਲਈ ਜੋ ਪਰਮ ਪਿਤਾ ਪ੍ਰਮਾਤਮਾ ਨੇ ਸਾਨੂੰ ਬਖਸ਼ੀ ਹੈ,ਲਈ ਧੰਨਵਾਦੀ ਅਤੇ ਧੰਨਭਾਗੀ ਰਹੀਏ। ਕੁਦਰਤ ਦੇ ਬੇਸ਼ਕੀਮਤੀ ਤੋਹਫ਼ੇ ਜਿਵੇਂ ਹਵਾ ਜੋ ਹਰ ਪਾਸੇ ਹੈ, ਸਾਨੂੰ ਬੇਸ਼ੱਕ ਦਿਖਾਈ ਨਹੀਂ ਦਿੰਦੀ ਪਰ ਸਾਡੀ ਦਿਖਦੇ ਅਤੇ ਜਿਉਂਦੇ ਰਹਿਣ ਦੀ ਹੋਂਦ ਨੂੰ ਬਣਾਈ ਰੱਖਦੀ ਹੈ। ਪਾਣੀ ਜੋ ਸਾਡੀ ਪਲ਼-ਪਲ਼ ਦੀ ਜ਼ਰੂਰਤ ਹੈ ਜੋ ਕਿ ਸਜੀਵ ਦੇ ਨਾਲ-ਨਾਲ ਨਿਰਜੀਵ ਵਸਤਾਂ ਲਈ ਵੀ ਲੋੜੀਂਦਾ ਹੈ, ਲਈ ਕੁਦਰਤ ਦਾ ਹਰ ਪਲ ਧੰਨਵਾਦ ਕਰੀਏ। ਸਭ ਤੋਂ ਉੱਤੇ ,ਜੋ ਉਸ ਦੀ ਬਖ਼ਸ਼ਿਸ਼ ਹੈ ....ਨਰੋਆ, ਸਿਹਤਮੰਦ ਅਤੇ ਸਵਸਥ ਸਰੀਰ ਜਿਸ ਨਾਲ ਪਲ਼ ਪਲ਼ ਅਸੀਂ ਜੀਵਨ ਦੀ ਸੁੰਦਰਤਾ ਨੂੰ ਮਾਣਦੇ ਹਾਂ,ਲਈ ਖੁੱਲ੍ਹੀਆਂ ਅਤੇ ਬੰਦ ਅੱਖਾਂ ਨਾਲ ਹਰ ਪਲ਼ ਉਸ ਦਾ ਧੰਨਵਾਦ ਕਰੀਏ। ਹਜ਼ਾਰਾਂ ਖਾਣਪੀਣ ਅਤੇ ਐਸ਼ੋ-ਆਰਾਮ ਦੀਆਂ ਨਿਆਮਤਾਂ ਨਾਲ ਨਿਵਾਜ਼ੇ ਤੋਹਫ਼ਿਆਂ ਲਈ ਕੁਦਰਤ ਦਾ ਕੋਟਿ-ਕੋਟਿ ਧੰਨਵਾਦ ਕਰੀਏ।ਪੈਸਾ- ਧੇਲਾ ਜਿਸ ਦਾ ਸਾਨੂੰ ਮਾਲਕ ਬਣਾਇਆ ਹੈ,ਲਈ ਖ਼ੁਦ ਨੂੰ ਭਾਗਸ਼ਾਲੀ ਮੰਨਦੇ ਹੋਏ ਰੱਬ ਦਾ ਸ਼ੁਕਰੀਆ ਕਰਨਾ ਆਪਣੀ ਆਦਤ ਦਾ ਜ਼ਰੂਰੀ ਹਿੱਸਾ ਬਣਾਈਏ।ਕੇਵਲ ਪਿਆਰ ਕਰਨ ਵਾਲਿਆਂ ਅਤੇ ਪਰਮਾਤਮਾ ਲਈ ਹੀ ਨਹੀਂ, ਵਿਚਾਰੇ ਵੈਰੀਆਂ- ਵਿਰੋਧੀਆਂ ਲਈ ਵੀ ਸ਼ੁਕਰਾਨੇ ਦਾ ਭਾਵ ਰੱਖੀਏ ਕਿਉਂ ਕਿ ਇਹੋ ਲੋਕ ਜਿੱਥੇ ਸਾਨੂੰ ਰਾਹਾਂ ਦੇ ਰੋੜਾਂ ਨਾਲ ਨਜਿੱਠਣਾ ਸਿਖਾਉਂਦੇ ਹਨ ਉੱਥੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਾਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਜ਼ੋਰਾਵਰ ਬਣਾਉਣ ਦਾ ਜ਼ਰੀਆ ਵੀ ਸਿੱਧ ਹੁੰਦੇ ਹਨ। ਨਦੀ ਦਾ ਵਹਾਅ ਇੱਕ ਪਾਸੇ ਤੋਂ ਰੋਕ ਦਿੱਤਾ ਜਾਵੇ ਤਾਂ ਵਹਿੰਦਾ ਨੀਰ ਦੂਜਾ ਰਸਤਾ ਲੱਭ ਲੈਂਦਾ ਹੈ। ਇਸੇ ਤਰ੍ਹਾਂ ਦੁਸ਼ਮਣ ਵੀ ਤੁਹਾਡੇ ਲਈ ਨਵੇਂ ਰਾਹ ਖੋਲ੍ਹਦੇ ਹਨ। ਇਸ ਦੀ ਖ਼ੂਬਸੂਰਤ ਮਿਸਾਲ ਮਦਰ ਟੈਰੇਸਾ ਹੈ ਜਦੋਂ ਉਹ ਨੇਕ ਅਤੇ ਦਿਆਲੂ ਇਸਤਰੀ ਬੱਚਿਆਂ ਲਈ ਦਾਨ ਲੈਣ ਇੱਕ ਧਨਾਢ ਕੋਲ ਪੁੱਜੀ ਅਤੇ ਜਿਵੇਂ ਹੀ ਉਸਨੇ ਆਪਣਾ ਹੱਥ ਦਾਨ ਲਈ ਅੱਗੇ ਵਧਾਇਆ ਤਾਂ ਉਸ ਅਹੰਕਾਰੀ ਧਨਾਢ ਨੇ ਮੈਡਮ ਟਰੇਸਾ ਦੀ ਹਥੇਲੀ ਤੇ ਥੁੱਕ ਦਿੱਤਾ।ਥੁੱਕ ਵਾਲੀ ਹਥੇਲੀ ਦੀ ਮੁੱਠੀ ਮੀਚ ਕੇ ਉਸ ਹੱਥ ਪਿੱਛੇ ਕਰ ਲਿਆ ਅਤੇ ਦੂਜਾ ਹੱਥ ਅੱਗੇ ਵਧਾਉਂਦਿਆ ਕਿਹਾ," ਇਹ ਤਾਂ ਮੇਰੇ ਲਈ ਸੀ, ਹੁਣ ਬੱਚਿਆਂ ਲਈ ਦਿਓ...ਕੀ ਦੇਣਾ ਹੈ ? ਦਿਲ ਨੂੰ ਪਸੀਜਣ ਵਾਲੀ ਇਹ ਘਟਨਾ ਉਸ ਨੂੰ ਪਰਮੇਸ਼ਰ ਅਤੇ ਪਰਮਾਰਥ ਦੇ ਰਸਤੇ ਤੇ ਹੋਰ ਵੀ ਡੂੰਘਾ ਲੈ ਗਈ। ਅੱਜ ਦੇ ਸਮੇਂ ਓਹੀ ਇਸਤਰੀ ਵਿਸ਼ਵ ਦੇ ਬੱਚੇ-ਬੱਚੇ ਦੇ ਦਿਲ ਵਿਚ ਰਾਜ ਕਰ ਰਹੀ ਹੈ। ਇਸ ਲਈ ਰੱਬ ਦੀ ਹਰ ਰਜ਼ਾ ਚ ਰਾਜ਼ੀ ਰਹੀਏ ।ਰੱਬ ਕੋਲੋਂ ਸਾਡੀਆਂ ਮੰਗਾਂ ਵੱਧ ਅਤੇ ਸ਼ੁਕਰਾਨੇ ਘੱਟ ਹੁੰਦੇ ਹਨ। ਈਸ਼ਵਰ ਦੇ ਹਰ ਫ਼ੈਸਲੇ ਦਾ ਇਸਤਕਬਾਲ ਕਰੀਏ ।ਸ਼ੁਕਰਾਨੇ ਦੇ ਸਿੱਟਿਆਂ ਨੂੰ ਦਾਤਾਂ ਦੇ ਦਾਣੇ ਪੁੰਗਰਦੇ ਹਨ। ਪਰਮਪਿਤਾ ਪਰਮਾਤਮਾ ਦੇ ਸ਼ੁਕਰਾਨੇ ਨਾਲ਼ ਜੀਵਨ-ਰਾਹ ਰਹਿਮਤਾਂ ਦੀ ਰੌਸ਼ਨੀ ਨਾਲ ਰੁਸ਼ਕਦੇ ਹਨ ।ਆਦਮ-ਜ਼ਾਤ ਹੀ ਹੈ ਜੋ ਆਪਣੀ ਜੀਭ ਨਾਲ ਹਰੇਕ ਦਾ ਧੰਨਵਾਦ ਕਰ ਸਕਦੀ ਹੈ। ਇਨਸਾਨੀ ਚੋਲੇ ਵਿੱਚ ਹੀ ਗਿਆਨ ਨੂੰ ਸਮਝਣ ਅਤੇ ਵਰਤਣ ਦੀ ਸਮਝ ਹੁੰਦੀ ਹੈ।ਮਨ,ਬਾਣੀ ਅਤੇ ਕਰਮਾਂ ਤੋਂ ਧੰਨਵਾਦੀ ਹੋਣਾ ਸਾਨੂੰ ਸਹਿਜ ਬਣਾਉਂਦਾ ਹੈ। ਧੰਨਭਾਗੀ ਰਹੀਏ ਉਨ੍ਹਾਂ ਗੁਣਾਂ ਲਈ ਜੋ ਪਰਮਾਤਮਾ ਨੇ ਸਾਨੂੰ ਦਿੱਤੇ ਹਨ ।ਪਰਮਾਤਮਾ ਵੱਲੋਂ ਬਖਸ਼ੀਆਂ ਉਨ੍ਹਾਂ ਪ੍ਰਤਿਭਾਵਾਂ ਲਈ ਧੰਨਵਾਦੀ ਹੋ ਜਾਈਏ ਜਿਨ੍ਹਾਂ ਨਾਲ ਅਸੀਂ ਸਮਾਜ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਸ਼ੁਕਰਾਨਾ ਜਤਾਉਣ ਦਾ ਇਕ ਤਰੀਕਾ ਇਹ ਵੀ ਹੈ ਕਿ ਆਪਣੇ ਹੁਨਰ ,ਆਪਣੀ ਤਾਕਤ ਅਤੇ ਆਪਣੀਆਂ ਪ੍ਰਾਪਤੀਆਂ ਦਾ ਦੂਜਿਆਂ ਨੂੰ ਫਾਇਦਾ ਦੇਈਏ।ਲੋੜਵੰਦ ਅਤੇ ਗਰੀਬ ਦੀ ਸਹਾਇਤਾ ਕਰੀਏ। ਤੁਸੀਂ ਦੇਖ ਸਕਦੇ ਹੋ ਨਾਸ਼ੁਕਰੇ ਲੋਕਾਂ ਦੀ ਜ਼ਿੰਦਗੀ ਅਲਾਮਤਾਂ ਨਾਲ ਭਰੀ ਹੁੰਦੀ ਹੈ ।ਜਿਵੇਂ ਜ਼ਿੱਦੀ, ਢੀਠ ਅਤੇ ਨਾਸ਼ੁਕਰੇ ਜੁਆਕਾਂ ਦੇ ਮਾਪੇ ਹਮੇਸ਼ਾ ਦੁਖੀ ਰਹਿੰਦੇ ਹਨ ਉਵੇਂ ਹੀ ਨਾ ਸ਼ੁਕਰਿਆਂ ਲਈ ਉੱਪਰ ਵਾਲੇ ਦੀ ਪ੍ਰਚੰਡਤਾ ਦਾ ਪ੍ਰਵਾਹ ਜਾਰੀ ਰਹਿੰਦਾ ਹੈ। ਇਸ ਲਈ ਕਿਉਂ ਨਾ ਉਸ ਈਸ਼ਵਰ ਦਾ ਹਰ ਸਾਹ 'ਚ ਸ਼ੁਕਰਾਨਾ ਅਦਾ ਕਰਦੇ ਰਹੀਏ। ਈਸ਼ਵਰ ਦੇ ਇਸ਼ਕ ਦਾ ਆਨੰਦ ਹੀ ਕੁਝ ਹੋਰ ਹੁੰਦਾ ਹੈ।ਆਓ ਉੱਠਦੇ ਬਹਿੰਦੇ,ਸੌਂਦੇ ਜਾਗਦੇ ਉਸ ਪਾਲਣਹਾਰ ਪ੍ਰਤਿਪਾਲਕ ਦਾ ਹੱਥੀਂ-ਬੰਨ੍ਹੀ ਧੰਨਵਾਦ ਕਰਦੇ ਰਹੀਏ। ਸ਼ੁਕਰਾਨੇ ਦੇ ਸਿਮਰਨ ਦੀ ਸ਼ੀਰਨੀ ਦੇ ਸੁਆਦ ਚ ਵਿਚਰਦਿਆਂ ਹਰ ਪਲ ਧੰਨਭਾਗੀ ਭਾਵ ਚ ਰਹਿਦੇ ਹੋਏ ਹਰ ਪਲ, ਪਲ਼-ਪਲ਼-ਰੱਬਾ ਤੇਰਾ ਲੱਖ ਲੱਖ ਧੰਨਵਾਦ।

# "ਨਿਬਾਹੂ ਸਿੰਘ ਰੰਗਰੇਟਾ"

ਜ਼ਿਲ੍ਹਾ ਗੁੱਜਰਾਂਵਾਲਾ ਦੀ ਤਹਿਸੀਲ ਦਾ ਇੱਕ ਨਗਰ ਏਮਨਾਬਾਦ(ਐਮਨਾਬਾਦ)ਇਸ ਨਗਰ ਵਿੱਚ ਸਿੱਖਾਂ ਦਾ ਇੱਕ ਜਥਾ ਰੁਕਿਆ। ਉਸ ਵਕਤ ਐਮਨਾਬਾਦ ਦਾ ਫ਼ੌਜਦਾਰ ਜਸਪਤ ਰਾਏ ਸੀ ਜੋ ਕਿ ਲਾਹੌਰ ਦੇ ਵਜ਼ੀਰ ਲਖਪਤ ਦਾ ਭਰਾ ਸੀ। ਲਖਪਤ ਰਾਏ ਜ਼ਕਰੀਆ ਖਾਂ (ਸੂਬੇਦਾਰ-ਏ- ਲਾਹੌਰ 1726-1745)ਅਧੀਨ ਵਜ਼ੀਰੀ ਕਰਦਾ ਸੀ।ਜ਼ਕਰੀਆ ਖ਼ਾਂ ਬੜਾ ਕੱਟੜ ਸੀ। ਉਹ ਸਿੱਖਾਂ ਦਾ ਖੁਰਾਖੋਜ ਮਿਟਾਉਣਾ ਚਾਹੁੰਦਾ ਸੀ। ਉਸ ਨੇ ਵੱਡੇ ਪੱਧਰ ਤੇ ਲਾਹੌਰ ਵਿਚ ਕਤਲੇਆਮ ਸ਼ੁਰੂ ਕੀਤਾ।ਇੱਥੋਂ ਤੱਕ ਕਿ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਉਣੇ ਸ਼ੁਰੂ ਕਰ ਦਿੱਤੇ।ਸਿੱਖਾਂ 'ਤੇ ?ਅੰਮ੍ਰਿਤਸਰ ਜਾਣ ਦੀ ਪਾਬੰਦੀ ਲਗਾ ਦਿੱਤੀ ਗਈ।ਉਹ ਹਰ ਹੀਲੇ ਸਿੱਖਾਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ। ਉੱਧਰ ਐਮਨਾਬਾਦ ਵਿੱਚ ਸਿੱਖਾਂ ਦੇ ਆਉਣ ਬਾਰੇ ਸੁਣ ਕੇ ਜਸਪਤ ਰਾਏ ਲਾਲ ਪੀਲਾ ਹੋਇਆ। ਸਿੱਖਾਂ ਨੇ ਜਸਪਤ ਰਾਏ ਕੋਲ ਬੇਨਤੀ ਕੀਤੀ ਕਿ ਉਹ ਕਿਸੇ ਨਾਲ ਵੀ ਵਧੀਕੀ ਨਹੀਂ ਕਰਨਗੇ।ਉਹ ਇੱਕ ਰਾਤ ਹੀ ਇੱਥੇ ਠਹਿਰਨਗੇ ਅਤੇ ਫਿਰ ਆਪ ਹੀ ਚਲੇ ਜਾਣਗੇ।ਪ੍ਰੰਤੂ ਜਸਪਤ ਰਾਏ ਸਿੱਖਾਂ ਦੀ ਇਕ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ।ਉਹ ਆਪ ਹਾਥੀ ਚੜਿਆ ਤੇ ਕੁਝ ਕੁ(ਉਸਨੂੰ ਇਹ ਸੀ ਕਿ ਇਹ ਮੁੱਠੀ ਭਰ ਸਿੱਖ ਕਿਤੇ ਕਿੰਨੇ ਕੁ ਨੇ ਤੇ ਮੇਰੇ ਸਿਪਾਹੀ ਬਹਾਦਰ ਨੇ,,,, ਸ਼ਾਇਦ ਇਹ ਉਸਦੀ ਗਲਤ ਕਲਪਨਾ ਸੀ)ਸੈਨਿਕਾਂ ਸਮੇਤ ਅਚਾਨਕ ਹਮਲਾ ਕੀਤਾ ।ਦੋਹਾਂ ਫੌਜਾਂ ਵਿਚਾਲੇ ਬੱਦੋ ਕੀ ਗੁਸਾਈਆਂ ਪਿੰਡ ਪਾਸ ਮੁਠਭੇੜ ਹੁੰਦੀ ਹੈ।ਚਲਦੀ ਲੜਾਈ ਵਿੱਚ ਅਚਾਨਕ ਇੱਕ ਫੁਰਤੀਲੇ ਸਿੱਖ ਨਿਬਾਹੂ ਸਿੰਘ ਰੰਗਰੇਟੇ ਨੇ ਹਾਥੀ ਦੀ ਪੂਛ ਫੜੀ ਤੇ ਉੱਪਰ ਚੜ ਗਿਆ ਤੇ ਤਲਵਾਰ ਦਾ ਐਸਾ ਵਾਰ ਕੀਤਾ ਕਿ ਜਸਪਤ ਰਾਏ ਦਾ ਸਿਰ ਵੱਢ ਦਿੱਤਾ।ਜਿਹਨਾਂ ਨੂੰ ਜਸਪਤ ਰਾਏ ਬਹਾਦਰ ਸਮਝਦਾ ਸੀ ਉਹ ਡਰਪੋਕ ਸੈਨਿਕ ਰਣ ਖੇਤਰ 'ਚੋਂ ਨੱਠ ਗਏ।ਉਸ ਵਕਤ ਬਾਬਾ ਕ੍ਰਿਪਾਲ ਰਾਮ ਗੁਸਾਈ ਨੇ ਜੋ ਕਿ ਜਸਪਤ ਰਾਏ ਦਾ ਕੁਲ ਗੁਰੂ ਸੀ ਨੇ ਪੰਜ ਸੌ ਰੁਪਏ ਦੇ ਕੇ ਸਿੰਘਾਂ ਪਾਸੋਂ ਜਸਪਤ ਰਾਏ ਦਾ ਸਿਰ ਮੰਗਿਆ ਤੇ ਉਸ ਦਾ ਸਸਕਾਰ ਕੀਤਾ ।ਨਿਬਾਹੂ ਸਿੰਘ ਦੀ ਇਸ ਬਹਾਦਰੀ ਨਾਲ ਸਿੱਖਾਂ ਦੇ ਹੌਸਲੇ ਹੋਰ ਵੀ ਬੁਲੰਦ ਹੋਏ।ਫਿਰ ਉਨ੍ਹਾਂ ਨੇ ਐਮਨਾਬਾਦ ਦਾ ਇਲਾਕਾ ਰੱਜ ਕੇ ਲੁੱਟਿਆ। ਸਾਰੇ ਖ਼ਜ਼ਾਨੇ ਖਾਲੀ ਕੀਤੇ ਤੇ ਜੰਗਲਾਂ ਦੀ ਸ਼ਰਨ ਲੈ ਲਈ।ਜਸਪਤ ਰਾਏ ਦੀ ਮੌਤ ਦੀ ਖਬਰ ਸੁਣ ਕੇ ਲਖਪਤ ਰਾਏ ਤੇ ਜਕਰੀਆ ਖਾਂ ਅੱਗ ਬਬੂਲਾ ਹੋ ਉੱਠੇ।ਕਤਲੇਆਮ ਹੋਰ ਤਿੱਖਾ ਕੀਤਾ ਪਰ ਬੁਲੰਦ ਹੌਸਲੇ ਵਾਲੇ ਸਿੱਖ ਤੇਜ ਰਫਤਾਰ ਘੋੜਿਆਂ 'ਤੇ ਸਵਾਰ ਜੈਕਾਰੇ ਲਗਾਉਂਦੇ,ਵੈਰੀਆਂ ਦੀਆਂ ਹਿੱਕਾਂ ਲਤਾੜਦੇ,ਤੇ ਸਰਕਾਰੀ ਖਜਾਨੇ ਲੁੱਟ ਕੇ ਜੰਗਲਾਂ-ਪਰਬਤਾਂ ਦੀ ਕੁੱਖ ਵਿੱਚ ਜਾ ਛਿਪਦੇ।ਜਕਰੀਆ ਖਾਂ ਤੋਂ ਬਾਅਦ ਉਸਦਾ ਪੁੱਤਰ ਯਹੀਆ ਖਾਂ(1745-1747) ਲਾਹੌਰ ਦਾ ਸੂਬੇਦਾਰ ਬਣਦਾ।ਇਹ ਆਪਣੇ ਪਿਤਾ ਤੋਂ ਵੀ ਕੱਟੜ ਹੁੰਦਾ,,ਇਸ ਦੇ ਕਾਲ ਵਿੱਚ ਹੀ ਛੋਟਾ ਘੱਲੂਘਾਰਾ 1746(ਕਾਹਨੂੰਵਾਨ ਦੇ ਜੰਗਲਾਂ ਵਿੱਚ ) ਵਾਪਰਦਾ ਹੈ,ਫਿਰ ਵੱਡਾ ਘੱਲੂਘਾਰਾ (1762) ਪ੍ਰੰਤੂ ਖਾਲਸੇ ਦੀ ਹੋਂਦ ਨੂੰ ਇਹ ਕਤਲੇਆਮ ਖਤਮ ਨਾ ਕਰ ਸਕਿਆ(ਨਾ ਹੀ ਕੋਈ ਕਰ ਸਕੇਗਾ)।ਖਾਲਸੇ ਦੀ ਗਿਣਤੀ ਲਗਾਤਾਰ ਦੂਣ ਸਵਾਈ ਹੁੰਦੀ ਗਈ(ਹਮੇਸ਼ਾਂ ਹੁੰਦੀ ਰਹੇਗੀ)।



ਜਗਜੀਤ ਸਿੰਘ ਦਿਲਾ ਰਾਮ,
ਫਿਰੋਜ਼ਪੁਰ,ਮੋਬਾਈਲ 9914701060

# ਪੁਰਾਣੀ ਕਮੀਜ਼

ਡੈਵੀ ਇਸ ਵਾਰ ਦਸਵੀਂ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ । ਡੈਵੀ ਦੇ ਪਿਤਾ ਨੇ ਆਪਣੇ ਵਾਅਦੇ ਮੁਤਾਬਕ ਉਸ ਨੂੰ ਮੋਟਰ ਸਾਈਕਲ ਲੈ ਕੇ ਦੇਣਾ ਸੀ । ਡੈਵੀ ਇਹ ਸੋਚ ਸੋਚ ਕੇ ਹੀ ਬਹੁਤ ਖ਼ੁਸ਼ ਹੋ ਰਿਹਾ ਸੀ ਕਿ ਉਹ ਅਗਲੀ ਕਲਾਸ ਵਿੱਚ ਆਪਣੇ ਸਕੂਲ ਮੋਟਰ ਸਾਈਕਲ ਤੇ ਜਾਇਆ ਕਰੇਗਾ । ਡੈਵੀ ਦਾ ਪਿਤਾ ਤਰਸੇਮ ਲਾਲ ਵੀ ਆਪਣੇ ਬੇਟੇ ਦਾ ਇਹ ਸ਼ੌਂਕ ਪੁਗਾਉਣ ਲਈ ਪਿਛਲੇ ਕਾਫੀ ਸਮੇਂ ਤੋਂ ਪੈਸੇ ਇਕੱਠੇ ਕਰ ਰਿਹਾ ਸੀ । ਤਰਸੇਮ ਲਾਲ ਦੀ ਸ਼ਹਿਰ ਵਿੱਚ ਇੱਕ ਛੋਟੀ ਜਿਹੀ ਦੁਕਾਨ ਸੀ ਜਿਸ ਤੋਂ ਉਹ ਘਰ ਦਾ ਖਰਚਾ ਚਲਾਉਂਦਾ ਸੀ । ਤਰਸੇਮ ਲਾਲ ਦਾ ਜਨਮ ਇੱਕ ਗ਼ਰੀਬ ਘਰ ਵਿੱਚ ਹੋਇਆ ਸੀ ਪਰ ਉਸ ਨੇ ਆਪਣੀ ਮਿਹਨਤ ਨਾਲ ਆਪਣੇ ਆਪ ਨੂੰ ਇਸ ਮੁਕਾਮ ਤੇ ਲੈ ਕੇ ਆਂਦਾ ਸੀ ਕਿ ਉਹ ਆਪਣੇ ਬੱਚਿਆਂ ਦੀ ਚੰਗੀ ਪਰਵਰਿਸ਼ ਕਰ ਸਕੇ ਅਤੇ ਪਰਿਵਾਰ ਨੂੰ ਜ਼ਿੰਦਗੀ ਦੀ ਹਰ ਸੁੱਖ ਸੁਵਿਧਾ ਦੇ ਸਕੇ । ਡੈਵੀ ਦੇ ਦਸਵੀਂ ਦੇ ਰਿਜ਼ਲਟ ਆਉਣ ਤਕ ਤਰਸੇਮ ਲਾਲ ਨੇ ਮੋਟਰਸਾਈਕਲ ਲੈਣ ਲਈ ਤਕਰੀਬਨ – ਤਕਰੀਬਨ ਸਾਰੇ ਪੈਸੇ ਇਕੱਠੇ ਕਰਨੇ ਸਨ , ਜੋ ਕੁਝ ਪੈਸੇ ਘਟਦੇ ਸਨ ਉਹ ਉਸ ਨੇ ਆਪਣੇ ਕਿਸੇ ਕਰੀਬੀ ਦੋਸਤ ਤੋਂ ਫੜ ਲਏ ਸਨ । ਡੈਵੀ ਮੋਟਰਸਾਈਕਲ ਲੈ ਕੇ ਬਹੁਤ ਹੀ ਖ਼ੁਸ਼ ਸੀ ।ਉਹ ਵਾਰ – ਵਾਰ ਆਪਣੇ ਪਿਤਾ ਦਾ ਸ਼ੁਕਰੀਆ ਕਰਦਾ ਨਹੀਂ ਥੱਕਦਾ ਸੀ ।

ਪਿਛਲੇ ਕੁਝ ਦਿਨਾਂ ਤੋਂ ਡੈਵੀ ਦੀਆਂ ਮੰਗਾਂ ਵਧਦੀਆਂ ਜਾ ਰਹੀਆਂ ਸਨ। ਇਸ ਦਾ ਕਾਰਨ ਸੀ ਉਸ ਦਾ ਕੁਝ ਅਜਿਹੇ ਦੋਸਤਾਂ ਨਾਲ ਦੋਸਤੀ ਹੋਣਾ ਜਿਨ੍ਹਾਂ ਵਿਚੋਂ ਕੁਝ ਦੇ ਪਿਤਾ ਵੱਡੇ ਉਦਯੋਗਪਤੀ ਸਨ ਅਤੇ ਕੁਝ ਦੇ ਵੱਡੇ ਸਰਕਾਰੀ ਅਫ਼ਸਰ । ਡੈਵੀ ਉਨ੍ਹਾਂ ਨਾਲ ਰਹਿ ਕੇ ਉਨ੍ਹਾਂ ਦੇ ਵਾਂਗ ਹੀ ਬਰੈਂਡਿਡ ਕੱਪੜੇ, ਘੜੀਆਂ , ਬੂਟ ਵਗੈਰਾ ਪਾਉਣਾ ਚਾਹੁੰਦਾ ਸੀ । ਉਸ ਨੂੰ ਇਸ ਗੱਲ ਦਾ ਬਿਲਕੁਲ ਵੀ ਖ਼ਿਆਲ ਨਹੀਂ ਸੀ ਕਿ ਉਸ ਦਾ ਪਿਤਾ ਇਕ ਛੋਟਾ ਜਿਹਾ ਦੁਕਾਨਦਾਰ ਹੈ ਅਤੇ ਦਿਨ ਰਾਤ ਮਿਹਨਤ ਕਰਕੇ ਉਸ ਦੀ ਹਰ ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ । ਉਸ ਦੀਆਂ ਦਿਨੋਂ ਦਿਨ ਵਧ ਰਹੀਆਂ ਮੰਗਾਂ ਨੂੰ ਵੇਖ ਕੇ ਡੈਵੀ ਦੀ ਮਾਂ ਨੇ ਉਸ ਨੂੰ ਕਾਫੀ ਸਮਝਾਇਆ ਪਰ ਸ਼ਾਇਦ ਇਹ ਉਮਰ ਹੀ ਅਜਿਹੀ ਹੁੰਦੀ ਹੈ ਜੋ ਸਭ ਕੁਝ ਦੇਖਦੇ ਹੋਏ ਵੀ ਅੱਖਾਂ ਤੇ ਪਰਦਾ ਪਾ ਦਿੰਦੀ ਹੈ । ਜਦ ਡੈਵੀ ਦੀ ਮਾਂ ਨੇ ਡੈਵੀ ਦੇ ਪਿਤਾ ਤਰਸੇਮ ਲਾਲ ਨਾਲ ਇਸ ਬਾਰੇ ਗੱਲ ਕੀਤੀ ਤਾਂ ਤਰਸੇਮ ਲਾਲ ਕਹਿਣ ਲੱਗਾ ਕਿ ਡੈਵੀ ਹਾਲੇ ਬੱਚਾ ਹੈ ਹੌਲੀ- ਹੌਲੀ ਸਭ ਸਮਝ ਜਾਵੇਗਾ । ਤਰਸੇਮ ਲਾਲ ਪਹਿਲਾਂ ਨਾਲੋਂ ਹੋਰ ਵੀ ਵੱਧ ਮਿਹਨਤ ਕਰਨ ਲੱਗਾ ਤਾਂ ਕਿ ਉਹ ਆਪਣੇ ਬੇਟੇ ਦੀਆਂ ਉਹ ਮੰਗਾਂ ਵੀ ਪੂਰੀਆਂ ਕਰ ਸਕੇ ਜੋ ਉਸ ਦੀ ਪਹੁੰਚ ਤੋਂ ਬਾਹਰ ਸਨ । ਡੈਵੀ ਦਾ ਗਿਆਰ੍ਹਵੀਂ ਦਾ ਰਿਜ਼ਲਟ ਬਹੁਤ ਹੀ ਮਾੜਾ ਆਇਆ ਸੀ , ਉਹ ਮੁਸ਼ਕਿਲ ਨਾਲ ਹੀ ਪੂਰੇ ਪੂਰੇ ਨੰਬਰ ਲੈ ਕੇ ਪਾਸ ਹੋਇਆ ਸੀ । ਪਰ ਹੁਣ ਡੈਵੀ ਨੂੰ ਇਸ ਗੱਲ ਦਾ ਕੁਝ ਜ਼ਿਆਦਾ ਫ਼ਰਕ ਨਹੀਂ ਪਿਆ ਸੀ , ਜਦ ਕਿ ਪਹਿਲਾਂ ਉਹ ਆਪਣੇ ਘੱਟ ਨੰਬਰ ਆਉਣ ਤੇ ਕਾਫੀ ਚਿੰਤਿਤ ਹੋ ਜਾਂਦਾ ਸੀ । ਇਹ ਸਭ ਵੇਖ ਕੇ ਤਰਸੇਮ ਲਾਲ ਸਮਝ ਗਿਆ ਸੀ ਕਿ ਡੈਵੀ ਸਹੀ ਰਾਹ ਤੇ ਨਹੀਂ ਹੈ । ਤਰਸੇਮ ਲਾਲ ਨੇ ਵੀ ਡੈਵੀ ਨਾਲ ਕਈ ਵਾਰ ਇਸ ਬਾਰੇ ਗੱਲ ਕਰਨੀ ਚਾਹੀ ਪਰ ਡੈਵੀ ਨਵੀਂ- ਨਵੀਂ ਚੜ੍ਹੀ ਜਵਾਨੀ ਦੇ ਜੋਸ਼ ਵਿੱਚ ਏਨਾ ਮਸਤ ਹੋ ਗਿਆ ਸੀ ਕਿ ਉਸ ਨੂੰ ਆਪਣਾ ਚੰਗਾ ਜਾਂ ਬੁਰਾ ਨਹੀਂ ਵਿਖ ਰਿਹਾ ਸੀ । ਤਰਸੇਮ ਲਾਲ ਦੀਆਂ ਡੈਵੀ ਨੂੰ ਸਮਝਾਉਣ ਦੀਆਂ ਕਾਫੀ ਕੋਸ਼ਿਸ਼ਾਂ ਅਸਫਲ ਹੋ ਚੁੱਕੀਆਂ ਸਨ । ਜਿਸ ਕਾਰਨ ਤਰਸੇਮ ਲਾਲ ਇਹ ਸੋਚਣ ਲੱਗਾ ਕਿ ਜਵਾਨ ਮੁੰਡੇ ਨਾਲ ਜ਼ਬਰਦਸਤੀ ਕਰਨਾ ਠੀਕ ਨਹੀਂ ਹੈ ਉਮਰ ਦੇ ਨਾਲ ਉਸ ਨੂੰ ਆਪਣੇ ਆਪ ਹੀ ਸਮਝ ਆ ਜਾਵੇਗੀ ।

ਹੁਣ ਤਰਸੇਮ ਲਾਲ ਨੇ ਆਪਣੇ ਲੜਕੇ ਡੈਵੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਆਪਣੀਆਂ ਜ਼ਰੂਰਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਸਨ । ਡੇਵੀ ਦੀ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਸ਼ੁਰੂ ਹੋਣ ਵਿੱਚ ਕੁਝ ਹੀ ਹਫਤੇ ਬਾਕੀ ਸਨ । ਸਕੂਲ ਵਿੱਚ ਬਾਰ੍ਹਵੀਂ ਜਮਾਤ ਤੋਂ ਜਾਣ ਵਾਲੇ ਵਿਦਿਆਰਥੀਆਂ ਲਈ ਸਕੂਲ ਵਲੋਂ ਪਾਰਟੀ ਰੱਖੀ ਗਈ ਸੀ । ਡੈਵੀ ਦੇ ਦੋਸਤ ਇਸ ਪਾਰਟੀ ਲਈ ਮਹਿੰਗੇ ਤੋਂ ਮਹਿੰਗੇ ਕੱਪੜੇ ਅਤੇ ਹੋਰ ਸਾਮਾਨ ਖਰੀਦ ਰਹੇ ਸਨ । ਉਨ੍ਹਾਂ ਨੂੰ ਵੇਖ ਕੇ ਡੈਵੀ ਦੇ ਮਨ ਵਿੱਚ ਵੀ ਕੁਝ ਇਸੇ ਤਰ੍ਹਾਂ ਦੇ ਕੱਪੜੇ ਅਤੇ ਸਾਮਾਨ ਲੈਣ ਦੀ ਜਿਗਿਆਸਾ ਪੈਦਾ ਹੋ ਰਹੀ ਸੀ । ਉਸ ਨੂੰ ਇੱਕ ਬਹੁਤ ਹੀ ਮਹਿੰਗੀ ਕਮੀਜ਼ ਪਸੰਦ ਆ ਗਈ ਸੀ ਜੋ ਉਹ ਉਸ ਪਾਰਟੀ ਉੱਤੇ ਪਾਉਣ ਲਈ ਖਰੀਦਣਾ ਚਾਹੁੰਦਾ ਸੀ । ਦੂਜੇ ਪਾਸੇ ਤਰਸੇਮ ਲਾਲ ਦੀ ਕਮੀਜ਼ ਘਸੀ ਪਈ ਸੀ ਪਰ ਉਸ ਨੂੰ ਪਤਾ ਸੀ ਕਿ ਉਸ ਦੇ ਬੇਟੇ ਡੈਵੀ ਦੇ ਸਕੂਲ ਦੀ ਪਾਰਟੀ ਆਉਣ ਵਾਲੀ ਹੈ ਅਤੇ ਉਸ ਦਾ ਕਾਫ਼ੀ ਖ਼ਰਚਾ ਵੀ ਹੋਣ ਵਾਲਾ ਹੈ ਜਿਸ ਕਾਰਨ ਉਸਨੇ ਨਵੀਂ ਕਮੀਜ਼ ਲੈਣ ਦਾ ਖਿਆਲ ਆਪਣੇ ਮਨ ਚੋਂ ਤਿਆਗ ਦਿੱਤਾ ਸੀ ।

ਸਵੇਰ ਦਾ ਥੱਕਿਆ ਟੁੱਟਿਆ ਦੁਕਾਨ ਤੋਂ ਜਦ ਤਰਸੇਮ ਲਾਲ ਘਰ ਆਇਆ ਤਾਂ ਉਸ ਨੂੰ ਬੂਹੇ ਅੰਦਰ ਵੜਦਿਆਂ ਹੀ ਆਪਣੇ ਬੇਟੇ ਡੈਵੀ ਅਤੇ ਉਸਦੀ ਪਤਨੀ ਵਿੱਚ ਹੋ ਰਹੀ ਬਹਿਸ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ । ਉਹ ਸਮਝ ਗਿਆ ਸੀ ਕਿ ਡੈਵੀ ਆਪਣੀ ਪਾਰਟੀ ਦੇ ਲਈ ਕਿਸੇ ਮਹਿੰਗੀ ਕਮੀਜ਼ ਖਰੀਦਣ ਦੀ ਗੱਲ ਕਰ ਰਿਹਾ ਹੈ । ਜਦ ਤਰਸੇਮ ਲਾਲ ਆਪਣੇ ਮੰਜੇ ਉੱਤੇ ਬੈਠਣ ਲੱਗਾ ਤਾਂ ਡੈਵੀ ਬੁੜਬੁੜ ਕਰਦਾ ਉਸ ਕੋਲ ਆਇਆ ਅਤੇ ਕਹਿਣ ਲੱਗਾ ਕਿ " ਮੈਨੂੰ ਪਾਰਟੀ ਉੱਤੇ ਪਾਉਣ ਲਈ ਇੱਕ ਮਹਿੰਗੀ ਕਮੀਜ਼ ਪਸੰਦ ਆਈ ਹੈ , ਜੋ ਮੈਂ ਖਰੀਦਣੀ ਹੈ " । ਤਰਸੇਮ ਲਾਲ ਆਪਣੇ ਜਵਾਨ ਮੁੰਡੇ ਦੀ ਜ਼ਿੱਦ ਸਾਹਮਣੇ ਜਿਵੇਂ ਬੇਵੱਸ ਜਿਹਾ ਹੋ ਗਿਆ ਸੀ। ਤਰਸੇਮ ਲਾਲ ਨੇ ਕਲੇਸ਼ ਹੋਰ ਨਾ ਵਧਾਉਣ ਦੀ ਸੂਰਤ ਵਿਚ ਡੈਵੀ ਨੂੰ ਕਮੀਜ਼ ਲੈ ਲੈਣ ਦਾ ਕਹਿ ਦਿੱਤਾ । ਜਦ ਡੈਵੀ ਮੁਸਕਰਾਉਂਦਾ ਹੋਇਆ ਤਰਸੇਮ ਲਾਲ ਦੇ ਕੋਲੋਂ ਜਾਣ ਲੱਗਾ ਤਾਂ ਤਰਸੇਮ ਲਾਲ ਨੇ ਉਸ ਨੂੰ ਪਿੱਛੋਂ ਆਵਾਜ਼ ਮਾਰੀ ਅਤੇ ਪੁੱਛਿਆ " ਡੈਵੀ ਕੀ ਤੇਰੀ ਇਹ ਪੁਰਾਣੀ ਕਮੀਜ਼ ਮੈਂ ਪਾ ਲਿਆ ਕਰਾਂ ?" ਇਨ੍ਹਾਂ ਬੋਲਾਂ ਨੇ ਡੈਵੀ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ ਸੀ । ਉਸ ਦੇ ਪਿਤਾ ਦੀ ਪਹਿਨੀ ਹੋਈ ਘਿਸੀ ਹੋਈ ਪੁਰਾਣੀ ਕਮੀਜ਼ ਜੋ ਉਸ ਨੂੰ ਕਾਫੀ ਦਿਨਾਂ ਤੋਂ ਦਿਖਾਈ ਨਹੀਂ ਦੇ ਰਹੀ ਸੀ ਹੁਣ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗ ਗਈ ਸੀ । ਡੇਵੀ ਨੂੰ ਸਮਝ ਆ ਗਿਆ ਸੀ ਕਿ ਕਿਸ ਤਰ੍ਹਾਂ ਉਸ ਦੀਆ ਵਧ ਰਹੀਆ ਮੰਗਾਂ ਉਸ ਦੇ ਪਿਤਾ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਵੀ ਮਾਰਦੀਆਂ ਜਾ ਰਹੀਆਂ ਸਨ । ਡੈਵੀ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਚੁੱਕਾ ਸੀ ।

**ਦੀਪ ਚੌਹਾਨ**
**ਫਿਰੋਜ਼ਪੁਰ।**
**ਸੰਪਰਕ 94642-12566**

# ਮੁਰਦੇ ਦਾ ਜਿਊਂਦਾ ਹੋਣਾ

....ਪਾਣੀ ਦਾ ਗਿਲਾਸ ਦੇਈਂ ਪੁੱਤ, ਜਲਦੀ ਦੇ ਪੁੱਤ ਸੰਘ ਸੁੱਕੀ ਜਾਦਾਂ, ਕਿੱਥੇ ਆ ਪੁੱਤ ਤੂੰ .....???( ਟੁੱਟੀ ਜਿਹੀ ਮੰਜੀ ਤੇ ਪਈ ਬੁਖਾਰ ਨਾਲ ਤੜਫਦੀ ਰਾਮੂ ਦੀ ਮਾਂ ਪਾਣੀ ਦੇ ਤੌੜੇ ਵੱਲ ਇਸ਼ਾਰਾ ਕਰਦੀ ਨੇ ਅਵਾਜ਼ ਮਾਰੀ ।

" ਲੈ ਮਾਂ ਪਾਣੀ , ਹੁਣੇ ਦਿੰਨ੍ਹਾਂ " ਬਾਹਰੋਂ ਇੱਕ ਦਮ ਕਮਰੇ 'ਚ ਆਉਂਦੇ ਰਾਮੂ ਨੇ ਮਾਂ ਨੂੰ ਪਾਣੀ ਦਾ ਗਿਲਾਸ ਭਰ, ਬੈਠੀ ਕਰਦਿਆਂ ਨੂੰ ਕਿਹਾ

ਰਾਮੂ ਆਪਣੀ ਮਾਂ ਦੀ ਇਸ ਬਿਮਾਰ ਹਾਲਤ ਕਾਰਨ ਹਰ ਵਕਤ ਘਰ ਮਾਂ ਕੋਲ ਹੀ ਰਹਿੰਦਾ ਹੈ । ਬਿਮਾਰੀ ਦੇ ਇਲਾਜ ਤੇ ਲੱਗੋ ਲੱਗ ਹੋਣ ਕਰਕੇ, ਉਸਦੀ ਤੇ ਉਸਦੇ ਘਰ ਦੀ ਹਾਲਤ ਦਿਨੋਂ-ਦਿਨ ਮਾੜੀ ਹੁੰਦੀ ਜਾਂਦੀ ਰਹੀ ।

ਚਾਹੇ ਰਾਮੂ ਵਰਗੇ ਤਿੰਨ ਭਰਾ ਸਨ । ਪਹਿਲਾਂ ਪਿਤਾ ਗੁਜ਼ਰ ਗਿਆ ਹੁਣ ਕਈ ਸਾਲਾਂ ਮਗਰੋਂ ਉਸਦੀ ਮਾਤਾ ਬਿਮਾਰ ਹੈ, ਜਿਸ ਨਾਲ ਕੱਲਾਂ ਰਾਮੂ ਰਹਿ ਰਿਹਾ ਹੈ, ਰਾਮੂ ਦੇ ਦੋਵੇਂ ਭਰਾ ਵਿਆਹ ਕਰਵਾ ਕੇ ਅੱਡ ਹੋ ਗਏ ਸੀ ।

" ਤੂੰ ਪੁੱਤ ਦੂਰ ਨਾ ਜਾਇਆ ਕਰ, ਮੈਨੂੰ ਫ਼ਿਕਰ 'ਚ, ਜਾਕ ਜੀ ਨਹੀਂ ਆਉਂਦੀ, ਕੀ ਪਤਾ ਰੱਬ ਕਦੋਂ ਬੋਲ ਮਾਰ ਲਵੇ"

" ਮਾਂ ਤੂੰ ਇਹੋ ਜਿਹੀ ਗੱਲ ਨਾ ਕਰਿਆ ਕਰ, ਹਰ ਵੇਲ਼ੇ ਤੇਰੇ ਕੋਲ ਇੱਕੋ ਹੀ ਗੱਲ "

" ਪੁੱਤ ਕੋਈ ਵਿਰਲਾ ਹੀ ਹੁੰਦਾ ਜੋ ਔਖੇ ਵੇਲੇ ਕੰਮ ਆਉਦਾ, ਨਹੀਂ ਤਾਂ ਦੁਨੀਆਂ ਮੌਕੇ ਹੀ ਭਾਲਦੀ ਰਹਿੰਦੀ ਐ "

" ਮਾਂ ਤੂੰ ਨਾ ਕਿਸੇ ਦੀ ਫ਼ਿਕਰ ਕਰਿਆ ਕਰ, ਤੇਰਾ ਪੁੱਤ ਹਾਲੇ ਜਿਉਂਦਾਂ ਹੈ, ਜਿੰਨਾਂ ਚਿਰ ਮੇਰੇ ਸਾਹ ਚ ਸਾਹ ਨੇ ਉਨਾਂ ਚਿਰ ਨੀ ਤੈਨੂੰ ਮਰਨ ਦਿੰਦਾ"

" ਨਾ ਪੁੱਤ ਮਰ ਜਾਣ ਦੇ ਮੈਨੂੰ, ਕੀ ਕਰਾਉਣਾ ਮੈਥੋਂ ਜਿੰਦਾਂ ਮੁਰਦੇ ਤੋਂ ? ਤੈਨੂੰ ਇੱਕ ਆਨੇ ਦਾ ਸੁੱਖ ਨਾ ਦੇ ਸਕੀ..............." ਮੈਲ਼ੀ ਕੁਚੈਲੀ ਜਿਹੀ ਚੁੰਨੀ ਨਾਲ ਅੱਖਾਂ ਸਾਫ ਕਰਦੀ ਹੋਈ ਬੋਲਦੀ ਰਹੀ ।

" ਬੱਸ ਮਾਂ, ਮਾਵਾਂ ਵੀ ਕਦੇ ਪੁੱਤਾਂ ਤੇ ਭਾਰ ਹੋਈਆਂ ਨੇ"

" ਕਾਮਾ ਤੇ ਗਾਮਾ ਵੀ ਮੈਂ ਹੀ ਜੰਮੇਂ ਨੇ, ਨਾ ਉਹਨਾਂ ਨੂੰ ਤਾਂ ਦਰਦ ਆਉਂਦਾ ਨੀ ਮੇਰਾ"

" ਮਾਂ ਹੁਣ ਉਹ ਵਿਆਹੇ ਗਏ, ਕਬੀਲਦਾਰ ਹੋ ਗਏ ਉਹਨਾਂ ਦਾ ਟੱਬਰ ਐ ਹੁਣ, ਮੈਂ ਹਾਂ ਨਾ ਤੇਰੀ ਸੇਵਾ ਨੂੰ"

" ਰੱਬ ਵੀ ਤੇਰਾ ਹੀ ਵੈਰੀ ਬਣਿਆ ਫਿਰਦਾ ! ਨਾ ਮੈਨੂੰ ਚੁੱਕਦਾ ਜੋ ਤੈਨੂੰ ਸੁੱਖ ਹੀ ਮਿਲ ਜੇ " ਸਿਰ ਤੇ ਬੰਨੇ ਕੱਪੜੇ ਨੂੰ ਠੀਕ ਕਰਦੀ ਹੋਈ ਬੋਲੀ ।

" ਰੱਬ ਸਭ ਨੂੰ ਵੇਖਦਾ ਮਾਂ , ਤੂੰ ਅਰਾਮ ਕਰ ਹੁਣ, ਰੱਬ ਦਾ ਸਿਮਰਨ ਕਰਿਆ ਕਰ" ਸਿਰ ਤੇ ਬੰਨੇ ਹੋਏ ਮਾਂ ਦੇ ਕੱਪੜੇ ਨੂੰ ਖੋਲ ਦੁਬਾਰਾ ਬੰਨਦਾ ਹੋਇਆ, ਪਾਟਿਆ ਜਿਹਾ ਕੰਬਲ ਦੂਹਰਾ ਕਰਦਾ ਹੋਇਆ ਮੰਜੀ ਤੇ ਬੈਠੀ ਮਾਂ ਨੂੰ ਸਾਹਰਾ ਦੇ ਮੰਜੀ ਤੇ ਲਿਟਾ ਦਿੱਤਾ ।

ਮਾਂ ਕਿੰਨ੍ਹਾਂ ਚਿਰ ਹੀ ਫ਼ਿਕਰ ਕਰਦੀ ਰਹੀ ਤੇ ਟੁੱਟੀ ਹੋਈ ਛੱਤ ਦੇ ਨਿੱਕਲੇ ਕਾਨਿਆਂ ਨਾਲ ਗੱਲਾਂ ਕਰਦੀ ਰਹੀ ...

" ਰਾਮੂ, ਕਿਵੇਂ ਆ ਮਾਤਾ ਹੁਣ ?"

ਗਲੀ 'ਚ ਜਾਂਦੇ ਡਾਕਟਰ ਸਾਹਿਬ ਨੇ ਸਾਇਕਲ ਰੋਕ ਰਾਮੂ ਨੂੰ ਅਵਾਜ਼ ਮਾਰੀ।

" ਅੱਗੇ ਨਾਲੋਂ ਤਾਂ ਠੀਕ ਹੈ ਡਾਕਟਰ ਸਾਹਿਬ ਹੁਣ ਪਰ ਸਾਰੀ ਸਾਰੀ ਰਾਤ ਸੌਂਦੀ ਨੀ ਜੀ "

" ਕੋਈ ਨੀ ਆ ਗੋਲੀਆਂ ਦੇ ਦੇਈਂ, ਨੀਂਦ ਆ ਜਾਓ .."

ਰਾਮੂ ਨੇ ਆਪਣੇ ਪਾਟੇ ਜਿਹੇ ਕੁੜਤੇ ਦੇ ਗੀਝੇ 'ਚ ਜਦ ਹੱਥ ਮਾਰਿਆ ਤਾਂ ਉਹ ਵੀ ਖਾਲੀ ਨਿੱਕਲਿਆ,

" ਰਾਮੂ ਤੂੰ ਦਵਾਈ ਦੇ ਮਾਤਾ ਨੂੰ, ਫ਼ਿਕਰ ਨਾ ਕਰਿਆ ਕਰ" ਡਾਕਟਰ ਨੇ ਰਾਮੂ ਦੇ ਚਿਹਰੇ ਦੀ ਉਦਾਸੀ ਨੂੰ ਪੜ੍ਹਦਿਆਂ ਕਿਹਾ ।

" ਇੱਕ ਇਹੋ ਜਿਹੇ ਲੋਕਾਂ ਕਰਕੇ ਹੀ ਦੁਨੀਆਂ ਤੇ ਇਨਸਾਨੀਅਤ ਜਿਉਂਦੀ ਐ, ਰਾਮੂ ਆਪਣੇ ਆਪ ਨਾਲ ਗੱਲਾਂ ਕਰਨ ਲੱਗਾ।

" ਕੌਣ ਆ ਪੁੱਤ"

" ਮਾਂ ਡਾਕਟਰ ਸਾਹਿਬ ਨੇ"

ਅੰਦਰ ਜਾ ਕੇ ਮਾਂ ਨੂੰ ਨੀਂਦ ਵਾਲੀ ਗੋਲੀ ਦੇ ਦਿੰਦਾ ਹੈ।

ਮਾਂ ਕੁੱਝ ਸਮੇਂ ਬਾਅਦ ਸੌਂ ਜਾਂਦੀ ਹੈ ਤੇ ਉਹ ਵੀ ਕਮਰੇ ਦੇ ਬਾਹਰ ਪਈ ਮੰਜੀ ਤੇ ਕੰਬਲ ਲੈ ਸੌਂ ਜਾਂਦਾ ਹੈ।

ਅੱਧੀ ਰਾਤ ਨੂੰ ਮਾਂ ਦੀ ਜਾਗ ਖੁੱਲ ?ਣ ਨਾਲ ਇੱਕਦਮ ਉੱਠ ਮੰਜੀ ਤੇ ਬੈਠ ਜਾਂਦੀ ਹੈ ।" ਰਾਮੂ ਪੁੱਤ, ਰਾਮੂ.......?" ਰਾਮੂ ਨੇ ਅਵਾਜ਼ ਸੁਣੀ ਤੇ ਭੱਜ ਕਿ ਅੰਦਰ ਗਿਆ। " ਕੀ ਗੱਲ ਹੋ ਗਈ ਮਾਂ ? "

" ਕੁੱਝ ਨੀ ਪੁੱਤ, ਇੱਕ ਮਾੜਾ ਸੁਪਨਾ ਵੇਖਿਆ, ਪੁੱਛ ਨਾ "

" ਚੱਲ ਮਾਂ ਛੱਡ, ਐਵੇਂ ਨਾ ਬਾਅਲਾ ਸੋਚਿਆ ਕਰ, ਲੈ ਪਾਣੀ ਪੀ ਲੈ "

" ਮੈਂ ਕਿੱਥੇ ਸੋਚਦੀ ਹਾਂ ਆਪਣੇ ਆਪ ਸੋਚੀਂ ਪੈ ਜਾਦਾਂ ਮਨ ਉੱਧਰ ਨੂੰ "

" ਮਾਂ, ਬਾਪੂ ਬਾਰੇ ਦੱਸ ਕੁੱਝ ?"

ਰਾਮੂ ਛੋਟਾ ਹੀ ਸੀ ਜਦ ਉਸ ਦਾ ਪਿਤਾ ਗੁਜ਼ਰ ਗਿਆ ਸੀ, ਮਾਂ ਦਾ ਮਨ ਹੌਲਾਂ ਕਰਨ ਲਈ ਮਾਂ ਨਾਲ ਗੱਲਾਂ ਕਰਨ ਲੱਗਾ।

" ਪੁੱਤ ਤੇਰਾ ਪਿਉ ਜ਼ਮੀਨਾਂ ਵਾਲੇ ਸੀ, ਬੱਸ ਸੰਗਤ ਮਾੜੀ ਹੋਈ ਤੇ ਸਾਰੀ ਪੈਲੀ ਨਸ਼ਿਆਂ 'ਚ ਡੋਬ ਸੁੱਟੀ , ਰੋਲਤਾ ਸਾਰਾ ਟੱਬਰ , ਆਪ ਤਾਂ ਤੁਰ ਗਿਆ"

" ਮਾਂ ਜੋ ਕਰਮਾਂ 'ਚ ਹੁੰਦਾ ਮਿਲ ਜਾਂਦਾ , ਕੋਈ ਕਿਸੇ ਨੂੰ ਕੁੱਝ ਨੀ ਦੇ ਸਕਦਾ" ।

ਪਿੰਡ ਵਿੱਚ ਦੀ ਜੀ.ਟੀ. ਰੋਡ ਲੰਘਣ ਕਰਕੇ ਪਿੰਡ ਦੀ ਅੱਧੀ ਜ਼ਮੀਨ ਸੜਕ ਵਿੱਚ ਆ ਗ ?ੀ।

" ਰਾਮੂ ਪੁੱਤ, ਘਰ ਹੀ ਐ.... ?"

" ਹਾਂ ਤਾਇਆ ਘਰੇ ਹੀ ਹਾਂ, "

" ਕੌਣ ਆ..? ਰਾਮੂ ਪੁੱਤ "

" ਮਾਂ , ਸਰਪੰਚ ਤਾਇਆ ਆਇਆ "

" ਕਿਵੇਂ ਆ ਭੱਪੀ ਭਾਈ "

" ਕੱਟੀ ਜਾਦੇਂ ਆ ਦਿਨ, ਅੱਜ ਕੀੜੀ ਘਰ ਨਰਾਇਣ ਕਿਵੇਂ ....?"

ਸਰਪੰਚ ਵੀ ਸੋਚੀਂ ਪੈ ਗਿਆ ਤੇ ਬੋਲਿਆ " ਮੈਂ ਤਾਂ ਤੁਹਾਨੂੰ ਦੱਸਣ ਆਇਆਂ ਹਾਂ ਕਿ ਤੁਹਾਡੇ ਪੁਰਖਿਆਂ ਦੀ ਜ਼ਮੀਨ ਜੋ ਰਾਮੂ ਦੇ ਪਿਉ ਨੇ ਗੱਡੇ ਪਿੱਛੇ ਗਹਿਣੇ ਕਰ ਦਿੱਤੀ ਸੀ ਜੋ ਤੇਜੇ ਹੋਰੀਂ ਵਾਹ ਰਹੇ ਨੇ,ਉਹ ਜੀ ਟੀ ਰੋਡ ਤੇ ਆ ਗਈ"

" ਫੇਰ ਸਰਪੰਚਾ ਅਸੀਂ ਕੀ ਕਰਨਾ "

" ਕਰਨਾ ਤਾਂ ਕੁੱਝ ਨੀ ਸਰਕਾਰ ਨੇ ਜੋ ਪੈਸੇ ਮਿਲਣੇ ਹਨ ਅੱਧੇ ਤੁਸੀਂ ਲੈ ਲਵੋ ਤੇ ਅੱਧੇ ਉਹਨਾਂ ਨੂੰ ਦੇ ਦੇਵੋ "

" ਜਿਵੇਂ ਤਹਾਨੂੰ ਠੀਕ ਲੱਗੇ ਕਰ ਦੇਵੋ "

ਕੁੱਝ ਸਮੇਂ ਬਾਅਦ ਰਾਮੂ ਤੇ ਰਾਮੂ ਦੀ ਮਾਂ ਅਮੀਰ ਹੋ ਗਏ।

ਹੁਣ ਰਾਮੂ ਦੇ ਦੋਵੇਂ ਭਰਾ ਵੀ ਆਪਣੀ ਮਾਂ ਦੇ ਨਾਲ ਆ ਰਹਿਣ ਲੱਗੇ, ਜੋ ਪਹਿਲਾਂ ਮਾਂ ਨੂੰ ਮੁਰਦਾ ਦੱਸਦੇ ਸਨ ਹੁਣ ਉਹੀ ਹੀ ਦਿਨ ਰਾਤ ਮਾਂ ਦੀ ਸੇਵਾ ਕਰਦੇ ਹਨ, ਰਾਮੂ ਨੂੰ ਵੀ ਹੁਣ ਇਹ ਲੱਗਣ ਲੱਗਾ ਕਿ ਜੋ ਗਰੀਬੀ ਨੇ ਸਾਡਾ ਟੱਬਰ ਮੁਰਦਾ ਬਣਾ ਦਿੱਤਾ ਸੀ ਹੁਣ ਉਹ ਮੁੜ ਜਿਉਂਦਾ ਹੋ ਗਿਆ।

**ਅਸਿ. ਪ੍ਰੋ. ਗੁਰਮੀਤ ਸਿੰਘ**
**94175-45100**

# ਕਿਸਾਨ ਵਿਰੋਧੀ ਬਿਲਾਂ ਖਿਲਾਫ ਬਣੀ ਲੋਕ ਲਹਿਰ ਸ਼ੁਭ ਸੰਕੇਤ

ਪੰਜਾਬ ਦੇ ਕਿਸਾਨਾਂ, ਪੰਜਾਬ ਦੀਆਂ ਕਿਸਾਨ ਜਥੇਬੰਦੀਆਂ, ਪੰਜਾਬੀ ਗਾਇਕਾਂ, ਕਲਾਕਾਰਾਂ ਦੁਆਰਾ ਇੱਕ ਸ਼ੁਰੂ ਕੀਤੀ ਕਿਸਾਨ ਵਿਰੋਧੀ ਮੁਹਿੰਮ ਹੁਣ ਲੋਕ ਲਹਿਰ ਬਣ ਚੁੱਕੀ ਹੈ। ਜਿਸ ਵਿੱਚ ਹੁਣ ਬਹੁਤ ਸਾਰੇ ਲੋਕ ਸ਼ਾਮਿਲ ਹੋ ਚੁੱਕੇ ਹਨ।ਇਸ ਲਹਿਰ ਨੇ ਹੁਣ ਭਵਿੱਖ ਵਿੱਚ ਨਵੀਂ ਦਿਸ਼ਾ ਤਹਿ ਕਰਨੀ ਹੈ।ਇਸ ਲਹਿਰ ਨੇ ਕਿਸੇ ਸਮੇਂ ਪੰਜਾਬ ਤੇ ਹਰਿਆਣਾ ਦਾ ਕੁਝ ਗਿਲਾ ਸ਼ਿਕਵਾ ਸੀ ਉਨ੍ਹਾਂ ਗਿਲੇ ਸ਼ਿਕਵਿਆਂ ਨੂੰ ਭੁਲਾ ਕੇ ਪੰਜਾਬ ਹਰਿਆਣਾ ਨੂੰ ਇੱਕਠੇ ਕਰ ਦਿੱਤਾ ਹੈ। ਦਿੱਲੀ ਵਿੱਚ ਲੱਗੇ ਧਰਨੇ ਵਿੱਚ ਕਿਸੇ ਤਰ੍ਹਾਂ ਦੀ ਪੰਜਾਬੀਆਂ ਵੱਲੋਂ ਕੋਈ ਗੜਬੜ ਨਾ ਕਰਨਾ ਦਿੱਲੀ ਦੇ ਲੋਕਾਂ ਅੱਗੇ ਪੰਜਾਬੀਆਂ ਦੇ ਉੱਚੇ ਕਿਰਦਾਰ ਨੂੰ ਉਜਾਗਰ ਕਰ ਦਿੱਤਾ ਹੈ ਜਿਸ ਨਾਲ ਦਿੱਲੀ ਦੇ ਲੋਕ ਵੀ ਇਸ ਲਹਿਰ ਵਿੱਚ ਕਿਸਾਨਾਂ ਨਾਲ ਆ ਖੜ੍ਹੇ ਹੋਏ।ਜੇ ਗੱਲ ਕੀਤੀ ਜਾਵੇ ਕਾਰਪੋਰੇਟ ਘਰਾਣਿਆਂ ਦੀ ਅਡਾਨੀਆਂ ਅਲਬਾਨੀਆ ਦੀ ਜੋ ਬਹੁਤ ਸਾਰੀਆਂ ਪਾਰਟੀਆਂ ਨੂੰ ਫੰਡ ਦੇਕੇ ਕਨੂੰਨ ਆਪਣੇ ਪੱਖ ਵਿੱਚ ਬਣਵਾ ਲੈਂਦੇ ਸਨ। ਬਹੁਤ ਸਾਰੇ ਰਾਜਾਂ ਵਿਚ ਉਨ੍ਹਾਂ ਨੇ ਛੋਟੇ ਵਪਾਰੀਆਂ ਦੀ ਰੋਜ਼ੀ ਵਿੱਚ ਲੱਤ ਮਾਰੀ ਸੀ, ਬਹੁਤ ਸਾਰੇ ਕਿਸਾਨਾਂ ਦੀਆਂ ਜ਼ਮੀਨਾਂ ਰੋਕਕੇ ਬੇਜ਼ਮੀਨੇ ਕਰ ਦਿੱਤਾ ਸੀ। ਉਨ੍ਹਾਂ ਘਰਾਣਿਆਂ ਨੂੰ ਹੁਣ ਅਜਿਹੇ ਗ਼ਲਤ ਕਦਮ ਚੁੱਕਣ ਸਮੇਂ ਸੌ ਵਾਰ ਸੋਚਣਾ ਪਵੇਗਾ।ਇਸ ਵਾਰ ਕਿਸਾਨ ਜਥੇਬੰਦੀਆਂ ਨੇ ਪੰਜਾਬ ਅੰਦਰ ਸੜਕਾਂ ਰੋਕਣ ਦਾ ਰਵਾਇਤੀ ਢੰਗ ਤਿਆਗ ਕੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਪੈਟਰੋਲ ਪੰਪ,ਟੋਲ ਪਲਾਜੇ ਰੋਕ ਕੇ ਇੱਕ ਨਵੀਂ ਮਿਸਾਲ ਪੈਦਾ ਕੀਤੀ ਹੈ। ਜਿਸ ਨਾਲ ਕਾਰਪੋਰੇਟ ਘਰਾਣਿਆਂ ਨੂੰ ਸਿੱਧਾ ਨੁਕਸਾਨ ਹੋਇਆ।ਇਸ ਲਹਿਰ ਨੇ ਪੂਰੀ ਦੁਨੀਆ ਨੂੰ ਇਹ ਵੀ ਦਿਖਾ ਦਿੱਤਾ ਕਿ ਨਰਿੰਦਰ ਮੋਦੀ ਤੇ ਪੂਰੀ ਭਾਜਪਾ ਆਮ ਲੋਕਾਂ, ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਕਿਸਾਨਾਂ, ਮਜ਼ਦੂਰਾਂ ਕਿਸੇ ਲਈ ਲਾਭਕਾਰੀ ਨਹੀਂ। ਇਹ ਸਿਰਫ਼ ਤੇ ਸਿਰਫ਼ ਕਾਰਪੋਰੇਟ ਘਰਾਣਿਆਂ ਲਈ ਲਾਭਕਾਰੀ ਹੈ ਉਸਨੇ ਕਾਰਪੋਰੇਟ ਘਰਾਣਿਆਂ ਨੂੰ ਆਪਣੇ ਹਿੱਤ ਵੇਚ ਦਿੱਤੇ ਹਨ। ਜਿਸ ਕਾਰਕੇ ਯੂ ਐਨ ਓ, ਕਨੇਡਾ ਅਮਰੀਕਾ ਸਮੇਤ ਬਹੁਤ ਸਾਰੇ ਦੇਸ਼ਾਂ ਨੇ ਮੋਦੀ ਸਰਕਾਰ ਦੇ ਕਿਸਾਨ ਵਿਰੋਧੀ ਬਿਲਾਂ ਦਾ ਵਿਰੋਧ ਕੀਤਾ।ਇਸ ਵਾਰ ਨੌਜਵਾਨੀ ਦਾ ਇਸ ਲਹਿਰ ਵਿੱਚ ਵੱਡੇ ਪੱਧਰ ਤੇ ਭਾਗ ਲੈਣਾ ਉਨ੍ਹਾਂ ਲੋਕਾਂ ਦੇ ਕਰਾਰੀ ਚਪੇੜ ਮਾਰ ਗਿਆ ਹੈ ਜੋ ਰਾਜਨੀਤਕ ਲੀਡਰ ਪੰਜਾਬ ਦੇ ਨੌਜਵਾਨਾਂ ਨੂੰ ਸਿਰਫ਼ ਤੇ ਸਿਰਫ਼ ਨਸ਼ੇੜੀ ਸਮਝ ਰਹੇ ਸਨ।ਨੌਜਵਾਨੀ ਦਾ ਵੱਡੇ ਪੱਧਰ ਤੇ ਆਉਣਾ ਸੰਘਰਸ਼ ਨੂੰ ਜਿੱਤ ਵੱਲ ਲਿਜਾਣਾ ਵੀ ਇੱਕ ਕਾਰਨ ਬਣਿਆ ਹੈ।ਇਸ ਲਹਿਰ ਵਿੱਚ ਪੰਜਾਬੀ ਔਰਤ ਦਾ ਕੁੱਦਣਾ ਵੀ ਸ਼ੁਭ ਸੰਕੇਤ ਹੈ।ਇਸ ਲਹਿਰ ਨੇ ਵੱਖ-ਵੱਖ ਵਿਚਾਰਧਾਰਾਵਾਂ ਦੀਆਂ ਕਿਸਾਨ ਜਥੇਬੰਦੀਆਂ ਅਤੇ ਵੱਖ-ਵੱਖ ਵਿਚਾਰਧਾਰਾਵਾਂ ਦੇ ਬੁਲਾਰਿਆਂ ਲੀਡਰਾਂ ਨੂੰ ਇੱਕ ਮੰਚ ਤੇ ਲੈ ਆਂਦਾ ਹੈ।ਇਸ ਵਾਰ ਰਾਜਨੀਤਕ ਲੀਡਰਾਂ ਨੂੰ ਕਿਸਾਨ ਧਰਨਿਆਂ ਤੋਂ ਦੂਰ ਰੱਖਣਾ ਵੀ ਇੱਕ ਚੰਗਾ ਸੰਦੇਸ਼ ਹੈ ਜਿਸ ਨਾਲ ਦੋਗਲੇ ਲੀਡਰਾਂ ਨੂੰ ਸਬਕ ਮਿਲੇਗਾ। ਅਖੀਰ ਵਿੱਚ ਅਸੀਂ ਇਸ ਲਹਿਰ ਬਾਰੇ ਇਹ ਕਹਿ ਸਕਦੇ ਹਾਂ ਕਿ ਇਹ ਲੋਕ ਲਹਿਰ ਸੱਤਾ ਵੱਲੋਂ ਲਤਾੜੇ ਜਾ ਰਹੇ ਲੋਕਾਂ ਲਈ ਸ਼ੁਭ ਸੰਕੇਤ ਬਣੇਗੀ। ਪੰਜਾਬ ਦੀ ਅਗਵਾਈ ਵਾਲੀ ਇਹ ਲਹਿਰ ਭਵਿੱਖ ਵਿੱਚ ਪੂਰੇ ਭਾਰਤ ਵਿਚ ਸਿੱਧੇ ਅਸਿੱਧੇ ਨਵੀਆਂ ਲਹਿਰਾਂ ਨੂੰ ਜਨਮ ਦੇਵੇਗੀ।




**ਆਪਜੀ ਦਾ ਵਿਸ਼ਵਾਸਪਾਤਰ,**
**ਮੋਬਾਈਲ ਨੰਬਰ 9781172781**

## ਸੁਨੇਹੇ ਸਾਨੂੰ ਮਿਲ ਜਾਣਗੇ

ਕਿਸਾਨ ਅੰਦੋਲਨ ਚ' ਆਪ ਮੁਹਾਰੇ ਛਾਲਾਂ ਮਾਰ ਰਹੇ ਨੌਜਵਾਨ/ ਅਧਿਆਪਕ/ਕਲਾਕਾਰ ਬਲਕਿ ਸਮਾਜ ਦਾ ਹਰ ਵਰਗ ਡਟਕੇ ਨਾਲ ਖੜ ਗਿਆ। ਮੁਲਕ ਜਾਂ ਫੇਰ ਭਾਰਤ ਤੋਂ ਬਾਹਰ ਰਹਿੰਦੇ ਲੋਕ ਭਾਵਕ ਤੇ ਚਿੰਤਾਜਨਕ ਹਾਲਾਤ ਚ' ਫਿਕਰਮੰਦ ਨੇ ਘੜੀ – ਮੁੜੀ ਅੱਖ/ ਕੰਨ/ ਧਿਆਨ /ਸੋਚ/ ਬੋਲ ਨਜ਼ਰਾਂ ਪੰਜਾਬ ਤੇ' ਕੀ ਬਣਿਆ ? ਕੀ ਖਬਰ ਗੱਲ ਕਿੱਥੇ ਪਹੁੰਚੀ ? ਵਰਗੇ ਅਨੇਕਾਂ ਸਵਾਲ ਨੇ ।ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਹਰਿਆਣੇ ਦੇ ਹਾਲਾਤ ਇੰਨ – ਬਿੰਨ ਕਸ਼ਮੀਰ ਵਰਗੇ ਬਣਦੇ ਜਾ ਰਹੇ ਨੇ ਦਹਿਸ਼ਤ ਦਾ ਮਾਹੌਲ ਕਈ ਤਰਾਂ ਦੇ ਡਰ ਬਣੇ ਹੋਏ ਨੇ ਪੰਜਾਬ ਤੇ ਹੋਰ ਸੂਬਿਆਂ ਦੇ ਪਿੰਡਾਂ ਚ' ਵੱਖਰਾ ਮਾਹੌਲ ਬਣ ਗਿਆ ਬਹੁਤ ਛੋਟੀ ਓਮਰ ਦੇ ਜਵਾਕ ਰਾਜਨੀਤਕ ਗੱਲਾਂ ਤੇ ਸਮਾਂ ਲਾਓਂਦੇ ਤੇ ਪੂਰੀ ਜਾਣਕਾਰੀ ਰੱਖਦੇ ਨੇ ਪਿੰਡੋਂ ਦਿੱਲੀ ਤੇ ਫੇਰ ਦਿੱਲੀਓਂ ਪਿੰਡ ਆਓਣ ਜਾਣ ਨੂੰ ਝੱਟ ਤਿਆਰ ਹੋ ਜਾਂਦੇ ਤੇ ਪੂਰੀ ਜ਼ਿੰਮੇਵਾਰੀ ਨਾਲ ਡਿਊਟੀ ਦਿੰਦੇ ਕਦੇ ਮਨ ਚ' ਆਓਂਦਾ ਕਿ ਜਾ ਤਾਂ ਰਹੇ ਹਾਂ ਆਓਣ ਦਾ ਪਤਾ ! ਇਹ ਫੇਰ ਇੱਕ ਸਵਾਲ ਬਣ ਜਾਂਦਾ ਸੱਭ ਲਈ ਮਗਰੋਂ ਫੇਰ ਪੂਰੇ ਬੁਲੰਦ ਹੌਂਸਲੇ ਨਾਲ ਟਰੰਕ ਤੇ ਹੋਰ ਸਮੱਗਰੀ ਬਾਬੇ ਨਾਨਕ ਦਾ ਨਾਂ ਲ਼ੈਕੇ ਧਰਦੇ ।ਪਿੱਛੇ ਬੱਚਦੇ ਬਾਕੀ ਲੋਕ ਜੋ ਵੀ ਸਰਦਾ ਨਿੱਘੀਆਂ ਭਾਵਨਾਵਾਂ ਨਾਲ ਟਰਾਲੀ ਚ' ਸਮਾਨ ਰੱਖਦਿਆਂ ਜਵਾਨਾਂ ਨੂੰ ਬਹੁਤ ਪਿਆਰ ਨਾਲ ਦਿੰਦੇ ਤੇ ਸਿਰ ਪਲੋਸਦੇ ।ਓਹ ਅੰਦਰੋ ਅੰਦਰੀ ਸਾਰੇ ਜਾਣਦੇ ਕਿ ਜੰਗ ਚੱਲ ਰਹੀ ਹੈ । ਯੁੱਧ ਲ਼ੜਨਾ ਪੈਣਾ । ਨੌਜਵਾਨਾਂ ਦੀਆਂ ਮਾਵਾਂ ਲੜਾਈ ਲੜਨ ਚੱਲੇ ਬੱਚਿਆਂ ਨੂੰ ਨੂੰ ਸਿੱਖਿਆ ਦਿੰਦਿਆਂ ਕਿ ਪਿੰਡੋਂ ਤੁਰਦੇ ਹੀ ਮਗਰਲਾ ਸੱਭ ਭੁੱਲ ਜਾਇਓ ਸੂਰਵੀਰਾਂ ਦੇ ਗੀਤ ਗਾਇਓ ਸਾਡੀ ਫਿਕਰ ਨਾਂ ਕਰਿਓ ਵਗਦੀਆਂ ਹਵਾਵਾਂ ਚੋਂ ਤੁਹਾਡੇ ਬੋਲ ਸੁਣ ਜਾਣਗੇ ਸੁਨੇਹੇ ਸਾਨੂੰ ਮਿਲ ਜਾਣਗੇ ॥ਪਾਸ਼

# ਇਤਿਹਾਸਕ ਗੁਰਦੁਆਰਾ ਮੰਜੀ ਸਾਹਿਬ ਪਾਤਸਾਹੀ ਦਸਵੀਂ, ਪਿੰਡ ਕਨੇਚ (ਲੁਧਿਆਣਾ)





-ਤਸਵਿੰਦਰ ਸਿੰਘ ਬੜੈਚ
ਮੋਬਾ÷98763-22677

ਇਸ ਪਾਵਨ-ਪਵਿੱਤਰ ਅਸਥਾਨ ਦਾ ਇਤਿਹਾਸ ਖਾਲਸਾ ਪੰਥ ਦੇ ਸਿਰਜਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਸਾਹਿਬ ਛੱਡਣ ਤੋਂ ਮੁਕਤਸਰ ਸਾਹਿਬ (ਖਿਦਰਾਣੇ ਦੀ ਢਾਬ) ਦੇ ਸਫਰ ਨਾਲ ਜੁੜਿਆ ਹੋਇਆ ਹੈ। ਗੁਰੂ ਜੀ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ ਤੋ ਹੁੰਦੇ ਹੋਏ 12-13 ਪੋਹ ਦੀ ਠੰਢੀ-ਠਾਰ ਰਾਤ ਨੂੰ ਕਟਾਣਾ ਸਾਹਿਬ (ਦੇਗਸਰ ਸਾਹਿਬ) ਪਹੁੰਚੇ। ਇਥੇ ਹੀ ਰਾਤ ਕੱਟਕੇ ਗੁਰੂ ਜੀ ਸਵੇਰੇ ਪਿੰਡ ਰਾਮਪੁਰ ਤੋ ਪਿੰਡ ਕਨੇਚ 13 ਪੋਹ 1761 ਸੰਮਤ (27 ਦਸੰਬਰ 1704 ਸੰਨ) ਨੂੰ 'ਉੱਚ ਦਾ ਪੀਰ' ਬਣ ਕੇ ਪਲੰਘ ਉੱਤੇ ਬਿਰਾਜਮਾਨ ਹੋ ਕੇ ਪਹੁੰਚੇ, ਜਿਸਦਾ ਇਤਿਹਾਸ ਇਸ ਪ੍ਰਕਾਰ ਹੈ। ਪਿੰਡ ਕਨੇਚ, ਜਿਲ੍ਹਾ ਲੁਧਿਆਣਾ ਦਾ ਮਸਹੂਰ ਕਸਬਾ ਹੈ। ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਲੰਘ ਉੱਤੇ ਸਵਾਰ ਹੋ ਕੇ ਜਦੋ ਇਥੇ ਆਏ, ਉਸ ਸਮੇ ਭਾਈ ਨਵੀ ਖਾਂ ਗਨੀ ਖਾਂ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਗੁਰੂ ਸਾਹਿਬ ਦੇ ਨਾਲ ਸਨ। ਭਾਈ ਦਿਆ ਸਿੰਘ ਚਾਉਰ ਦੀ ਸੇਵਾ ਕਰ ਰਹੇ ਸਨ। ਆਪ ਜੀ ਦਾ ਇੱਕ ਸਿੱਖ ਫੱਤਾ ਜੱਟ ਇੱਥੇ ਵਸਦਾ ਸੀ। ਇਸ ਨੇ ਗੁਰੂ ਜੀ ਨੂੰ ਪਹਿਚਾਣ ਕੇ ਬੇਨਤੀ ਕੀਤੀ, ਪਾਤਸਾਹ ਕੋਈ ਸੇਵਾ ਕਰਨ ਦੀ ਆਗਿਆ ਕਰੀਏ। ਗੁਰੂ ਜੀ ਨੂੰ ਪਤਾ ਸੀ ਕਿ ਇਸ ਕੋਲ ਚੰਗੀ ਘੋੜੀ ਹੈ, ਜਿਸ'ਤੇ ਸਵਾਰ ਹੋ ਕੇ ਕਦੀ ਇਹ ਅਨੰਦਪੁਰ ਜਾਦਾ ਸੀ। ਗੁਰੂ ਜੀ ਨੇ ਘੋੜੀ ਦੀ ਮੰਗ ਕੀਤੀ। ਸੁਣਦੇ ਹੀ ਫੱਤੇ ਨੂੰ ਮਾਨੋ ਤਾਪ ਚੜ੍ਹ ਗਿਆ, ਮਨ ਡੋਲ ਗਿਆ ਕਿ ਜੇ ਹਾਕਮਾਂ ਨੂੰ ਪਤਾ ਲੱਗ ਗਿਆ,ਤਾਂ ਸਾਹੀ ਬਾਗੀ ਦੀ ਮਦਦ ਬਦਲੇ ਬੰਨਿਆ ਜਾਵਾਂਗਾ। ਜੇ ਘੋੜੀ ਲੈ ਗਏ ਮੋੜਕੇ ਨਹੀ ਦੇਣਗੇ। ਐਸਾ ਸੋਚ ਕੇ ਫੱਤੇ ਨੇ ਘਰ ਆ ਕੇ ਇੱਕ ਛੋਟੀ ਘੋੜੀ (ਟੱਟਵਾਣੀ) ਨੂੰ ਪੀੜ ਲਿਆਦਾ ਤੇ ਪੇਸ਼ ਕੀਤੀ, ਪਰ ਦਸਮ ਪਿਤਾ, ਚੋਟੀ ਦੇ ਘੋੜਿਆ ਦੇ ਸਾਹ ਅਸਵਾਰ ਸਨ, ਦੇਖਦੇ ਹੀ ਫਰਮਾਇਆ ਕਿ ਅਸੀ ਟੱਟਵਾਣੀ ਉੱਤੇ ਕਦੀ ਸਵਾਰੀ ਨਹੀ ਕੀਤੀ। ਸੂਰਜ ਪ੍ਰਕਾਸ ਰਿਤੂ 6 ਅੱਸੂ 41 ਵਿੱਚ ਐਸਾ ਲਿਖਿਆ ਹੈ÷

ਸੁਣ ਫੱਤਾ ਇਹ ਲੰਘੁ ਟੱਟਵਾਣੀ। ਨਾਹਿ ਅਰੁਦਬੇ ਲਾਇਕ ਜਾਣੀ॥
ਨਹ ਅਸਵਾਰੀ ਹਮ ਕੀਯ ਐਸੀ। ਲਿਆਇ ਦਿਖਾਈ ਤੈ ਅਬ ਜੈਸੀ॥

ਗੁਰੂ ਜੀ ਨੇ ਫੇਰ ਕਿਹਾ ' ਵੱਡੀ ਘੋੜੀ ਲਿਆ ਦਿਉ, ਅਸੀ ਅੱਗੇ ਤੋ ਹੋਰ ਬੰਦੋਬਸਤ ਕਰਕੇ ਛੇਤੀ ਮੋੜ ਭੇਜਾਗੇ।' ਪਰ ਫੱਤੇ ਨੇ ਫੇਰ ਝੂਠ ਬੋਲਿਆ 'ਕਿ ਵੱਡੀ ਘੋੜੀ ਮੇਰਾ ਜਵਾਈ ਲੈ ਗਿਆ ਘਰ ਨਹੀ ਹੈ। ਤਾਂ ਇਸਦੇ ਐਸੇ ਝੂਠ ਨੂੰ ਸੁਣ ਕੇ ਗੁਰੂ ਜੀ ਸਹਿਜੇ ਫਰਮਾਇਆ, ਨਾ ਤੇਰੀ ਘੋੜੀ ਇਥੇ ਨਾ ਤੂੰ ਰਿਹਾ, ਜਾਹ ਚਲਾ ਜਾਹ। ਐਸਾ ਸੁਣ ਕੇ ਇਹ ਸਿਰ ਸੁੱਟੇ ਘਰ ਨੂੰ ਆਇਆ। ਅੱਗੇ ਅੰਧੇਰੀ ਕੋਠੀ ਵਿੱਚ ਸੱਪ ਦੇ ਡੱਸਣ ਨਾਲ ਘੋੜੀ ਮਰੀ ਪਈ ਸੀ। ਇਸਨੇ ਸੁੱਤੀ ਜਾਣਕੇ ਪੈਰ ਦੇ ਠੇਡੇ ਨਾਲ ਜਗਾਣਾ ਕੀਤਾ ਕਿ ਲਿਆ ਕੇ ਬਾਹਰ ਬੰਨ੍ਹ ਦੇਵਾਂਗਾ। ਪਰ ਪਾਸ ਬੈਠੇ ਕਾਲੇ ਨਾਗ ਨੇ ਇਹਨੂੰ ਵੀ ਡੰਗਿਆ ਤੇ ਥਾਂਈ ਰੱਖਿਆ। ਕਨੇਚ ਤੋ 13 ਪੋਹ ਨੂੰ ਗੁਰੂ ਮਹਾਰਾਜ ਜੀ ਨੇ ਸਾਹਨੇਵਾਲ, ਨੰਦਪੁਰ (ਰੇਰੂ ਸਾਹਿਬ) ਨੂੰ ਚਾਲੇ ਪਾ ਦਿਤੇ। ਜਿਸ ਅਸਥਾਨ 'ਤੇ ਗੁਰੂ ਜੀ ਠਹਿਰੇ ਸਨ, ਉਸ ਅਸਥਾਨ 'ਤੇ ਅੱਜ ਗੁਰਦੁਆਰਾ ਸਾਹਿਬ ਸੁਸੋਭਿਤ ਹੈ। ਅੱਜ ਕੱਲ੍ਹ ਗੁਰਦੁਆਰਾ ਮੰਜੀ ਸਾਹਿਬ ਕਨੇਚ ਦੀ ਸੇਵਾ ਬਾਬਾ ਨਿਧਾਨ ਸਿੰਘ ਜੀ ਲੰਗਰ ਸਾਹਿਬ, ਸੰਤ ਬਾਬਾ ਸ਼ੀਸਾ ਸਿੰਘ ਜੀ ਕਾਰ ਸੇਵਾ ਵਾਲੇ ਸੰਗਤਾਂ ਦੇ ਸਹਿਯੋਗ ਨਾਲ ਕਰਵਾ ਰਹੇ ਹਨ।

# ਮਾਤਾ ਗੁਜਰੀ ਜੀ ਦਾ ਇਤਿਹਾਸ....

ਮੁਗਲ ਸਲਤਨਤ ਤੇ ਸਿਖਾਂ ਦੇ ਟਕਰਾਅ ਦੌਰਾਨ ਗੁਰੂ ਪਰਿਵਾਰਾਂ ਅਤੇ ਗੁਰ ਸਿੱਖਾਂ ਨੇ ਅਸਹਿ ਤੇ ਅਕਹਿ ਕਸ਼ਟ ਝੱਲੇ। ਇਸ ਟਕਰਾਅ ਦੌਰਾਨ ਜਿੱਥੇ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਵੱਲੋਂ ਮਹਾਨ ਯੋਗਦਾਨ ਪਾਇਆ ਗਿਆ ਉੱਥੇ ਜਿਸ ਦੇਸ਼ ਵਿਚ ਔਰਤ ਨੂੰ ਪੈਰ ਦੀ ਜੁੱਤੀ ਕਿਹਾ ਜਾਂਦਾ ਸੀ ,ਉਸੇ ਦੇਸ਼ ਅੰਦਰ ਗੁਰੂ ਮਾਤਾਵਾਂ, ਗੁਰੂ ਪੁੱਤਰੀਆਂ, ਗੁਰੂ ਪਤਨੀਆਂ ਨੇ ਇਸ ਅੰਦੋਲਨ ਵਿਚ ਆਪਣਾ ਅਹਿਮ ਯੋਗਦਾਨ ਪਾਇਆ।ਇਨਾਂ ਮਹਾਨ ਇਸਤਰੀਆਂ ਵਿੱਚੋਂ, ਹੀ ਇੱਕ ਸਨ ਮਾਤਾ ਗੁਜਰੀ ਜੀ ਜਿਨਾਂ ਨੇ ਆਪਣੇ ਤਪ, ਤਿਆਗ ਅਤੇ ਕੁਰਬਾਨੀਆਂ ਰਾਹੀਂ ਅਜਿਹੀਆਂ ਪੈੜਾਂ ਸਿਰਜੀਆਂ ਕਿ ਆਉਣ ਵਾਲੀਆਂ ਪੀੜੀਆਂ ਸਦਾ ਉਹਨਾਂ ਤੋਂ ਪ੍ਰੇਰਨਾ ਅਤੇ ਅਗਵਾਈ ਲੈ ਕੇ ਆਪਣਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਮਾਤਾ ਗੁਜਰੀ ਜੀ ਸੇਵਾ, ਸਿਮਰਨ, ਸਹਿਣਸੀਲਤਾ ਅਤੇ ਸਹਿਜ ਦੀ ਪੁੰਜ ਅਮਰ ਸਹੀਦ ਸਨ। ਮਾਤਾ ਗੁਜਰੀ ਜੀ ਦਾ ਜਨਮ ਸੰਨ 1619ਈ ਨੂੰ ਕਰਤਾਰਪੁਰ ਜਲ੍ਹਿਾ ਜਲੰਧਰ ਵਿਖੇ ਪਿਤਾ ਭਾਈ ਲਾਲ ਚੰਦ ਸੁਭਿੱਖੀ ਖੱਤਰੀ ਅਤੇ ਮਾਤਾ ਬਿਸ਼ਨ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ ਸੀ। ਮਾਤਾ ਗੁਜਰੀ ਜੀ ਦਾ ਪਰਿਵਾਰ ਅਜੋਕੇ ਹਰਿਆਣਾ ਦੇ ਲਖਨੌਰ ਜਲਿਾ ਅੰਬਾਲਾ ਤੋਂ ਕਰਤਾਰਪੁਰ ਆ ਕੇ ਨਿਵਾਸ ਕੀਤਾ। ਕਰਤਾਰਪੁਰ ਨਗਰ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ। ਮਾਤਾ ਗੁਜਰੀ ਦਾ ਬਚਪਨ ਇੱਥੇ ਹੀ ਬੀਤੀਆਂ ਸੀ, ਮਾਤਾ ਗੁਜਰੀ ਜੀ ਦਾ ਪਰਿਵਾਰ ਬੜਾ ਨੇਕ ਅਤੇ ਧਾਰਮਿਕ ਵਿਚਾਰਾਂ ਵਾਲੇ ਸਨ। ਮਾਤਾ ਗੁਜਰੀ ਜੀ ਦੇ ਜੀਵਨ ਤੇ ਸਭ ਤੋਂ ਵੱਧ ਪ੍ਰਭਾਵ ਉਹਨਾਂ ਦੀ ਮਾਤਾ ਬਿਸ਼ਨ ਕੌਰ ਜੀ ਦਾ ਸੀ। ਬਿਸ਼ਨ ਕੌਰ ਬੜੀ ਨੇਕ, ਮਿੱਠੇ ਸੁਭਾਅ ਵਾਲੀ, ਸਿਆਣੀ ਅਤੇ ਸਲੀਕੇ ਵਾਲੀ ਘਰ ਗ੍ਰਹਿਣੀ ਸਨ। ਬਚਪਨ ਤੋਂ ਹੀ ਮਾਤਾ ਗੁਜਰੀ ਨੇ ਆਪਣੇ ਮਾਤਾ ਜੀ ਵਲੋਂ ਮਿਲੇ ਗੁਣਾਂ ਨੂੰ ਆਪਣੀ ਜੀਂਦਗੀ ਦਾ ਅਧਾਰ ਬਣਾਇਆਂ ਅਤੇ ਸਾਦਗੀ , ਸੱਚ, ਸਿਮਰਨ ਅਤੇ ਧੀਰਜ ਨੂੰ ਸਦਾ ਹੀ ਆਪਣੇ ਜੀਵਨ ਦਾ ਅੰਗ ਬਣਾ ਲਿਆ।

ਮਾਤਾ ਗੁਜਰੀ ਜੀ ਦਾ ਵਿਆਹ ਗੁਰੂ ਹਰਿਗੋਬਿੰਦ ਜੀ ਦੇ ਛੋਟੇ ਪੁੱਤਰ ਗੁਰੂ ਤੇਗ ਬਹਾਦਰ ਜੀ ਨਾਲ 4 ਐਪ੍ਰਲ ਸੰਨ 1632 ਈ ਨੂੰ ਹੋਇਆ। ਡੋਲੀ ਤੋਰਨ ਸਮੇਂ ਮਾਤਾ ਗੁਜਰੀ ਜੀ ਦੇ ਪਿਤਾ ਭਾਈ ਲਾਲ ਚੰਦ ਨੇ ਹੱਥ ਜੋੜ ਕੇ ਬੜੀ ਨਿਰਮਾਤਾ ਸਾਹਿਤ ਗੁਰੂ ਹਰਿਗੋਬਿੰਦ ਜੀ ਨੂੰ ਕਿਹਾ ਕਿ ਸਾਡੇ ਕੋਲ ਦੇਣ ਦੋਹਾਂ ਕੁਝ ਵੀ ਨਹੀਂ, ਤਾਂ ਗੁਰੂ ਜੀ ਨੇ ਬੜੀ ਸੰਜੀਦਗੀ ਅਤੇ ਵੱਡੇ ਜਿਗਰੇ ਨਾਲ ਕਿਹਾ, ਭਾਈ ਲਾਲ ਚੰਦ ਜੀ ਜਿਸ ਨੇ ਆਪਣੀ ਪੁੱਤਰੀ ਹੀ ਸਾਨੂੰ ਦੇ ਦਿੱਤੀ ਹੈ, ਉਸ ਨੂੰ ਨੇ ਸਮਝੋ ਸਾਨੂੰ ਸਭ ਕੁਝ ਦੇ ਦਿੱਤਾ ਹੈ। ਇਸ ਤੋਂ, ਵੱਧ ਸਾਨੂੰ ਹੋਰ ਕਿਸੇ ਚੀਜ ਦੀ ਲੋੜ ਨਹੀ ਹੈ।

ਲਾਲ ਚੰਦ ਤੁਮ ਦੀ ਨੇ ਸਕਲ ਬਿਸਤਰਾ
ਜਿਸ ਤਨੁਜਾ ਅਰਪਨ ਕੀਨੈ
ਕਿਆ ਪਾਛੇ ਤਿਨ ਰਖ ਲੀਨੈ।।

ਮਾਤਾ ਬਿਸ਼ਨ ਕੌਰ ਨੇ ਡੋਲੀ ਤੋਰਨ ਸਮੇਂ ਮਾਤਾ ਗੁਜਰੀ ਜੀ ਨੂੰ ਅਸੀਸ ਦਿੱਤੀ ਤੇ ਕਿਹਾ ਕਿ ਪੁੱਤਰ ਆਪਣੇ ਪਤੀ ਨੂੰ ਪ੍ਰਮੇਸ਼ਵਰ ਸਮਾਨ ਸਮਾਨ ਜਾਣੀ। ਮਾਤਾ ਗੁਜਰੀ ਦੀ ਡੋਲੀ ਗੁਰੂ ਕੇ ਮਹਿਲ ਅੰਮ੍ਰਿਸਰ ਵਿਖੇ ਆਈ। ਮਾਤਾ ਗੁਜਰੀ ਜੀ ਬਹੁਤ ਖੁਸ ਸਨ ਕਿ ਉਹਨਾਂ, ਨੂੰ ਤਿਆਗ ਅਤੇ ਵੀਰਤਾ ਦੀ ਮੂਰਤਿ ਗੁਰੂ ਤੇਗ ਬਹਾਦਰ ਜੀ ਵਰਗਾ ਪਤੀ, ਗੁਰੂ ਭੰਜਨ ਤੇ ਸੂਰਮਾ ਗੁਰੂ ਹਰਿਗੋਬਿੰਦ ਜੀ ਵਰਗਾ ਪਿਤਾ ਸਹੁਰਾ ਅਤੇ ਮਾਤਾ ਨਾਨਕੀ ਜੀ ਵਰਗੀ ਸਰਵਗੁਣ ਸੰਪੰਨ ਮਾਂ ਵਰਗੀ ਸੱਸ ਦੇ ਘਰ ਨੂੰਹ ਬਣਕੇ ਆਉਣ ਦਾ ਸੁਭਾਗ ਮਿਲਿਆ ਸੀ। ਮਾਤਾ ਗੁਜਰੀ ਜੀ ਨੇ ਗੁਰੂ-ਪਰਵਾਰ ਤੇ ਗੁਰੂ-ਘਰ ਦੀ ਸਾਰੀ ਮਰਯਾਦਾ ਵਿੱਚ ਪਰਪੱਕ ਹੋ ਗਏ। ਸਹੁਰੇ-ਪਿਤਾ" ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਹੀਦੀ ਅਤੇ ਸਹੀਦੀ ਉਪਰੰਤ ਦੇ ਗੁਰੂ-ਘਰ ਦੇ ਸਾਰੇ ਹਾਲਾਤ, ਮਾਤਾ ਗੁਜਰੀ ਜੀ ਦਾ ਆਤਮਿਕ ਬਲ ਹੋਰ ਵੀ ਦ੍ਰਿੜ੍ਹਤਾ ਅਤੇ ਸਿਦਕਦਿਲ੍ਹੀ ਵਾਲਾ ਹੋ ਗਿਆ ਸੀ। ਹੁਣ ਉਹ ਕਿਸੇ ਭਿਅੰਕਰ ਤੋਂ ਭਿਅੰਕਰ ਸੰਕਟਮਈ ਹਾਲਾਤ ਦਾ ਦ੍ਰਿੜ੍ਹਤਾ ਅਤੇ ਸਿਦਕਦਿਲ੍ਹੀ ਨਾਲ ਮੁਕਾਬਲੇ ਦੇ ਸਮਰੱਥ ਹੋ ਗਈ ਸੀ

ਜਦੋਂ ਗੁਰੂ ਤੇਗ ਬਹਾਦਰ ਜੀ ਭਾਰਤ ਦੇ ਪੂਰਬੀ ਪ੍ਰਾਂਤਾਂ ਦੀ ਯਾਤਰਾ ਵਾਸਤੇ ਚੱਲ ਪਏ। ਗੁਰੂ ਜੀ ਦੇ ਨਾਲ ਮਾਤਾ ਗੁਜਰੀ ਤੋਂ ਗੁਰੂ ਜੀ ਮਾਤਾ ਜੀ, ਮਾਤਾ ਨਾਨਕੀ ਜੀ ਅਤੇ ਕਈ ਮੁਖੀ ਸਿੱਖ ਵੀ ਸਨ ਅਤੇ ਨਾਲ ਮਾਤਾ ਗੁਜਰੀ ਜੀ ਦਾ ਭਰਾ ਕਿਰਪਾ ਚੰਦ ਵੀ ਸ਼ਾਮਿਲ ਸੀ। ਗੁਰੂ ਤੇਗ ਬਹਾਦਰ ਜੀ ਮਾਤਾ ਗੁਜਰੀ ਨੂੰ ਪਟਨਾ ਸ਼ਹਿਰ ਛੱਡ ਕੇ ਆਪ ਆਸਾਮ ਅਤੇ ਬੰਗਾਲ ਦੇ ਦੌਰੇ ਤੇ ਚੱਲਗੇ। ਜਿੱਥੇ 22ਦਸੰਬਰ, 1666 ਈ: ਨੂੰ ਪਟਨਾ ਦੇ ਸਥਾਨ ਤੇ ਮਾਤਾ ਗੁਜਰੀ ਜੀ ਦੀ ਕੁੱਖ ਤੋਂ ਇਕ ਵੀਰ -ਯੋਧੇ ਤੇ ਅਲੌਕਿਕ ਸਕਤੀਆਂ ਦੇ ਮਾਲਕ ਗੁਰੂ ਗੋਬਿੰਦ ਰਾਇ ਦਾ ਜਨਮ ਹੋਇਆਂ ਜਿਹਨਾਂ ਨੂੰ ਸਿੱਖ ਇਤਿਹਾਸ ਵਿੱਚ ਦਸਵੇਂ ਗੁਰੂ , ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ 1670 ਵਿੱਚ ਆਸਾਮ ਦੀ ਯਾਤਰਾ ਤੋਂ, ਵਾਪਸ ਪਰਤੇ ਸਨ।ਮਾਤਾ ਗੁਜਰੀ ਜੀ ਆਪਣੇ ਚਾਰ ਸਾਲ ਦੇ ਬੇਟੇ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਸਮੇਤ ਭਾਈ ਕਿਰਪਾਲ ਚੰਦ ਅਤੇ ਕੁਝ ਹੋਰ ਸਿੰਘਾਂ ਦੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦੇਸ ਅਨੁਸਾਰ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਆਉਂਦਿਆਂ ਹੋਇਆਂ ਆਪਣੇ ਪੁਰਾਣੇ ਪੇਕੇ ਨਗਰ ਲਖਨੌਰ ਵਿਖੇ ਤਕਰੀਬਨ ਛੇ ਮਹੀਨੇ ਲਈ ਰੁਕੇ। ਮਾਤਾ ਗੁਜਰੀ ਜੀ ਨੇ ਇੱਥੇ ਨਗਰ ਵਾਸੀਆਂ, ਦੀ ਪਾਣੀ ਦੀ ਸਮੱਸਿਆਂ ਨੂੰ ਵੇਖਦੇ ਹੋਏ ਇੱਕ ਖੂਹ ਲਗਵਾਇਆ ਸੀ ਜੋ ਅਜੇ ਤੱਕ ਨਗਰ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਲੋਕ ਇਸ ਖੂਹ ਨੂੰ ਸਤਿਕਾਰ ਨਾਲ ਮਾਤਾ ਗੁਜਰੀ ਦੇ ਖੂਹ ਨਾਲ ਯਾਦ ਕਰਦੇ ।ਪੇਕੇ ਪਿੰਡ ਠਹਿਰਣ ਤੋਂ ਬਾਅਦ ਮਾਤਾ ਗੁਜਰੀ ਜੀ ਆਪਣੇ ਪੁੱਤਰ ਨੂੰ ਨਾਲ ਲੈ ਕੇ 1671ਈ: ਨੂੰ ਅਨੰਦਪੁਰ ਸਾਹਿਬ ਪਹੁੰਚੇ ਸਨ।

ਜਦੋਂ ਕਸਮੀਰੀ ਪੰਡਤਾਂ ਦੀ ਬੇਨਤੀ ਤੇ ਤਿਲਕਜੰਝੂ ਲਈ ਜਦੋਂ ਗੁਰੂ ਤੇਗ ਬਹਾਦਰ ਜੀ ਸਾਹਿਬ ਨੇ 11 ਜੁਲਾਈ 1675 ਚਾਲੇ ਪਾਏ ਤਾਂ ਵਿਛੋੜੇ ਦੀ ਘੜੀ ਨੂੰ ਮਾਤਾ ਗੁਜਰੀ ਨੇ ਬਹੁਤ ਹੌਂਸਲੇ ਅਤੇ ਦਲੇਰੀ ਨਾਲ ਝੱਲਿਆ 11ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਉਹਨਾਂ ਦੇ ਤਿੰਨ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸਮਾਂ ਮਾਤਾ ਗੁਜਰੀ ਜੀ ਦੇ ਜੀਵਨ ਦੀ ਹੁਣ ਤੱਕ ਲਦੀ ਸਭ ਤੋਂ ਵੱਧ ਦੁਖਦਾਈ ਘਟਨਾ ਸੀ ਪਰ ਮਾਤਾ ਜੀ ਨੇ ਇਸ ਦੁੱਖ ਨੂੰ ਵੀ ਰੱਬ ਦੀ ਰਜਾ ਕਰ ਕੇ ਮੰਨਿਆ ਅਤੇ ਸਾਰੇ ਪਰਿਵਾਰ ਤੇ ਸੰਗਤਾਂ ਨੂੰ ਗੁਰੂ ਜੀ ਦੀ ਬਾਣੀ ਦੁਆਰਾ ਧੀਰਜ ਦਿੰਦਿਆਂ ਕਿਹਾ :-

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ।।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਪਰਿਵਾਰ ਨੂੰ ਸੰਭਾਲਣ, ਸੰਗਤਾਂ ਨੂੰ ਅਗਵਾਈ ਦੇਣ ਅਤੇ ਬਾਲ ਗੁਰੂ ਗੋਬਿੰਦ ਰਾਇ ਦੀ ਪਵਰਿਸ਼ ਦੀ ਸਾਰੀ ਜੀਂਮੇਵਾਰੀ ਮਾਤਾ ਗੁਜਰੀ ਜੀ ਦੇ ਮੋਢਿਆਂ ਤੇ ਆ ਗਈ। ਇਹ ਜੀਂਮੇਵਾਰੀ ਮਾਤਾ ਗੁਜਰੀ ਜੀ ਪੂਰੀ ਇਮਾਨਦਾਰੀ ਨਾਲ ਸੰਭਾਲੀ। ਆਨੰਦਪੁਰ ਸਾਹਿਬ ਵਿੱਚ ਆਮ ਤੌਰ 'ਤੇ ਮਾਹੌਲ ਜੰਗਾਂ ਯੁੱਧਾਂ ਵਾਲਾ ਬਣਿਆ ਹੀ ਰਹਿੰਦਾ ਸੀ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਟ੍ਰੇਨਿੰਗ ਅਜਿਹੀ ਕੀਤੀ ਜਿਸ ਨੇ ਉਨ੍ਹਾਂ ਵਿੱਚ ਸਿਰਫ ਅਧਿਆਤਮਕ ਗੁਣ ਹੀ ਨਹੀਂ ਸਗੋਂ ਯੋਧਿਆਂ ਵਾਲੇ ਗੁਣ ਵੀ ਰਹੇ ਜਿਸ ਕਾਰਨ ਉਹ 'ਸੰਤ ਸਿਪਾਹੀ' ਬਣ ਸਕੇ। ਇਉਂ ਜਾਪਦਾ ਹੈ ਕਿ ਸਿਰਫ ਆਪਣੇ ਸਪੁੱਤਰ ਦੇ ਹੀ ਨਹੀਂ ਸਗੋਂ ਆਪਣੇ ਪੋਤਰਿਆਂ ਦੇ ਚਰਿੱਤਰ ਨਿਰਮਾਣ ਵਿੱਚ ਮਾਤਾ ਗੁਜਰੀ ਜੀ ਨੇ ਵੱਡਾ ਯੋਗਦਾਨ ਪਾਇਆ। ਇਹੋ ਕਾਰਨ ਹੈ ਕਿ ਉਨ੍ਹਾਂ ਦੇ ਪੋਤਰੇ ਆਪਣੇ ਪਿਤਾ ਦੇ ਪੱਦ ਚਿੰਨਾਂ 'ਤੇ ਚੱਲਦੇ ਹੋਏ ਧਰਮ, ਦੇਸ ਤੇ ਕੌਮ ਦੀ ਖਾਤਰ ਜਾਨਾਂ ਕੁਰਬਾਨ ਕਰ ਗਏ।

ਜਦੋਂ, ਮੁਗਲਾਂ ਦੀਆਂ ਫੋਜਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਿਆਂ, ਉਸ ਸਮੇਂ ਕਿਲ੍ਹੇ ਅੰਦਰ ਰਾਸ਼ਨ ਪਾਣੀ ਕਮੀਨ ਹੋ, ਗਈ। ਉਸ ਸਮੇਂ ਗੁਰੂ ਪਰਿਵਾਰ ਅਤੇ ਸਿੱਖਾਂ ਵਾਸਤੇ ਵੀ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਸਨ। ਉਸ ਸਮੇਂ ਮੁਗਲਾਂ ਅਤੇ ਪਹਾੜੀਆਂ ਰਾਜਿਆਂ ਨੇ ਗੁਰੂ ਜੀ ਇੱਕ ਸੁਨੇਹਾ ਭਿਜਵਾਇਆ ਜਿਸ ਵਿੱਚ ਇਹ ਕਿਹਾ ਗਿਆ ਸੀ ਕਿਲਾ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਓ ਅਸੀਂ, ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਵਾਂਗਾ। 5-6 ਦਸੰਬਰ ਦੀ ਕਾਲੀ ਕਾਤਲ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਰਿਵਾਰ ਤੇ ਸਿੱਖਾ ਸਮੇਤ ਆਨੰਦਪੁਰ ਦਾ ਕਿਲਾ ਛੱਡ ਦਿੱਤਾ ਤੇ ਰੋਪੜ ਵਾਲੇ ਪਾਸੇ ਚੱਲ ਪਏ। ਸਰਸਾ ਨਦੀ ਦੇ ਕੰਢੇ ਆ ਕੇ ਗੁਰੂ ਸਾਹਿਬ ਦਾ ਪਰਿਵਾਰ ਖੇਰੂ-ਖੇਰੂ ਹੋ ਗਿਆ। ਮਾਤਾ ਗੁਜਰੀ ਜੀ ਤੇ ਉਨ੍ਹਾਂ ਦੇ ਪੋਤਰਿਆਂ ਸਾਹਿਬਜਾਦਾ ਜੁਝਾਰ ਸਿੰਘ ਜੀ ਅਤੇ ਸਾਹਿਬਜਾਦਾ ਫਤਿਹ ਸਿੰਘ ਜੀ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਮੋਰਿੰਡੇ ਜਲ੍ਹਿਾ ਰੋਪੜ ਕੋਲ ਆਪਣੇ ਪਿੰਡ ਸਹੇੜੀ ਲੈ ਆਇਆ। ਜਦੋਂ, ਗੰਗੂ ਨੇ ਵੇਖਿਆ ਕਿ ਮਾਤਾ ਜੀ ਦੇ ਕੋਲ ਕੁਝ ਗਹਿਣੇ ਅਤੇ ਨਕਦੀ ਹੈ ਤਾਂ ਉਸ ਦੇ, ਮਨ ਬੇਈਮਾਨ ਹੋ ਗਿਆ। ਗੰਗੂ ਨੇ ਮਾਤਾ ਜੀ ਦੀ ਗਹਿਣੀਆਂ ਦੀ ਪੋਟਲੀ ਚਰਾ ਕੇ ਚੋਰ-ਚੋਰ ਦਾ ਸ਼ੋਰ ਪਾ ਦਿੱਤਾ। ਗੰਗੂ ਨੇ ਲਾਲਚ ਵੱਸ ਗੰਗੂ ਨੇ ਇਨ੍ਹਾਂ ਨੂੰ ਸਰਹਿੰਦ ਦੇ ਸੂਬੇ ਵਜੀਦ ਖਾਨ ਕੋਲ ਪਕੜਵਾ ਦਿੱਤਾ, ਦੋਹਾਂ ਬੱਚਿਆਂ ਅਤੇ ਮਾਤਾ ਗੁਜਰੀ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਹਿਲਾਂ ਮੋਰਿੰਡੇ ਅਤੇ ਫਿਰ ਸਰਹਿੰਦ ਲਿਆਉਣ ਮਗਰੋਂ, ਉਹਨਾਂ, ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ।

ਛੋਟੇ ਸਾਹਿਬਜਾਦਿਆਂ ਨੂੰ ਤਿੰਨ ਦਿਨ ਤੱਕ ਨਵਾਬ ਵਜੀਰ ਖਾਂ ਦੀ ਕਚਹਿਰੀ ਵਿੱਚ ਪੇਸ਼ ਕੀਤਾ ਜਾਂਦਾ ਰਿਹਾ ਤੇ ਕਈ ਪ੍ਰਕਾਰ ਦੀ ਸਖਤੀ ਕੀਤੀ ਜਾਂਦੀ ਰਹੀ। ਹਰ ਪੇਸ਼ੀ ਵਿੱਚ ਸਾਹਿਬਜਾਦਿਆਂ ਤੇ ਦਬਾਅ ਪਾਇਆ ਜਾਂਦਾ ਰਿਹਾ ਕਿ ਆਪਣਾ ਧਰਮ ਤਿਆਗ ਦਿਓ, ਨਹੀਂ ਤਾਂ ਕਤਲ ਕਰ ਦਿੱਤੇ ਜਾਣਗੇ। ਕਚਹਿਰੀ ਵਿੱਚ ਜਾਣ ਤੋਂ ਪਹਿਲਾਂ ਮਾਤਾ ਗੁਜਰੀ ਜੀ ਬੱਚਿਆਂ ਨੂੰ, ਆਪਣੇ ਦਾਦੇ ਗੁਰੂ ਤੇਗ ਬਹਾਦਰ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਹਾਦਰੀ ਦੀਆਂ ਗੱਲਾਂ ਸੁਣਦੇ ਰਹਿੰਦੇ। ਬੱਚਿਆਂ ਨੂੰ ਆਪਣੀ ਗੱਲ ਤੇ ਕਾਇਮ ਵੇਖ ਕੇ ਆਖਰ ਵਜੀਰ ਖਾਂ ਨੇ ਸਾਹਿਬਜਾਦਿਆਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦੇਣਾ ਦਾ ਹੁਕਮ ਸੁਣਾ ਦਿੱਤਾ ਨਾਜਮ ਪਾਪੀ ਕਹਯੋ ਸੁਣਾਈ।

ਦਿਹੁਰੀ ਦੀਵਾਰ ਮੈ ਇਨੈ ਚਿਨਾਈ।
ਜੇ ਮਾਨੇਂਗੇ ਦੀਨ ਹਮਾਰਾ,
ਤੋਂ ਕਰੋ ਹਾਂ ਇਨ ਕਾ ਛੁਟਕਾਰਾ।।

ਆਖਰਕਾਰ ਸੂਬੇ ਵੱਲੋਂ ਇਨ੍ਹਾਂ ਨੂੰ ਕੰਧਾਂ ਵਿੱਚ ਚਿਣ ਕੇ ਸਹੀਦ ਕਰ ਦਿੱਤਾ ਗਿਆ ਤੇ ਗੁਰੂ ਗੋਬਿੰਦ ਸਿੰਘ ਨੇ ਇਹ ਸੂਰਬੀਰ ਪੁੱਤਰ ਸਿੱਖੀ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਸਹੀਦੀਆਂ ਪਾ ਗਏ। ਮਾਤਾ ਗੁਜਰੀ ਜੀ ਨੇ ਸਿਖਿਆ ਆਪਣੇ ਪੋਤਰਿਆਂ ਨੂੰ ਦਿੱਤੀ ਸੀ,ਉਹ ਅੰਤ ਸਮੇਂ ਤੱਕ ਪੂਰੇ ਉਤਰੇ ਸਨ। ਜਦੋਂ ਇਹ ਖਬਰ ਠੰਡੇ ਬੁਰਜ ਵਿੱਚ ਮਾਤਾ ਗੁਜਰੀ ਜੀ ਕੋਲ ਪਹੁੰਚੀ ਤਾਂ ਮਾਤਾ ਜੀ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਤੇ ਧੰਨਵਾਦ ਕੀਤਾ ਕਿ ਬੱਚੇ ਆਪਣੇ ਧਰਮ ਅਤੇ ਸਿਦਕ ਨੂੰ ਪਾਲਦੇ ਹੋਏ ਦੇਸ਼ ਅਤੇ ਕੌਮ ਲੇਵੀ ਕੁਰਬਾਨ ਹੋ ਗਏ। ਮਾਤਾ ਗੁਜਰੀ ਜੀ ਆਪਣੇ ਜਿਗਰ ਦੇ ਟੋਟਿਆਂ ਦਾ ਵਿਛੋੜਾ ਨਾ ਸਹਾਰਦੇ ਹੋਏ ਅਕਾਲ ਪੁਰਖ ਨੂੰ ਪਿਆਰੇ ਹੋ ਗਏ।ਮਾਤਾ ਜੀ ਦੀ ਉਮਰ 80ਸਾਲ ਦੀ ਸੀ।

ਮਾਤਾ ਗੁਜਰੀ ਜੀ ਅਤੇ ਦੋਹਾਂ ਸਾਹਿਬਜਾਦਿਆਂ ਦੇ ਪਵਿੱਤਰ ਸਰੀਰਾਂ ਦਾ ਸਸਕਾਰ, ਸਰਹਿੰਦ ਦੇ ਇੱਕ ਅਮੀਰ ਜੌਹਰੀ ਟੋਡਰ ਮੱਲ ਨੇ ਮੁਗਲ ਅਧਿਕਾਰੀਆਂ ਨੂੰ ਭਾਰੀ ਰਕਮ ਅਦਾ ਕਰ ਕੇ ਕੀਤਾ ਸੀ।

ਮਾਤਾ ਗੁਜਰੀ ਜੀ ਨੇ ਪੰਜ ਗੁਰੂ ਸਾਹਿਬਾਨ ਦਾਂ ਸਮਾਂ ਆਪਣੀ ਅਖੀਂ ਵੇਖਿਆ ਸੀ, ਅਤੇ ਸਮੇਂ ਦੇ ਕਈ ਝੱਖੜ ਆਪਣੇ ਪਿੰਡੇ ਤੇ ਝੱਲੇ ਸਨ। ਸਤਿਕਾਰਯੋਗ ਮਾਤਾ ਗੁਜਰੀ ਜੀ ਅਤੇ ਭਾਰਤ ਦੇਸ ਦੀ ਪਹਿਲੀ ਸਹੀਦ ਇਸਤਰੀ ਹੋਈ ਅਤੇ ਜਿਸ ਦਾ ਜੀਵਨ, ਤਿਆਗ, ਕੁਰਬਾਨੀ ਅਤੇ ਸਹੀਦੀ ਇਤਿਹਾਸ ਨੂੰ ਇੱਕ ਨਵਾਂ ਮੋੜ ਦੇਵੇਗੀ ਅਤੇ ਭਾਰਤੀ ਨਾਰੀ ਦੇ ਮਾਨ-ਸਨਮਾਨ ਨੂੰ ਉੱਚਾ ਅਤੇ ਸਤਿਕਾਰਤ ਸਥਾਨ ਪ੍ਰਾਪਤ ਕਰਵਾ ਦੇਵੇਗੀ। ਜਿਸ ਨਾਲ ਭਾਰਤੀ ਨਾਰੀ ਦਾ ਜੀਵਨ ਇੱਕ ਸਵੈਮਾਣ ਅਤੇ ਗੌਰਵਮਈ ਅੰਗੜਾਈ ਲੈ ਲਵੇਗਾ।

ਜਿਥੇ ਸਾਹਿਬਜਾਦਿਆਂ ਨੂੰ ਸ਼ਹੀਦ ਕੀਤਾ ਗਿਆ ਉੱਥੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਸਥਾਪਤ ਹੈ। ਜਿਥੇ ਮਾਤਾ ਗੁਜਰੀ ਅਤੇ ਬੱਚਿਆ ਨੂੰ ਕੈਦ ਰੱਖਿਆ ਗਿਆ ਉੱਥੇ ਗੁਰਦੁਆਰਾ ਠੰਡਾ ਬੁਰਜ ਸਾਹਿਬ ਹੈ। ਜਿਥੇ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ ਜੋਤੀ ਸਰੂਪ ਹੈ।

ਧੰਨ ਮਾਤਾ ਗੁਜਰੀ ਜੀ
ਵਾਹਿਗੁਰੂ ਜੀ ਕਾ ਖਾਲਸਾ ।।
ਵਾਹਿਗੁਰੂ ਜੀ ਕੀ ਫਤਿਹ।।

**ਰਵਨਜੋਤ ਕੌਰ ਸਿੱਧੂ "ਰਾਵੀ"**
**ਜੱਬੋਵਾਲ, ਸ਼ਹੀਦ ਭਗਤ ਸਿੰਘ ਨਗਰ**



# ਕਿਤੇ ਸੈਲਫਾਇਟਿਸ ਨਾ ਬਣ ਜਾਵੇ ਸੈਲਫੀ



- ਇਕਵਾਕ ਸਿੰਘ ਪੱਟੀ
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।
ਮੋ. 9815024920

ਜਦ ਕੈਮਰਿਆਂ ਦੀ ਖੋਜ ਨਹੀਂ ਹੋਈ ਸੀ, ਉਸ ਵੇਲੇ ਵੀ ਆਪਣੀਆਂ ਤਸਵੀਰਾਂ ਖੁਦ ਦੇਖਣ ਦੇ ਸ਼ੌਕੀਨ ਆਪਣੀਆਂ ਤਸਵੀਰਾਂ ਕਲਾਕਾਰਾਂ ਕੋਲੋਂ ਬਣਵਾ ਲਿਆ ਕਰਦੇ ਸਨ। ਫਿਰ ਸਮੇਂ ਦੀ ਚਾਲ ਨਾਲ ਬਕਸੇ ਵਾਲੇ ਕੈਮਰਿਆਂ ਤੋਂ ਰੀਲ੍ਹ ਵਾਲੇ ਕੈਮਰੇ, ਫਿਰ ਡੀਜੀਟਲ ਕੈਮਰਿਆਂ ਤੋਂ ਮੋਬਾਇਲ ਕੈਮਰਿਆਂ ਤੱਕ ਤੇ ਹੁਣ ਮੋਬਾਇਲ ਦੇ ਫਰੰਟ ਕੈਮਰੇ ਵਿੱਚ ਦਿਤੀ ਜਾ ਰਹੀ ਫੋਟੋ ਖਿੱਚਣ ਦੀ ਤਕਨੀਕ ਨੇ, ਹਰ ਕਿਸੇ ਨੂੰ ਆਪਣੀ ਫ਼ੋਟੋ ਆਪ ਖਿੱਚਣ ਦੇ ਕਾਬਲ ਬਣਾ ਦਿੱਤਾ। ਆਪਣੀ ਫ਼ੋਟੋ ਆਪ ਖਿੱਚਣ ਦੀ ਇਸ ਪ੍ਰਕ੍ਰਿਆ ਨੂੰ ਸਾਲ ੨੦੧੩ ਵਿੱਚ ਆਕਸਫੋਰਡ ਡਿਕਸ਼ਨਰੀ ਵਿੱਚ 'ਸੈਲਫੀ' ਨਾਂ ਦੇ ਨਾਲ ਸ਼ਾਮਲ ਕੀਤਾ ਗਿਆ।

ਤਸਵੀਰਾਂ ਨਾਲ ਆਪਣੀ ਜਿੰਦਗੀ ਦੀਆਂ ਅਹਿਮ ਯਾਦਾਂ ਨੂੰ ਸਾਂਭ ਕੇ ਰੱਖਣ ਦਾ ਸ਼ੌਂਕ ਹਮੇਸ਼ਾਂ ਤੋਂ ਮਨੁੱਖੀ ਮਨ ਅੰਦਰ ਬਣਿਆ ਰਿਹਾ ਹੈ। ਬਿਨ੍ਹਾਂ ਸ਼ੱਕ ਮੌਜੂਦਾ ਦੌਰ ਵਿੱਚ ਤਸਵੀਰਾਂ ਖਿੱਚਣੀਆਂ ਅਤੇ ਦੂਜਿਆਂ ਨਾਲ ਸਾਂਝੀਆ ਕਰਕੇ ਉਹਨਾਂ ਦੇ ਵਿਚਾਰਾਂ/ ਪ੍ਰਤੀਕ੍ਰਿਆ ਨੂੰ ਜਾਨਣਾ ਇੱਕ ਕ੍ਰੇਜ਼ ਜਿਹਾ ਬਣ ਗਿਆ ਹੈ। ਇਸੇ ਕਾਰਣ ਅੱਜ ਫੇਸਬੁੱਕ, ਇੰਸਟਾਗ੍ਰਾਮ, ਵੱਟਸਐਪ, ਫਲਿੱਕਰ, ਪਿਕਾਸਾ ਅਤੇ ਟਵਿੱਟਰ ਵਰਗੀਆਂ ਕਈ ਸੋਸ਼ਲ ਐਪਸ ਅਤੇ ਵੈਬਸਾਈਟਾਂ ਦੀ ਹੋਂਦ ਬਣੀ ਹੋਈ ਹੈ।

ਆਪਣੀਆਂ ਤਸਵੀਰਾਂ ਨੂੰ ਵਧੇਰੇ ਦਿਲਚਸਪ ਬਣਾਉਣ ਲਈ, ਸੋਸ਼ਲ ਵੈਬਸਾਈਟਾਂ ਤੇ ਆਪਣੇ ਨਾਲ ਜੁੜੇ ਲੋਕਾਂ ਤੱਕ ਆਪਣੀ ਹਰ ਗਤੀਵਿਧੀ ਸਾਂਝੀ ਕਰਨ ਲਈ ਅਤੇ ਆਪਣੇ ਆਪ ਨੂੰ ਕੁੱਝ ਵੱਖਰਾ ਅਤੇ ਖਤਰਨਾਕ ਦਰਸਾਉਣ ਦੀ ਦੋੜ ਵਿੱਚ ਸੈਲਫੀ ਖਿੱਚ ਕੇ ਪੋਸਟ ਕਰਨ ਦਾ ਰੁਝਾਨ ਇੰਨਾ ਜਿਆਦਾ ਵੱਧ ਗਿਆ ਹੈ ਕਿ ਤਸਵੀਰ ਖਿੱਚਣ ਵੇਲੇ, ਜਿਸ ਥਾਂ ਤੇ ਤਸਵੀਰ ਖਿੱਚੀ ਜਾ ਰਹੀ ਹੈ, ਉਸ ਥਾਂ ਦੇ ਸੁਰੱਖਿਅਤ ਜਾਂ ਖਤਰਨਾਕ ਸਿੱਟਿਆਂ ਬਾਰੇ ਬਿਨ੍ਹਾਂ ਜਾਣੇ ਸੈਲਫੀ ਸ਼ੌਕੀਨ ਆਪਣੇ ਆਪ ਦੇ ਨਾਲ, ਹੋਰਨਾਂ ਦੀਆਂ ਜਾਨਾਂ ਲਈ ਵੀ ਖ਼ੌਅ ਪੈਦਾ ਕਰ ਦਿੰਦੇ ਹਨ। ਸਿੱਟੇ ਵੱਜੋਂ ਹਰ ਸਾਲ ਸੈਲਫੀ ਲੈਂਦਿਆਂ ਹੋਣ ਵਾਲੀਆਂ ਮੌਤਾਂ ਵਿੱਚ ਭਾਰਤ ਦਾ ਨਾਂ ਮੂਹਰਲੀ ਕਤਾਰ ਵਿੱਚ ਆ ਖੜ੍ਹਾ ਹੋਇਆ ਹੈ।

ਬੀਤੇ ਦਿਨੀਂ ਸੈਲਫੀ ਦੇ ਰੁਮਾਂਚ ਨੇ ਦੋ ਵਿਦਿਆਰਥੀਆਂ ਉਮਰ (ਕ੍ਰਮਵਾਰ ੨੨ ਅਤੇ ੨੩ ਸਾਲ) ਦੀ ਜਾਨ ਲੈ ਲਈ। ਵਾਪਰੀ ਘਟਨਾ ਮੁਤਾਬਿਕ ਮੇਰਠ ਦੇ ਕਰਖੇੜਾ ਦੇ ਸੈਨਿਕ ਵਿਹਾਰ ਵਿੱਚ ਸ਼ਾਮ ਵੇਲੇ ਪਾਣੀ ਵਾਲੀ ਟੈਂਕੀ ਉੱਤੇ ਚੜ੍ਹ ਕੇ ਸੈਲਫੀ ਤਸਵੀਰ ਲੈਣ ਵੇਲੇ ਪੈਰ ਫਿਸਲਣ ਕਾਰਨ ਦੋਨੋਂ ਨੌਜਵਾਨ ਡੇਢ ਸੋ ਫੁੱਟ ਉੱਚੀ ਟੈਂਕੀ ਤੋਂ ਹੇਠਾਂ ਆ ਡਿੱਗੇ, ਜਿਸ ਕਾਰਣ ਮੌਕੇ ਤੇ ਦੋਨਾਂ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਪੰਜਾਬ ਦੇ ਗੁਰਦਾਸਪੁਰ ਜਿਲ੍ਹੇ ਵਿੱਚ ੧੬ ਸਾਲਾਂ ਦੇ ਨੌਜਵਾਨ ਵੱਲੋਂ ਆਪਣੇ ਪਿਤਾ ਦੀ ੩੨ ਬੋਰ ਲਾਇਸੰਸੀ ਪਿਸਤੌਲ ਆਪਣੀ ਕੰਨਪਟੀ ਤੇ ਰੱਖ ਕੇ ਸੈਲਫੀ ਲੈਂਦੇ ਵੇਲੇ ਸਿਰ 'ਚ ਗੋਲੀ ਲੱਗਣ ਨਾਲ ਮੌਤ ਹੋ ਗਈ। ਅਜਿਹੀ ਇੱਕ ਖ਼ਬਰ ਗੁਜਰਾਤ ਤੋਂ ਵੀ ਆਈ ਸੀ, ਜਿੱਥੇ ਸੈਲਫੀ ਲੈਂਦੇ ਮੌਕੇ ੨੧ ਸਾਲਾ ਨੌਜਵਾਨ ਧਰੁਵਰਾਜ ਰਾਊਲਜ਼ੀ ਆਪਣੀ ਬੰਦੂਕ ਦੀ ਗੋਲੀ ਦਾ ਆਪ ਹੀ ਸ਼ਿਕਾਰ ਹੋ ਗਿਆ ਸੀ। ਇਸੇ ਤਰ੍ਹਾਂ ਨਾਗਪੁਰ ਦੇ ਵੈਨਾ ਡੈਮ ਵਿੱਚ ਪਿਕਨਿਕ ਮਨਾਉਣ ਗਏ ਕਿਸ਼ਤੀ ਸਵਾਰ ੧੧ ਨੌਜਵਾਨ ਜੋ ਕਿ ਸੈਲਫੀ ਲੈਣ ਦੇ ਚੱਕਰ 'ਚ ਕਿਸ਼ਤੀ ਦੇ ਇੱਕ ਪਾਸੇ ਖੜ੍ਹੇ ਹੋ ਗਏ ਅਤੇ ਕਿਸ਼ਤੀ ਦਾ ਸਤੁੰਲਨ ਵਿਗੜ ਜਾਣ ਕਰਕੇ ਕਿਸ਼ਤੀ ਡੈਮ ਦੇ ਵਿੱਚ ਪਲਟ ਗਈ, ਅਤੇ ਗਿਆਰਾਂ ਵਿੱਚੋਂ ਕੇਵਲ ਤਿੰਨ ਨੌਜਵਾਨਾਂ ਨੂੰ ਬਚਾਇਆ ਜਾ ਸਕਿਆ।

ਸੈਲਫੀ ਲੈਂਦੇ ਸਮੇਂ ਜਾਨ ਜਾਣ ਦੀਆਂ ਕਈ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਵੀ ਅਹਿਤਿਆਤੀ ਕਦਮ ਚੁੱਕਣ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ। ਕੇਂਦਰੀ ਸੰਸਕ੍ਰਿਤੀ ਅਤੇ ਸੈਰ ਸਪਾਟਾ ਮੰਤਰੀ ਡਾ. ਮਹੇਸ਼ ਸ਼ਰਮਾ ਨੇ ਮੁਤਾਬਿਕ ਦੇਸ਼ ਦੇ ਟੂਰਿਸਟ ਸਪੋਰਟਸ ਤੇ 'ਸੈਲਫੀ ਡੇਂਜਰ ਜ਼ੋਨ' ਮਾਰਕ ਕੀਤੇ ਜਾ ਰਹੇ ਹਨ। ਸੋਸ਼ਲ ਮੀਡੀਆ ਤੇ ਪਰਫੈਕਟ ਫੋਟੋ ਸ਼ੇਅਰ ਕਰ ਕੇ ਲਾਈਕ ਅਤੇ ਕੁਮੈਂਟ ਇਕੱਠੇ ਕਰਨ ਦੀ ਤਲਬ ਨੇ ਸੈਲਫੀ ਦਾ ਟ੍ਰੈਂਡ ਖਤਰਨਾਕ ਤੌਰ ਤੇ ਵਧਾ ਦਿੱਤਾ ਹੈ ਕਿ ਨਤੀਜੇ ਵਜੋਂ ਦੇਸ਼ ਵਿਚ ਸੈਲਫੀ ਦੇ ਚੱਕਰ ਵਿਚ ਕਈ ਹਾਦਸੇ ਹੋ ਚੁਕੇ ਹਨ। ਮੁੰਬਈ ਪੁਲਿਸ ਵੱਲੋਂ ਸ਼ਹਿਰ ਦੀਆਂ ਕਈ ਥਾਵਾਂ ਨੂੰ 'ਨੋ ਸੈਲਫੀ ਜ਼ੋਨ' ਵੀ ਐਲਾਨਿਆ ਜਾ ਚੁੱਕਾ ਹੈ।

ਬ੍ਰਿਟੇਨ ਦੀ ਨੋਟਿੰਘਮ ਟਰੈਂਟ ਯੂਨੀਵਰਸਿਟੀ ਅਤੇ ਤਾਮਿਲਨਾਡੂ ਦੇ ਤਿਆਗਰਾਜ ਸਕੂਲ ਆਫ ਮੈਨੇਜਮੈਂਟ ਦੀ ਰਿਸਰਚ ਵਿੱਚ ਸਾਹਮਣੇ ਆਇਆ ਹੈ ਕਿ ਲੋੜ ਤੋਂ ਵੱਧ ਸੈਲਫੀ ਖਿੱਚਣਾ ਇੱਕ ਡਿਸਆਰਡਰ ਹੈ ਅਤੇ ਇਸਦੇ ਇਲਾਜ ਦੀ ਲੋੜ ਹੈ। ਇਸੇ ਤਰ੍ਹਾਂ ਅਮੇਰਿਕਨ ਸਾਇਕਲਾਜਿਕਲ ਐਸੋਸਿਏਸ਼ਨ ਏਪੀਏ ਨੇ ਆਫਿਸ਼ਲ ਰੂਪ ਨਾਲ ਸੈਲਫੀ ਲੈਣ ਨੂੰ ਮੈਂਟਲ ਡਿਸਆਰਡਰ ਯਾਨੀ ਦਿਮਾਗੀ ਰੋਗ ਦੱਸਿਆ ਹੈ ਅਤੇ ਇਸਨੂੰ 'ਸੈਲਫਾਇਟਿਸ' ਰੋਗ ਦਾ ਨਾਮ ਦਿੱਤਾ ਹੈ। ਇਸ ਰੋਗ ਵਿੱਚ ਤੁਹਾਨੂੰ ਵਾਰ - ਵਾਰ ਸੈਲਫੀ ਲੈਣ ਦਾ ਮਨ ਕਰਦਾ ਹੈ। ਮਾਹਰਾਂ ਅਨੁਸਾਰ, ਜੇਕਰ ਕੋਈ ਦਿਨ ਵਿੱਚ ੩ ਵਾਰ ਤੋਂ ਜ਼ਿਆਦਾ ਸੈਲਫੀ ਲੈ ਰਿਹਾ ਹੈ, ਤਾਂ ਮੰਨ ਲਵੋ ਕਿ ਉਹ ਸੈਲਫਾਇਟਿਸ ਰੋਗ ਦੀ ਚਪੇਟ ਵਿੱਚ ਹੈ। ਸੈਲਫਾਈਟਿਸ ਨਾਲ ਪੀੜਤ ਲੋਕ ਜਿਆਦਾਤਰ ਆਪਣਾ ਆਤਮ ਵਿਸ਼ਵਾਸ਼, ਮੂਡ ਠੀਕ ਕਰਨ, ਆਪਣੀਆਂ ਯਾਦਾਂ ਸੁਰੱਖਿਅਤ ਰੱਖਣ ਅਤੇ ਦੂਜਿਆਂ ਤੋਂ ਅੱਗੇ ਰਹਿਣ ਦੀ ਕੋਸ਼ਿਸ਼ ਵਿੱਚ ਹੁੰਦੇ ਹਨ ਅਤੇ ਇਸ ਬਿਮਾਰੀ ਤੋਂ ਬਚਾਅ ਲਈ ਇਸ ਦੀ ਗੰਭੀਰਤਾ ਤੇ ਨਿਰਭਰ ਕਰਦਾ ਹੈ।

ਸੋ ਦੋਸਤੋ ! ਆਖਿਰ ਵਿੱਚ ਇਹੀ ਕਹਿਣਾ ਚਾਹਾਂਗਾ ਕਿ ਤਸਵੀਰਾਂ ਖਿੱਚਣਾ ਕੋਈ ਬੁਰੀ ਗੱਲ ਨਹੀਂ, ਪਰ ਜੇ ਜਿਉਂਦੇ ਰਹਾਂਗੇ ਤਾਂ ਹੀ ਇਹ ਸੰਭਵ ਹੋਵੇਗਾ ਕਿ ਜਿੰਦਗੀ ਭਰ ਦੀਆਂ ਖਿੱਚੀਆਂ ਤਸਵੀਰਾਂ ਆਪਣੀਆਂ ਅੱਖਾਂ ਨਾਲ ਵੇਖਾਂਗੇ, ਪਰ ਜੇ ਇੱਕ ਤਸਵੀਰ ਦੀ ਖਾਤਰ ਜਿੰਦਗੀ ਹੀ ਗੁਆ ਲਈ ਤਾਂ ਕਿਵੇਂ ਦੇਖਾਂਗੇ ਆਪਣੀਆਂ ਅਤੇ ਆਪਣੇ ਪਿਆਰਿਆਂ ਦੀਆਂ ਤਸਵੀਰਾ ? ਸੋ ਜ਼ਰੂਰੀ ਹੈ ਕਿ ਸੈਲਫੀ ਨੂੰ ਸੈਲਫਾਇਟਿਸ ਨਹੀਂ, ਸੈਲਫੀ ਹੀ ਰਹਿਣ ਦੇਈਏ। ਜਾਂਦੇ ਜਾਂਦੇ ਇੱਕ ਗੱਲ ਹੋਰ ਕਰਦਾ ਜਾਵਾਂ ਕਿ ਆਪਣੇ ਬਾਹਰੀ ਰੂਪ ਦੀਆਂ ਤਾਂ ਬਹੁਤ ਸੈਲਫੀਆਂ ਖਿੱਚ ਕੇ ਵੇਖ ਲਈਆਂ, ਕਦੇ ਆਪਣੇ ਅੰਦਰ ਦੀਆਂ ਸੈਲਫੀਆਂ ਵੀ ਖਿੱਚ ਕੇ ਦੇਖਿਆ ਕਰੀਏ ਤਾਂ ਕਿ ਆਪਣੇ ਅੰਦਰ ਦੇ ਔਗੁਣਾ ਨੂੰ ਪਹਿਚਾਣ ਕੇ ਖਤਮ ਕੀਤਾ ਜਾ ਸਕੇ ਅਤੇ ਚੰਗੇ ਨਾਗਿਰਕ ਵਜੋਂ ਦੇਸ਼ ਅਤੇ ਸਮਾਜ ਵਿੱਚ ਨਾਮਣਾ ਖੱਟ ਸਕੀਏ। ਆਮੀਨ !



# ਟੁੱਟਣ ਕੰਢੇ ਆ ਖੜ੍ਹਦੇ ਝੂਠੀ ਬੁਨਿਆਦ ਤੇ ਬਣੇ 'ਪਵਿੱਤਰ ਰਿਸ਼ਤੇ'



ਪਤੀ-ਪਤਨੀ ਦਾ ਰਿਸ਼ਤਾ ਬਹੁਤ ਹੀ ਜ਼ਿਆਦਾ ਪਵਿੱਤਰ ਰਿਸ਼ਤਾ ਮੰਨਿਆ ਜਾਂਦਾ ਹੈ। ਇਸ ਰਿਸ਼ਤੇ ਵਿਚ ਝੂਠ, ਫਰੇਬ, ਧੋਖਾ ਗਲਤ ਫਹਿਮੀ ਜਿਹੀਆਂ ਕੁਝ ਨਿਗੁਣੀਆਂ ਗੱਲਾਂ ਲਈ ਕਿਸੇ ਵੀ ਕਿਸਮ ਦੀ ਕੋਈ ਥਾਂ ਨਹੀਂ ਹੁੰਦੀ। ਇਸ ਬਾਰੇ ਇਹ ਕਹਾਵਤ ਵੀ ਪ੍ਰਚਲਿਤ ਹੈ ਕਿ ਵਿਆਹ ਦੇ ਰਿਸ਼ਤੇ ਰੱਬ ਦੀ ਦਰਗਾਹ 'ਤੇ ਬਣਦੇ ਤੇ ਪ੍ਰਵਾਨ ਚੜਦੇ ਹਨ। ਇਹ ਰਿਸ਼ਤੇ ਸਮਾਜ ਦੀ ਸਹਿਮਤੀ ਤੇ ਮਾਂ ਬਾਪ ਦੇ ਯੋਗਦਾਨ ਨਾਲ ਹੀ ਫੁੱਲਦੇ ਫਲਦੇ ਹਨ। ਇਨ੍ਹਾਂ ਰਿਸ਼ਤਿਆਂ ਦਾ ਅਧਾਰ ਵੀ ਸਮਾਜ ਤੇ ਪਰਿਵਾਰਿਕ ਸਾਂਝਾ ਹੁੰਦੀਆਂ ਹਨ।

ਪਰ ਅਜੋਕੇ ਸਮੇਂ ਵਿਚ ਇਨ੍ਹਾਂ ਰਿਸ਼ਤਿਆਂ ਦਾ ਕੀ ਹਸ਼ਰ ਹੋ ਰਿਹਾ ਹੈ ? ਇਸ ਬਾਰੇ ਸੋਚਣਾ ਬੁੱਧੀਜੀਵੀਂ ਵਰਗ ਲਈ ਅਤੇ ਮਾਂ ਬਾਪ ਲਈ ਤੇ ਸਮਾਜ ਲਈ ਇਕ ਚਣੌਤੀ ਹੈ। ਕੀ ਕਾਰਨ ਹੈ ਕਿ ਇਹ ਰਿਸ਼ਤੇ ਇਸ ਹੱਦ ਤੱਕ ਘੁੱਟਣ ਪੈਦਾ ਕਰਦੇ ਹਨ ਕਿ ਆਤਮ ਹੱਤਿਆ ਕਰ ਲਈ ਜਾਂਦੀ ਹੈ... ਹੱਤਿਆ ਕੀਤੀ ਜਾਂਦੀ ਹੈ... ਤਲਾਕ ਹੋ ਜਾਂਦਾ ਹੈ... ਜੇਕਰ ਇਨ੍ਹਾਂ ਵਿਚੋਂ ਕੁਝ ਵੀ ਕਰਨ ਦੀ ਸ਼ਕਤੀ ਕਿਸੇ ਕੋਲ ਨਹੀਂ ਤਾਂ ਉਸ ਦੇ ਮਾਨਸਿਕ ਸਤੁੰਲਿਨ ਦੇ ਖੋਣ ਦਾ ਕਾਰਨ ਬਣਦਾ ਹੈ।

ਆਮ ਤੌਰ ਤੇ ਇਸ ਪੱਖ ਦਾ ਸ਼ਿਕਾਰ ਸੁੰਦਰ, ਉੱਚ ਸਿੱਖਿਆ ਪ੍ਰਾਪਤ, ਚੰਗੇ ਘਰਾਂ ਦੀਆਂ ਨੌਕਰੀਸ਼ੁਦਾ ਲੜਕੀਆਂ ਹੀ ਹੁੰਦੀਆਂ ਹਨ। ਮਾਂ ਬਾਪ ਸੋਚਦੇ ਹਨ ਕਿ ਉਨ੍ਹਾਂ ਦੀ ਬਹੁਤ ਹੀ ਚਾਵਾਂ ਲਾਡਾਂ ਨਾਲ ਪਾਲੀ ਧੀ ਬਹੁਤ ਹੀ ਵਧੀਆ ਮੁੰਡੇ ਨਾਲ ਤੇ ਚੰਗੇ ਘਰ ਵਿਆਹ ਕੇ ਜਾਵੇਗੀ ਤੇ ਸਾਰੀ ਉਮਰ ਮੌਜ ਕਰੇਗੀ। ਪਰ ਜਦੋਂ ਕਿਸੇ ਚੰਗੇ ਘਰ ਲੜਕੇ ਦੀ ਦੱਸ ਪੈਂਦੀ ਹੈ ਤਾਂ ਨੌਕਰੀ ਤੇ ਲੱਗੇ ਚੰਗੀ ਤਨਖਾਹ ਲੈਣ ਵਾਲੇ ਇਸ ਲੜਕੇ ਦੇ ਹੱਥੋਂ ਨਿਕਲ ਜਾਣ ਦੇ ਡਰ ਕਾਰਨ ਮਾਪੇ ਜ਼ਿਆਦਾ ਪੁੱਛਗਿੱਛ ਕਰਨਾ ਜ਼ਰੂਰੀ ਨਹੀਂ ਸਮਝਦੇ ਕਿ ਜੇਕਰ ਲੜਕੇ ਵਾਲਿਆਂ ਨੂੰ ਪਤਾ ਲੱਗ ਗਿਆ ਤਾਂ ਲੜਕੇ ਵਾਲਿਆਂ ਨੂੰ ਬੁਰਾ ਲੱਗ ਜਾਣ ਦੀ ਸੂਰਤ ਵਿਚ ਰਿਸ਼ਤੇ ਦੇ ਹੱਥੋਂ ਨਿਕਲ ਜਾਣ ਦੇ ਜ਼ਿੰਮੇਵਾਰ ਵੀ ਉਹ ਖੁਦ ਹੀ ਹੋਣਗੇ। ਇਸ ਤੋਂ ਵੀ ਵੱਡੀ ਗੱਲ ਕਿ ਮਾਪੇ ਵਿਚੋਲੇ ਉਪਰ ਵੀ ਅੱਖਾਂ ਮੀਚ ਕੇ ਵਿਸ਼ਵਾਸ਼ ਕਰ ਲੈਂਦੇ ਹਨ ਕਿ ਜੋ ਵੀ ਕਰਨਾ ਵਿਚੋਲੇ ਕਰਨਾ, ਉਹ ਕੋਈ ਮਾੜਾ ਥੋੜੀ ਕਰੇਗਾ...

ਪਰ ਬਹੁਤ ਵਾਰ ਵਿਚੋਲਾ ਅੱਧ ਪਚੱਦੀ ਜਿਹੀ ਜਾਣਕਾਰੀ ਨਾਲ ਹੀ ਪੂਰੇ ਵਿਆਹ ਤੱਕ ਦਾ ਡਰਾਮਾ ਸਿਰਜ ਦਿੰਦਾ ਹੈ... ਉਹ ਲੜਕੇ ਦੇ ਘਰ ਨੌਕਰੀ ਵਾਲੀ ਥਾਂ ਤੇ ਜਾ ਕੇ ਪਤਾ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ... ਕੀ ਲੜਕਾ ਨੌਕਰੀ ਉਪਰ ਹੈ ? ਕੀ ਉਹ ਪੱਕਾ ਹੈ ਜਾਂ ਕੱਚਾ ? ਕੀ ਉਸ ਉਪਰ ਕੋਰਟ ਕਚਹਿਰੀ ਵਿਚ ਕੋਈ ਮੁਕੱਦਮਾ ਤਾਂ ਨਹੀਂ ਚੱਲਦਾ... ਉਸ ਵਿਚ ਪੁਲਿਸ ਸਟੇਸ਼ਨ ਵਿਚ ਕਿਸੇ ਕਿਸਮ ਦਾ ਕੋਈ ਪਰਚਾ ਤਾਂ ਨਹੀਂ ਦਰਜ ?... ਕੀ ਉਸ ਦਾ ਪਹਿਲਾ ਕੋਈ ਰਿਸ਼ਤਾ ਤਾਂ ਨਹੀਂ ਹੋਇਆ ਜਾਂ ਟੁੱਟਿਆ ?... ਮਾਂ ਕਿਸ ਤਰ੍ਹਾਂ ਦੀ ਹੈ ? ਪਰਿਵਾਰਿਕ ਪਿਛੋਕੜ ਕੀ ਹੈ?

ਆਮ ਤੌਰ ਤੇ ਬਾਹਰਲੇ ਦੇਸ਼ਾਂ ਦਾ ਝੂਠ ਬੋਲ ਕੇ ਬਹੁਤ ਸਾਰੇ ਮਾਪੇ ਰਿਸ਼ਤੇ ਕਰਦੇ ਹਨ ਕਿ ਮੁੰਡਾ ਬਾਹਰ ਗਿਆ ਹੈ ਤੇ ਇੰਨੀਂ ਜ਼ਮੀਨ ਹੈ। ਲੜਕੀ ਵੀ ਬਾਹਰ ਹੀ ਚਲੀ ਜਾਵੇਗੀ। ਲੜਕੀ ਵਾਲਿਆਂ ਦੇ ਪੈਰ ਜ਼ਮੀਨ ਤੇ ਨਹੀਂ ਲੱਗਦੇ। ਲੜਕੀ ਵੀ ਸੁਪਨਿਆਂ ਦੇ ਮਹਿਲ ਬਣਾਉਂਦੀ ਹੈ ਕਿ ਮੈਂ ਬਾਹਰ ਜਾਵਾਂਗੀ...ਪਰ ਵਿਆਹ ਤੋਂ ਮਹੀਨੇ ਦੇ ਅੰਦਰ ਹੀ ਪਤਾ ਲੱਗ ਜਾਂਦਾ ਹੈ ਕਿ ਮੁੰਡਾ ਸਿਰਫ ਬਾਹਰ ਦਾ ਬਹਾਨਾ ਹੀ ਬਣਾ ਰਿਹਾ ਹੈ ਤੇ ਫਿਰ ਇਹ ਕਹਿ ਕੇ ਟਾਲਦਾ ਹੈ ਕਿ ਮੇਰਾ ਕੇਸ ਰਿਜੈਕਟ ਹੋ ਗਿਆ, ਤੇ ਪੈਲੀ ਵੇਚ ਕੇ ਬਾਹਰ ਜਾਣ ਵਾਲੇ ਏਜੰਟ ਨੂੰ ਪੈਸੇ ਦੇ ਦਿੱਤੇ...ਹੁਣ ਅਜਿਹੀ ਸਥਿਤੀ ਵਿਚ ਲੜਕੀ ਤੇ ਲੜਕੇ ਦੇ ਮਾਂ ਬਾਪ ਕੀ ਕਰਨ ?... ਕਿਉਂਕਿ ਵਿਚੋਲਾ ਵੀ ਕੋਈ ਸੰਤੁਸ਼ਟੀਜਨਕ ਉਤਰ ਦੇਣ ਤੋਂ ਅਸਮਰਥ ਹੋ ਜਾਂਦਾ।

ਇਸੇ ਤਰ੍ਹਾਂ ਹੀ ਇਕ ਮੁੰਡਾ ਗੁਰਦੁਆਰੇ ਵਿਚ ਪਾਠੀ ਸੀ.. ਸਵੇਰੇ ਸ਼ਾਮ ਬਹੁਤ ਹੀ ਵਧੀਆ ਸ਼ੁੱਧ ਪਾਠ ਕਰਿਆ ਕਰਦਾ ਸੀ ਤੇ ਕੀਰਤਨ ਵੀ ਬਹੁਤ ਵਧੀਆ ਕਰਦਾ ਸੀ.. ਰਿਸ਼ਤਾ ਹੋ ਗਿਆ, ਜਿਆਦਾ ਪੁੱਛ ਪੁਛਾਈ ਦੀ ਲੋੜ ਨਾ ਸਮਝੀ.. ਬਸ ਵਿਆਹ ਕਰ ਦਿੱਤਾ.. ਬਹੁਤ ਹੀ ਸੋਹਣੀ ਲੜਕੀ ਪਾਠੀ ਲੜਕੇ ਦੀ ਪਤਨੀ ਬਣੀ। ਵਿਆਹ ਕੇ ਲਿਆਂਦੀ ਲੜਕੀ ਨੂੰ ਜਦੋਂ ਲੱਗਾ ਕਿ ਲੜਕਾ... 'ਲੜਕਾ ਨਾ ਹੋ ਕੇ ਕਿੰਨਰ ਸੀਂ'। ਉਸ ਨੇ ਆਪਣਾ ਚੂੜਾ ਤੋੜ ਦਿੱਤਾ.. ਲੜਕੀ ਬਹੁਤ ਹੀ ਰੋਈ ਕੁਰਲਾਈ ਕਿ ਮੇਰੇ ਨਾਲ ਧੋਖਾ ਹੋ ਗਿਆ, ਮੈਂ ਮਰ ਜਾਣਾ ਬੱਸ।

ਮੇਰੀ ਇਕ ਬਹੁਤ ਹੀ ਪਿਆਰੀ ਦੋਸਤ ਦੇ ਮੈਨੂੰ ਦੱਸਣ ਮੁਤਾਬਿਕ ਉਹ ਐਮ ਏ., ਬੀਐਡ ਉਚ ਸਿੱਖਿਆ ਪ੍ਰਾਪਤ ਨੌਕਰੀ ਪੇਸ਼ਾ ਲੜਕੀ ਸੀ, ਉਸ ਦੇ ਪਰਿਵਾਰ ਵਾਲੇ ਵੀ ਨਾਮਵਰ ਲੋਕ ਸਨ। ਜਦੋਂ ਉਸ ਦੇ ਵਿਆਹ ਦਾ ਸਮਾਂ ਆਇਆ ਤਾਂ ਮਾਂ ਬਾਪ ਨੇ ਵਿਚੋਲੇ ਉਪਰ ਅੱਖਾਂ ਬੰਦ ਕਰਕੇ ਕੀਤੇ ਯਕੀਨ ਨੇ ਉਨ੍ਹਾਂ ਦੀਆਂ ਅੱਖਾਂ ਉਪਰ ਪੱਟੀ ਬੰਨ ਦਿੱਤੀ.. ਕਿਸੇ ਨੇ ਵੀ ਆਪਣੇ ਪੱਧਰ 'ਤੇ ਕੋਈ ਜਾਣਕਾਰੀ ਨਹੀਂ ਲਈ । ਸਿਰਫ ਵਿਚੋਲੇ ਉਪਰ ਹੀ ਛੱਡ ਦਿੱਤਾ। ਵਿਚੋਲੇ ਨੇ ਵੀ ਸੁਣੀ ਸੁਣਾਈ ਗੱਲ ਤੇ ਰਿਸ਼ਤਾ ਤੈਅ ਕਰ ਦਿੱਤਾ... ਮੁਕਰਰ ਕੀਤੇ ਦਿਨ ਮੁਤਾਬਿਕ ਲੜਕੀ ਦਾ ਵਿਆਹ ਹੋ ਗਿਆ, ਉਸ ਨੂੰ ਵਿਆਹ ਕੇ ਸਹੁਰੇ ਘਰ ਬੜੇ ਰੀਤੀ ਰਿਵਾਜ਼ਾਂ ਨਾਲ ਲਿਆਂਦਾ ਗਿਆ, ਸਾਰਾ ਘਰ ਰੁਸ਼ਨਾਇਆ ਲੱਡੂ ਪੱਕੇ, ਪੜ੍ਹੀ ਲਿਖੀ ਨੌਕਰੀ ਪੇਸ਼ਾ ਸੁੰਦਰ ਨੂੰਹ ਰਾਣੀ ਬਹੁਤ ਸਾਰਾ ਦਾਜ ਦਹੇਜ਼ ਲੈ ਕੇ ਸਹੁਰੇ ਪਹੁੰਚ ਗਈ। ਰਾਤ ਜ਼ਿਆਦਾ ਹੋ ਜਾਣ ਕਾਰਨ ਨੂੰਹ ਰਾਣੀ ਦਾ ਘਰ ਦੀਆਂ ਰਿਸ਼ਤੇਦਾਰ ਔਰਤਾਂ ਦੇ ਕੋਲ ਹੀ ਸੌਂ ਦਾ ਪ੍ਰਬੰਧ ਕਰ ਦਿੱਤਾ। ਸਾਰੇ ਰਿਸ਼ਤੇਦਾਰ ਲਗਭਗ ਸੋ ਹੀ ਚੁੱਕੇ ਸਨ, ਉਸ ਦੇ ਕੰਨੀਂ ਹੌਲੀ ਹੌਲੀ ਗੱਲਾਂ ਕਰਨ ਦੀ ਅਵਾਜ਼ ਪਈ। ਕੋਈ ਔਰਤ ਕਹਿ ਰਹੀ ਸੀ ਕਿ 'ਮਾਮੀ ਤੁਸੀਂ ਇਹ ਚੰਗਾ ਕੰਮ ਨੀ ਕੀਤਾ, ਕੀ ਬਣੂ ਜਦੋਂ ਨੂੰਹ ਨੂੰ ਪਤਾ ਲੱਗੂ ਕਿ ਮੁੰਡਾ ਤਾਂ ਨੌਕਰੀ ਤੇ ਜਾਂਦਾ ਹੀ ਨਹੀਂ ?... ਉਹ ਤਾਂ ਸਸਪੈਂਡ ਹੈ.. ਸੱਸ ਅੱਗੋਂ ਕਹਿੰਦੀ.. ਹੁਣ ਤਾਂ ਕਾਠੀ ਪਾ ਲਈ, ਹੁਣ ਕਿੱਧਰ ਜਾਊ'। ਇੰਨ੍ਹਾਂ ਸੁਣਦੇ ਹੀ ਮੇਰੀ ਦੋਸਤ ਨੇ ਸਾਹ ਹੀ ਚੜ੍ਹਾ ਲਿਆ ਤੇ ਆਪਣਾ ਦਿਮਾਗੀ ਸੁਤਲਿੰਨ ਲਗਭਗ ਗੁਆ ਹੀ ਲਿਆ ਅਤੇ 18 ਸਾਲ ਤੱਕ ਸਕੈਟਰੀ ਦੀ ਡਾਕਟਰ ਦੇ ਚੱਕਰ ਕੱਟੇ..

ਇਸ ਤੋਂ ਇਲਾਵਾ ਕਈ ਵਾਰ ਲੜਕੇ ਵਾਲੇ ਇਸ ਗੱਲ ਨੂੰ ਛੁਪਾ ਲੈਂਦੇ ਹਨ ਕਿ ਲੜਕੇ ਦੀ ਸ਼ਾਂਦੀ ਪਹਿਲਾਂ ਵੀ ਹੋ ਚੁੱਕੀ ਹੈ.. ਤਲਾਕ ਹੋਇਆ ਹੈ.. ਪਹਿਲੇ ਵਿਆਹ ਤੋਂ ਵੀ ਕੋਈ ਬੱਚਾ ਹੈ ਵੀ... ਪਰ ਜਦੋਂ ਬਾਅਦ ਵਿਚ ਪਤਾ ਲੱਗਦਾ ਹੈ ਤਾਂ ਉਸ ਸਮੇਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ ਅਤੇ ਲੜਕੀ ਕੋਲ ਆਪਣਾ ਮਾਨਸਿਕ ਸਤੁੰਲਿਨ ਗੁਆਉਣ ਤੋਂ ਬਿਨ੍ਹਾਂ ਕੋਈ ਵੀ ਚਾਰਾ ਨਹੀਂ ਹੁੰਦਾ।

ਆਮ ਤੌਰ ਤੇ ਪੰਜਾਬ ਵਰਗੇ ਪ੍ਰਾਂਤ ਵਿਚ ਨਸ਼ੇ ਵਰਗੀ ਭਿਆਨਕ ਬਿਮਾਰੀ ਫੈਲੀ ਹੋਈ ਹੈ... ਇਹ ਨਸ਼ਾ ਸ਼ਰਾਬ ਦਾ, ਸ਼ਬਾਬ ਦਾ, ਚਿੱਟੇ ਦਾ, ਅਫੀਮ ਦਾ, ਗਾਂਜੇ ਦਾ, ਭੁੱਕੀ ਕਿਸੇ ਵੀ ਤਰ੍ਹਾਂ ਦਾ ਹੋ ਸਕਦਾ ਹੈ। ਇਥੇ ਜ਼ਿਆਦਾਤਰ ਵਿਆਹ ਤੋਂ ਪਹਿਲੋਂ ਇਹ ਗੱਲ ਛੁਪਾ ਕੇ ਰੱਖੀ ਜਾਂਦੀ ਹੈ ਕਿ ਮੁੰਡਾ ਕਿਸੇ ਵੀ ਕਿਸਮ ਦਾ ਨਸ਼ਾ ਕਰਦਾ। ਘੰਟੇ ਦੋ ਘੰਟੇ ਜਾਂ ਇਕ ਦੋ ਮੀਟਿੰਗਾਂ ਵਿਚ ਲੜਕੇ ਦੇ ਨਸ਼ੇੜੀ ਹੋਣ ਬਾਰੇ ਕੁਝ ਵੀ ਪਤਾ ਨਹੀਂ ਲੱਗਦਾ.. ਮਾਪੇ ਵੀ ਇਸ ਗੱਲ ਨੂੰ ਅੱਖੋਂ ਪਰੋਖੇ ਹੀ ਕਰ ਦਿੰਦੇ ਹਨ, ਪਰ ਇਸ ਦਾ ਅੰਜ਼ਾਮ ਵਿਆਹ ਤੋਂ ਬਾਅਦ ਲੜਕੀ ਨੂੰ ਭੁਗਤਣਾ ਪੈਂਦਾ ਹੈ, ਜਦੋਂ ਮੁੰਡਾ ਲੋੜ ਤੋਂ ਜ਼ਿਆਦਾ ਸ਼ਰਾਬ ਪੀ ਕੇ ਜਾਂ ਨਸ਼ਾ ਕਰਕੇ ਘਰ ਤੋਂ ਬਾਹਰ ਵਿਆਹ ਸ਼ਾਂਦੀ ਪਾਰਟੀਆਂ ਜਿਹੇ ਸਮਾਰੋਹਾਂ (ਸਮਾਗਮਾਂ) ਵਿਚ ਡਿੱਗ ਕੇ ਉਸ ਲੜਕੀ ਦੇ ਮਾਣ ਸਨਮਾਣ ਨੂੰ ਠੇਸ ਪਹੁੰਚਾਉਂਦਾ ਹੈ। ਉਸ ਲੜਕੀ ਦਾ ਮਾਨ ਸਨਮਾਨ ਰਹਿ ਵੀ ਕੀ ਜਾਂਦਾ ਹੈ, ਜਿਸ ਦੇ ਪਤੀ ਨੂੰ ਡਿੱਗੇ ਨੂੰ ਆਪਣੀ ਕੋਈ ਸੁੱਧ ਬੁੱਧ ਨਹੀਂ ਰਹਿੰਦੀ ਤੇ ਵਿਆਹ ਸਮਾਗਮਾਂ ਵਾਲੇ ਹੀ ਉਸ ਨੂੰ ਆਪਣੀ ਗੱਡੀ ਵਿਚ ਪਾ ਕੇ ਉਸ ਦੇ ਘਰ ਤੱਕ ਛੱਡ ਜਾਂਦੇ ਹਨ।

ਜ਼ਿਆਦਾ ਸ਼ਰਾਬ ਪੀ ਕੇ ਨਸ਼ਾ ਕਰਕੇ ਗਲੀਆਂ ਨਾਲੀਆਂ ਵਿਚ ਡਿੱਗਣਾ ਆਮ ਜਿਹੀ ਗੱਲ ਹੋ ਜਾਂਦੀ ਹੈ। ਜੇ ਕਿਤੇ ਔਖਾ ਸੌਖਾ ਘਰ ਪਹੁੰਚ ਵੀ ਜਾਂਵੇ ਤਾਂ ਫਿਰ ਘਰਵਾਲੀ ਨੂੰ ਕੁੱਟਣਾ ਮਾਰਨਾ, ਗਾਲੀ ਗਲੋਚ ਕਰਣਾ, ਘਰ ਦਾ ਕੀਮਤੀ ਸਮਾਨ ਭੰਨਣਾ, ਇਹ ਆਮ ਜਿਹੀ ਗੱਲ ਹੋ ਜਾਂਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਇਨ੍ਹਾਂ ਕੁਝ ਨਾ ਸਹਾਰਦੇ ਹੋਏ ਜਾਂ ਤਾਂ ਲੜਕੀ ਆਤਮਹੱਤਿਆ ਕਰ ਲੈਂਦੀ ਹੈ ਜਾਂ ਘਰ ਵਾਲੇ ਤੋਂ ਨਿਜ਼ਾਤ ਪਾਉਣ ਲਈ ਘਰ ਹੀ ਛੱਡ ਜਾਂਦੀ ਹੈ। ਨਜਾਇਜ਼ ਰਿਸ਼ਤੇ ਆਮ ਤੌਰ ਤੇ ਸ਼ਾਂਤੀ ਜਿਹੇ ਪਵਿੱਤਰ ਰਿਸ਼ਤੇ ਨੂੰ ਤੋੜਨ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਮਾਂ ਬਾਪ ਪਹਿਲਾਂ ਕਦੇ ਵੀ ਮੁੰਡੇ ਦੇ ਘਰ ਪਰਿਵਾਰ ਜਾਂ ਗਲੀ ਗੁਆਂਢ ਤੋਂ ਇਹ ਜਾਣਕਾਰੀ ਲੈਣ ਦੀ ਕੋਸ਼ਿਸ ਨਹੀਂ ਕਰਦੇ ਕਿ ਮੁੰਡਾ ਮੂੰਹ ਬੋਲੀ ਭੈਣ, ਭਾਬੀ, ਦੋਸਤ ਦੇ ਬਹੁਤ ਜ਼ਿਆਦਾ ਨੇੜੇ ਤਾਂ ਨਹੀਂ ਜਾਂ ਲੋੜੋਂ ਜ਼ਿਆਦਾ ਲਗਾਓ ਤਾਂ ਨਹੀਂ ਰੱਖਦਾ ਉਨ੍ਹਾਂ ਨਾਲ। ਇਹੀ ਲਗਾਓ ਹੀ ਵਿਆਹ ਜਿਹੇ ਪਵਿੱਤਰ ਰਿਸ਼ਤੇ ਨੂੰ ਟੁੱਟਣ ਕੰਢੇ ਲਿਆ ਖੜਾ ਕਰਦਾ ਹੈ, ਕਿਉਂਕਿ ਉਹੀ ਰਿਸ਼ਤੇ ਉਸ ਨੂੰ ਜ਼ਿਆਦਾ ਚੰਗੇ ਲੱਗਦੇ ਹਨ। ਉਹ ਆਪਣੀ ਖੂਬਸੂਰਤ ਪਤਨੀ, ਬੱਚੇ, ਨੌਕਰੀ ਤੇ ਪਰਿਵਾਰ ਨੂੰ ਵੀ ਕੁਝ ਨਹੀਂ ਸਮਝਦਾ। ਉਹੀ ਰਿਸ਼ਤੇ ਉਸ ਲਈ ਖਾਸ ਅਹਿਮੀਅਤ ਰੱਖਦੇ ਹਨ। ਉਹ ਵਾਰ ਵਾਰ ਆਪਣੀ ਪਤਨੀ ਨੂੰ ਨੀਚਾ ਦਿਖਾ ਕੇ ਵਾਰ-ਵਾਰ ਅੱਖੋ ਪਰੋਖੇ ਕਰਕੇ ਰਾਤ ਬਰਾਤੇ ਉਨ੍ਹਾਂ ਕੋਲ ਪਹੁੰਚਦਾ ਹੈ। ਉਨ੍ਹਾਂ ਦੇ ਪ੍ਰੋਗਰਾਮਾਂ ਵਿਚ ਸ਼ਮੂਲੀਅਤ ਕਰਦਾ ਹੈ। ਰਾਹੇ ਵਿਗਾਹੇ ਮਿਲਣ ਤੇ ਵੀ ਉਨ੍ਹਾਂ ਲਈ ਪਤਨੀ ਤੋਂ ਜ਼ਿਆਦਾ ਸਨਮਾਨ ਪੇਸ਼ ਕਰਦਾ ਹੈ। ਸਮਾਜ ਦਾ ਡਰ ਤਾਂ ਉੱਕਾ ਹੀ ਛਿੱਕੇ ਤੇ ਟੰਗ ਦਿੰਦਾ ਹੈ। ਪਤਨੀ ਕੋਲੋਂ ਹੁਣ ਅਜਿਹੇ ਰਿਸ਼ਤੇ ਤੋਂ ਕੀ ਆਸ ਕੀਤੀ ਜਾਵੇ। ਆਪਣੇ ਆਪ ਨੂੰ ਅੰਦਰੋਂ ਅੰਦਰੀ ਮਾਰ ਹੀ ਲੈਂਦੀ ਹੈ।



ਲੇਖਿਕਾ : ਪਰਮਜੀਤ ਕੌਰ ਸਿੱਧੂ
ਮੋਬਾਈਲ : 98148-90905

ਪੰਜਾਬ ਦੀ ਕਿਸਾਨੀ ਬਹੁਤ ਪ੍ਰਸਿੱਧ ਹੈ, ਜ਼ਿਆਦਾਤਰ ਰਿਸ਼ਤਾ ਕਰਨ ਵੇਲੇ ਪੈਸਾ ਧੇਲਾ, ਉੱਘਾ ਖਾਨਦਾਨ ਤੇ ਜ਼ਮੀਨ ਜਾਇਦਾਦ ਨੂੰ ਦੇਖਿਆ ਜਾਂਦਾ ਹੈ। 10-15 ਕਿੱਲਿਆਂ ਤੋਂ ਲੈ ਕੇ ਉਪਰ ਤੱਕ ਜ਼ਮੀਨ ਵਾਲੇ ਨੂੰ ਚੰਗੇ ਘਰ ਦਾ ਰਿਸ਼ਤਾ ਹੋ ਜਾਂਦਾ ਹੈ। ਪਰ ਕਈ ਵਾਰ ਜ਼ਮੀਨ ਦੇ ਮਸਲੇ ਮਾਮਲੇ ਵਿਚ ਬਹੁਤ ਜ਼ਿਆਦਾ ਝੂਠ ਬੋਲਿਆ ਜਾਂਦਾ ਹੈ, ਵੰਡ ਤੋਂ ਪਹਿਲਾਂ ਦੀ ਜ਼ਮੀਨ ਦੱਸੀ ਜਾਂਦੀ ਹੈ। ਜ਼ਮੀਨ ਉਪਰ ਬੈਂਕ ਲੋਨ ਜਾਂ ਸਾਰੀ ਜ਼ਮੀਨ ਹੀ ਪੈਸੇ ਲੈ ਕੇ ਗਹਿਣੇ ਪਾਈ ਹੁੰਦੀ ਹੈ। ਜਿਸ ਦੀ ਮਾਲਕੀ ਸਿਰਫ ਨਾ ਦੀ ਹੀ ਹੁੰਦੀ ਹੈ। ਜਦੋਂ ਕੁੜੀ ਵਾਲਿਆਂ ਨੂੰ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਮਨਾਂ ਵਿਚ ਕੁੜੱਤਣ ਪੈਦਾ ਹੋਣ ਤੇ ਰਿਸ਼ਤੇ ਟੁੱਟਣ ਕੰਡੇ ਆ ਖੜ੍ਹਦੇ ਹਨ। ਸਭ ਤੋਂ ਜ਼ਿਆਦਾ ਜ਼ਿੰਦਗੀ ਜਿਸ ਰਿਸ਼ਤੇ ਨਾਲ ਖਰਾਬ ਹੁੰਦੀ ਹੈ, ਜਦੋਂ ਲੜਕੇ ਦਾ ਮਨ ਕਿਤੇ ਹੋਰ ਸ਼ਾਂਦੀ ਕਰਨ ਦਾ ਹੁੰਦਾ ਹੈ, ਪਰ ਮਾਪਿਆਂ ਜਿੱਦ ਚਾਹੇ ਉਹ ਮੁੰਡੇ ਦੇ ਹੋਣ ਜਾਂ ਕੁੜੀ ਦੇ ਉਹ ਰਾਹ ਜਾਂਦਾ ਹੈ। ਅਜਿਹੀ ਸਥਿਤੀ ਵਿਚ ਹੋਇਆ ਰਿਸ਼ਤਾ ਬਿਨ੍ਹਾਂ ਕਿਸੇ ਕਾਰਨ ਹੀ ਵਿਆਹ ਵਾਲੀ ਕੁੜੀ ਦੀ ਜ਼ਿੰਦਗੀ ਤਬਾਹ ਕਰ ਦਿੰਦਾ ਹੈ। ਲੜਕਾ ਕਿਸੇ ਵੀ ਹਾਲਤ ਵਿਚ ਆਪਣੀ ਨਵੀਂ ਆਈ ਪਤਨੀ ਨੂੰ ਪਸੰਦ ਹੀ ਨਹੀਂ ਕਰਦਾ ਤੇ ਨਾ ਹੀ ਉਸ ਨੂੰ ਪਤਨੀ ਦਾ ਦਰਜਾ ਦਿੰਦਾ ਹੈ। ਮਾਂ ਬਾਪ ਸੋਚਦੇ ਹਨ ਕਿ ਕੋਈ ਗੱਲ ਨੀ ਵਿਆਹ ਤੋਂ ਬਾਅਦ ਆਪੇ ਸੁਧਰ ਜਾਊ। ਪਰ ਜੋ ਨਰਕ ਦੂਜੀ ਲੜਕੀ ਜਾਂ ਲੜਕਾ ਭਰਦੇ ਹਨ। ਉਨ੍ਹਾਂ ਦੀ ਭਰਪਾਈ ਕਿਤੇ ਨਹੀਂ ਹੁੰਦੀ.. ਇਹ ਰਿਸ਼ਤੇ ਵੀ ਝੂਠ ਦੀ ਬੁਨਿਆਦ ਤੇ ਗੰਢੇ ਜਾਂਦੇ ਹਨ ਕਿ ਲੜਕਾ ਜਾਂ ਲੜਕੀ ਬਹੁਤ ਸੰਸਕਾਰੀ ਪੜ੍ਹੇ ਲਿਖੇ, ਨਵੀਂ ਸੋਚ ਵਾਲੇ ਤੇ ਪਰਿਵਾਰ ਦਾ ਖਾਸ ਧਿਆਨ ਰੱਖਣ ਵਾਲੇ ਹਨ। ਪਰ ਅਸਲੀਅਤ ਦਾ ਪਤਾ ਤਾਂ ਕੁਝ ਦਿਨਾਂ ਵਿਚ ਹੀ ਲੱਗ ਜਾਂਦਾ ਹੈ ਜਦੋਂ ਇਹ ਰਿਸ਼ਤੇ ਟੁੱਟਣ ਕੰਢੇ ਆ ਖਲੋਂਦੇ ਹਨ।





# ਮਹਾਨਤਾ ਤੇ ਮਸ਼ਹੂਰੀ ਵਿਚਲਾ ਅੰਤਰ

**ਮਦਰ ਟਰੇਸਾ ਸਾਰੀ ਉਮਰ ਲੋਕ ਭਲਾਈ ਅਤੇ ਨਿਮਾਣਿਆਂ ਦੀ ਸੇਵਾ ਨੂੰ ਸਮਰਪਿਤ ਰਹੀ। ਭਗਤ ਪੂਰਨ ਸਿੰਘ ਨੇ ਅਨਾਥ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕਰਕੇ ਲੂਲ੍ਹੇ, ਲੰਗੜੇ, ਅਨਾਥ ਅਤੇ ਬੇਸਹਾਰਾ ਬੱਚਿਆਂ ਤੇ ਲੋਕਾਂ ਦੀ ਸੇਵਾ ਲਈ ਪਿੰਗਲਵਾੜਾ ਸ਼ੁਰੂ ਕਰਕੇ ਮਨੁੱਖਤਾ ਦੀ ਭਲਾਈ ਵਿਚ ਅਜਿਹਾ ਕੀਰਤੀਮਾਨ ਸਥਾਪਤ ਕੀਤਾ, ਜਿਸ ਦਾ ਕੋਈ ਸਾਨੀ ਨਹੀਂ। ਭਾਵੇਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਮੁੱਲ ਨਹੀਂ ਪਾਇਆ, ਪਰ ਉਹ ਲੋਕ-ਚੇਤਿਆਂ ਵਿਚ ਵੱਸਦਾ ਲੋਕ ਯਾਦ ਦਾ ਹਿੱਸਾ ਬਣਿਆ ਹੋਇਆ ਏ ਅਤੇ ਪਿੰਗਲਵਾੜਾ ਨਵੀਆਂ ਪੈੜਾਂ ਦਾ ਸਿਰਜਣਹਾਰਾ ਸਾਬਤ ਹੋ ਹਿਰਾ ਏ।**

ਮਹਾਨ ਹੋਣਾ ਅਤੇ ਮਸ਼ਹੂਰ ਹੋਣਾ, ਦੋ ਵੱਖ-ਵੱਖ ਪਹਿਲੂ। ਵੱਖ-ਵੱਖ ਅਰਥ ਅਤੇ ਵੱਖੋ ਵੱਖਰੇ ਸਰੋਕਾਰ। ਇਨ੍ਹਾਂ ਵਿਚ ਕੋਈ ਨਹੀਂ ਸਮਾਨਤਾ। ਇਨ੍ਹਾਂ ਵਿਚਲਾ ਵੱਖਰਾਪਣ ਹੀ ਨਿਰਧਾਰਤ ਕਰਦਾ ਕਿ ਕੋਈ ਮਹਾਨ ਹੈ ਜਾਂ ਮਸ਼ਹੂਰ।

ਹਰ ਮਹਾਨ ਵਿਅਕਤੀ ਮਸ਼ਹੂਰ ਤਾਂ ਹੋ ਸਕਦਾ, ਪਰ ਹਰ ਮਸ਼ਹੂਰ ਵਿਅਕਤੀ ਕਦੇ ਵੀ ਮਹਾਨ ਨਹੀਂ ਹੁੰਦਾ, ਕਿਉਂਕਿ ਮਹਾਨਤਾ ਤੇ ਮਸ਼ਹੂਰੀ ਅਲੱਗ ਅਲੱਗ ਨੇ।

ਮਸ਼ਹੂਰ ਹੋਣਾ ਬਹੁਤ ਅਸਾਨ, ਜਦੋਂ ਕਿ ਮਹਾਨ ਹੋਣਾ ਬਹੁਤ ਔਖਾ। ਬੜਾ ਲੰਮਾ ਪੈਂਡਾ। ਬਹੁਤ ਸਾਰੀਆਂ ਘਾਲਨਾਵਾਂ, ਔਕੜਾਂ ਤੇ ਮੁਸ਼ਕਿਲਾਂ ਵਿਚੋਂ ਗੁਜਰਨਾ ਪੈਂਦਾ। ਸਮਾਜ ਦਾ ਵਿਰੋਧ ਜਾਂ ਕੁਝ ਰਾਜਸੀ, ਅਫਸਰਸ਼ਾਹੀ ਤੇ ਸੱਤਾਧਾਰੀਆਂ ਦੇ ਵਿਰੋਧ ਦਾ ਸਾਹਮਣਾ ਕਰਨ ਵਿਚੋਂ ਹੀ ਮਹਾਨਤਾ ਪੁੰਗਰਦੀ। ਮਸ਼ਹੂਰ ਹੋਣ ਲਈ ਜਰੂਰੀ ਨਹੀਂ ਕਿ ਕੁਝ ਚੰਗਾ ਹੀ ਕੀਤਾ ਜਾਵੇ; ਕੁਝ ਵੀ ਮਾੜਾ ਕੀਤਾ, ਕਿਹਾ ਜਾਂ ਕਰਵਾਇਆ ਜਾ ਸਕਦਾ।

ਵਿਅਕਤੀ ਚੰਗੇ ਕਾਰਜਾਂ ਕਰਕੇ ਵੀ ਮਸ਼ਹੂਰ ਹੋ ਸਕਦਾ ਜਾਂ ਮਾੜੇ ਕੰਮਾਂ ਕਰਕੇ ਵੀ। ਸ਼ੋਸ਼ਲ ਮੀਡੀਆ ਦੇ ਜ਼ਮਾਨੇ ਵਿਚ ਮਸ਼ਹੂਰੀ ਲਈ ਲੋਕ ਕੁਝ ਵੀ ਕਰਨ ਲਈ ਤਿਆਰ। ਭਾਵੇਂ ਉਹ ਆਮ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਹੋਵੇ, ਲਾਈਵ ਖੁਦਕੁਸ਼ੀ ਕਰਨੀ ਹੋਵੇ; ਸਿਆਸੀ, ਸਮਾਜਕ ਜਾਂ ਧਾਰਮਿਕ ਖਲਬਲੀ ਪੈਦਾ ਕਰਨੀ ਹੋਵੇ, ਜਾਂ ਕੁਝ ਵੀ ਅਜਿਹਾ, ਜੋ ਬਿਖੇੜਾ ਖੜਾ ਕਰਕੇ ਮਸ਼ਹੂਰੀ ਦਾ ਸਬੱਬ ਬਣੇ। ਕਈ ਲੋਕ ਜਾਣ ਬੁਝ ਕੇ ਫੋਕੀ ਸ਼ੁਹਰਤ ਲਈ ਲੱਚਰ ਗੱਲ ਕਰਨਗੇ, ਗੀਤ ਗਾਉਣਗੇ, ਵਿਵਾਦਮਈ ਚਰਚਾ ਛੇੜਨਗੇ, ਕਿਸੇ ਪ੍ਰੋਗਰਾਮ ਵਿਚ ਖਲਲ ਪਾਉਣਗੇ ਤੇ ਪ੍ਰੋਗਰਾਮ ਦਾ ਸਵਾਦ ਕਿਰਕਰਾ ਕਰ ਦੇਣਗੇ। ਅਕਸਰ ਹੀ ਕਈ ਵਾਰ ਕੁਝ ਗਾਣਿਆਂ ਜਾਂ ਫਿਲਮਾਂ ਨੂੰ ਵਿਵਾਦਮਈ ਦੱਸ ਕੇ ਉਨ੍ਹਾਂ ਦੀ ਚਰਚਾ ਕੁਝ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਬਹੁਤ ਸਾਰੇ ਲੋਕ ਵਿਵਾਦਮਈ ਹਿੱਸੇ ਨੂੰ ਦੇਖਣ ਦੀ ਉਤਸੁਕਤਾ ਵੱਸ ਹੀ ਪ੍ਰੋਮੋਸ਼ਨ ਦੇ ਜਾਂਦੇ ਨੇ, ਜਦੋਂ ਕਿ ਅਸਲੀਅਤ ਕੁਝ ਹੋਰ ਹੁੰਦੀ। ਮਸ਼ਹੂਰੀ ਹੀ ਕੁਝ ਇਸ ਤਰ੍ਹਾਂ ਕਰ ਦਿਤੀ ਜਾਂਦੀ। ਕੁਝ ਲੋਕਾਂ ਨੂੰ ਜਲਦੀ ਜਲਦੀ ਮਸ਼ਹੂਰ ਹੋਣ ਦਾ ਵੱਧ ਚਾਅ ਹੁੰਦਾ। ਉਹ ਕੁਝ ਘਟੀਆ ਕਿਸਮ ਦੀ ਹਰਕਤ ਨਾਲ ਮਸ਼ਹੂਰ ਹੋਣਾ ਲੋਚਦੇ। ਅਜਿਹੇ ਲੋਕ ਮਾਨਸਿਕ ਤੌਰ 'ਤੇ ਬਿਮਾਰ। ਉਨ੍ਹਾਂ ਦੀ ਕੋਝੀ ਮਾਨਸਿਕਤਾ ਹੀ ਉਨ੍ਹਾਂ ਦੇ ਘਟੀਆਪਣ ਦਾ ਪੈਮਾਨਾ।

ਮਸ਼ਹੂਰੀ ਕਰਵਾਉਣਾ, ਦਰਅਸਲ ਮਨ ਵਿਚ ਇਕ ਭਰਮ ਪੈਦਾ ਕਰਨਾ ਹੁੰਦਾ। ਇਸ ਵਿਚ ਹੀ ਛੁਪਿਆ ਹੁੰਦਾ ਮਨੁੱਖ ਦਾ ਵਿਨਾਸ਼। ਅੱਜ ਕਲ ਲੋਕ ਅਜਿਹੀ ਮਾਨਸਿਕਤਾ ਦਾ ਸ਼ਿਕਾਰ। ਮਸ਼ਹੂਰੀ ਲਈ ਮੰਤਰੀ ਜਾਂ ਵੱਡੇ ਵਿਅਕਤੀ ਨਾਲ ਖਿਚਵਾਈ ਫੋਟੋ, ਨਿੱਕੇ ਜਿਹੇ ਦਾਨ ਨੂੰ ਖਬਰਾਂ ਤੇ ਸ਼ੋਸ਼ਲ ਮੀਡੀਆ 'ਤੇ ਪ੍ਰਚਾਰਨ ਦਾ ਢੌਂਗ ਅਤੇ ਕੁਝ ਨਾ ਕਰਕੇ ਵੀ ਬਹੁਤ ਕੁਝ ਕਰਨ ਦਾ ਪਰਪੰਚ, ਮਨ ਦਾ ਕੋਝਾ ਵਹਿਮ। ਬਹੁਤੇ ਲੋਕ ਅਜਿਹੇ ਪਰਪੰਚ 'ਚ ਬਹੁਤ ਨਿਪੁੰਨ। ਅਜਿਹੀ ਮਸ਼ਹੂਰੀ ਸਿਰਫ ਛਿਣ-ਭੰਗਰੀ। ਕੋਈ ਨਹੀਂ ਇਸ ਨੂੰ ਚੇਤੇ ਰੱਖਦਾ। ਕਈ ਵਾਰ ਮਸ਼ਹੂਰ ਵਿਅਕਤੀ ਕੋਝੇ, ਲਾਲਚੀ, ਨਿਜ-ਪ੍ਰਸਤ ਅਤੇ ਸਵੈ ਤੀਕ ਸੀਮਤ। ਉਹ ਸਵੈ ਲਈ ਕਿਸੇ ਵੀ ਕਮੀਨਗੀ 'ਤੇ ਉਤਾਰੂ। ਉਹ ਤਾਂ ਆਪਣੇ ਪਿਆਰਿਆਂ, ਪਰਿਵਾਰ, ਸਮਾਜ, ਕੌਮ ਜਾਂ ਦੇਸ਼ ਨੂੰ ਧੋਖਾ ਦੇਣ, ਫਰੇਬ ਕਰਨ ਜਾਂ ਹਥਿਆਉਣ ਲਈ ਕੁਝ ਵੀ ਕਰ ਸਕਦੇ। ਅਜਿਹੇ ਲੋਕਾਂ ਤੋਂ ਬਚਣ ਵਿਚ ਹੀ ਭਲਾਈ। ਮਹਾਨ ਵਿਅਕਤੀ ਸਿਰਫ ਆਪਣੇ ਵਿਚਾਰ, ਕਿਰਦਾਰ, ਅਚਾਰ, ਵਿਹਾਰ ਅਤੇ ਜੀਵਨ-ਸੰਘਰਸ਼ ਵਿਚੋਂ ਹੀ ਪੈਦਾ ਹੁੰਦੇ। ਉਨ੍ਹਾਂ ਦਾ ਇਕ ਸੁਪਨਾ ਹੁੰਦਾ ਅਤੇ ਉਹ ਇਸ ਦੀ ਪ੍ਰਾਪਤੀ ਲਈ ਸਿਰੜ, ਸਾਧਨਾ ਅਤੇ ਸਮਰਪਣ ਨੂੰ ਪ੍ਰਤੀਬੱਧ। ਇਹ ਸੁਪਨਾ ਨਿੱਜੀ ਨਹੀਂ, ਸਗੋਂ ਸਮੁੱਚ ਦਾ ਹੁੰਦਾ। ਸਰਬ-ਲੋਕਾਈ ਦੀ ਭਲਾਈ ਛੁਪੀ ਹੁੰਦੀ। ਇਹ ਅਨਾਥ ਬੱਚਿਆਂ ਦਾ ਸਹਾਰਾ, ਹਨੇਰੇ ਮਸਤਕ ਵਿਚ ਚਾਨਣ-ਚਿਰਾਗ ਧਰਨ ਦਾ ਉਪਰਾਲਾ, ਜਖਮਾਂ ਲਈ ਮਰਹਮ ਜਾਂ ਲੋੜਵੰਦ ਦੀ ਸਮੇਂ ਸਿਰ ਸਾਰਥਕ ਮਦਦ ਵੀ ਹੋ ਸਕਦਾ। ਮਹਾਨ ਲੋਕਾਂ ਲਈ ਨਿੱਜੀ ਲਾਲਚ, ਧਨ ਜਾਂ ਰੁਤਬੇ ਦਾ ਕੋਈ ਅਰਥ ਨਹੀਂ। ਗੁੰਮ ਹੋਏ ਬੱਚਿਆਂ ਨੂੰ ਲੱਭਣ ਵਾਲਾ ਅਤੇ ਸ਼ਾਂਤੀ ਨੋਬਲ ਪੁਰਸਕਾਰ ਜਿੱਤਣ ਵਾਲਾ ਕੈਲਾਸ਼ ਸਤਿਆਰਥੀ ਇਕ ਅਜਿਹਾ ਕਰਮਯੋਗੀ ਹੈ, ਜਿਸ ਨੂੰ ਤਾਕਤਵਾਰ ਗਰੋਹਾਂ ਨੇ ਜਾਨ ਤੋਂ ਮਾਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਆਪਣੇ ਇਰਾਦੇ 'ਤੇ ਅਡੋਲ ਰਿਹਾ। ਬੱਚਿਆਂ ਨੂੰ ਬਚਾਉਣਾ ਹੀ ਉਸ ਦਾ ਪਰਮ ਧਰਮ ਹੈ। ਸੁਪਰ-30 ਵਾਲਾ ਅਨੰਦ ਕੁਮਾਰ ਬਹੁਤ ਹੀ ਗਰੀਬ, ਪਰ ਹੁਸ਼ਿਆਰ ਬੱਚਿਆਂ ਨੂੰ ਮੁਫਤ ਵਿਚ ਕੋਚਿੰਗ, ਰਿਹਾਇਸ਼ ਅਤੇ ਖਾਣਾ ਦਿੰਦਾ, ਆਈ. ਆਈ. ਟੀ. ਦੇ ਦਾਖਲਾ ਇਮਤਿਹਾਨ ਲਈ ਤਿਆਰੀ ਕਰਵਾਉਂਦਾ ਹੈ। ਉਹ ਹੁਣ ਤੀਕ ਬਹੁਤ ਸਾਰੇ ਅਜਿਹੇ ਬੱਚਿਆਂ ਦੇ ਸੁਪਨਿਆਂ ਦੀ ਪੂਰਤੀ ਦਾ ਸਬੱਬ ਬਣਿਆ ਹੈ, ਜੋ ਕਿਸੇ ਆਈ. ਆਈ. ਟੀ. ਜਿਹੀ ਸੰਸਥਾ ਵਿਚ ਦਾਖਲੇ ਦਾ ਸੁਪਨਾ ਵੀ ਨਹੀਂ ਸੀ ਲੈ ਸਕਦੇ।

ਮਦਰ ਟਰੇਸਾ ਸਾਰੀ ਉਮਰ ਲੋਕ ਭਲਾਈ ਅਤੇ ਨਿਮਾਣਿਆਂ ਦੀ ਸੇਵਾ ਨੂੰ ਸਮਰਪਿਤ ਰਹੀ। ਭਗਤ ਪੂਰਨ ਸਿੰਘ ਨੇ ਅਨਾਥ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕਰਕੇ ਲੂਲ੍ਹੇ, ਲੰਗੜੇ, ਅਨਾਥ ਅਤੇ ਬੇਸਹਾਰਾ ਬੱਚਿਆਂ ਤੇ ਲੋਕਾਂ ਦੀ ਸੇਵਾ ਲਈ ਪਿੰਗਲਵਾੜਾ ਸ਼ੁਰੂ ਕਰਕੇ ਮਨੁੱਖਤਾ ਦੀ ਭਲਾਈ ਵਿਚ ਅਜਿਹਾ ਕੀਰਤੀਮਾਨ ਸਥਾਪਤ ਕੀਤਾ, ਜਿਸ ਦਾ ਕੋਈ ਸਾਨੀ ਨਹੀਂ। ਭਾਵੇਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਮੁੱਲ ਨਹੀਂ ਪਾਇਆ, ਪਰ ਉਹ ਲੋਕ-ਚੇਤਿਆਂ ਵਿਚ ਵੱਸਦਾ ਲੋਕ ਯਾਦ ਦਾ ਹਿੱਸਾ ਬਣਿਆ ਹੋਇਆ ਏ ਅਤੇ ਪਿੰਗਲਵਾੜਾ ਨਵੀਆਂ ਪੈੜਾਂ ਦਾ ਸਿਰਜਣਹਾਰਾ ਸਾਬਤ ਹੋ ਹਿਰਾ ਏ।

ਖਾਲਸਾ ਏਡ ਵਰਗੀ ਗੈਰ-ਸਰਕਾਰੀ ਸੰਸਥਾ ਨੇ ਸਰਬੱਤ ਦੇ ਭਲੇ ਦੇ ਪੈਗਾਮ ਨੂੰ ਸਾਰੀ ਦੁਨੀਆਂ ਵਿਚ ਫੈਲਾਇਆ ਏ। ਉਹ ਹਰ ਲੋੜਵੰਦ ਦੀ ਮਦਦ ਲਈ ਪਹੁੰਚਦੀ ਹੈ। ਭਾਵੇਂ ਇਹ ਭਰਾ ਮਾਰੂ ਜੰਗ ਦੀ ਮਾਰ ਹੇਠ ਆਇਆ ਸੀਰੀਆ ਹੋਵੇ, ਭੁਚਾਲ-ਗ੍ਰਸਤ ਹੇਤੀ ਹੋਵੇ, ਮੀਆਂਮਾਰ ਦੇ ਰੋਹਿੰਗੇ ਮੁਸਲਮਾਨ ਹੋਣ ਜਾਂ ਪੰਜਾਬ ਵਿਚ ਹੜ੍ਹਾਂ ਦੌਰਾਨ ਉਜੜੇ ਪੰਜਾਬੀਆਂ ਦੀ ਬਾਂਹ ਫੜਨ ਦਾ ਵੇਲਾ ਹੋਵੇ। ਅਜਿਹੇ ਕਾਰਜ ਮਹਾਨਤਾ ਵੰਨੀਂ ਜਾਂਦੇ ਮਾਰਗ ਦੀ ਨਿਸ਼ਾਨਦੇਹੀ ਹਨ। ਇਨ੍ਹਾਂ ਲਈ ਮਸ਼ਹੂਰੀ ਦੇ ਕੋਈ ਅਰਥ ਨਹੀਂ। ਮਸ਼ਹੂਰ ਤਾਂ ਫਿਲਮੀ ਕਲਾਕਾਰ ਜਾਂ ਗਾਇਕ ਵੀ, ਪਰ ਸਾਰੇ ਮਹਾਨ ਨਹੀਂ ਹੁੰਦੇ। ਕਿਉਂਕਿ ਮਹਾਨਤਾ ਕਮਾਉਣੀ ਪੈਂਦੀ, ਸਮਾਜ ਨਾਲ ਜੁੜ ਕੇ, ਸਮਾਜਕ ਸੂਝ ਰਾਹੀਂ ਇਸ ਦੇ ਸਰੋਕਾਰਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾ ਕੇ। ਸਮਾਜ ਨੂੰ ਕੁਝ ਅਜਿਹਾ ਦੇਣਾ ਕਿ ਜਿਸ ਨਾਲ ਸਮਾਜ ਦਾ ਮੁਹਾਂਦਰਾ ਨਿਖਰੇ, ਕੁਦਰਤ ਦਾ ਅਸਾਵਾਂਪਣ ਦੂਰ ਹੋਵੇ, ਪਲੀਤ ਪਾਣੀ ਪਵਿਤਰ ਹੋਵੇ, ਜ਼ਹਿਰੀਲੀ ਪੌਣ ਵਿਚੋਂ ਜ਼ਹਿਰ ਚੂਸੀ ਜਾਵੇ ਅਤੇ ਧਰਤੀ ਦੀ ਕੁੱਖ ਵਿਚ ਫਸਲਾਂ ਅਤੇ ਬਿਰਖ ਮੌਲਣ, ਨਾ ਕਿ ਇਸ ਦੀ ਕੁੱਖ ਵਿਚ ਖੁਦਕੁਸ਼ੀਆਂ ਪੈਦਾ ਹੋਣ। ਅਜਿਹੇ ਕਰਮਯੋਗੀ ਹੀ ਧਰਤ ਮਾਂ ਦੇ ਛਿੰਦੇ ਪੁੱਤ, ਅਤੇ ਲੋਕਾਈ ਉਨ੍ਹਾਂ ਦੇ ਸਦਕੇ ਜਾਂਦੀ। ਪਾਣੀ ਨੂੰ ਸੰਭਾਲਣ ਵਾਲੇ ਅਤੇ ਹਵਾ ਦੇ ਲੰਗਰ ਲਾਉਣ ਵਾਲੇ ਲੋਕ, ਕੁਦਰਤੀ ਸੰਤੁਲਨ ਦੇ ਹਾਮੀ। ਅਜਿਹੇ ਵਿਅਕਤੀ ਮਹਾਨ ਹੁੰਦੇ, ਪਰ ਉਹ ਸ਼ਖਸ ਸਿਰਫ 'ਛੁਪੇ ਰਹਿਣ ਦੀ ਚਾਹ, ਛੁਪੇ ਤੁਰ ਜਾਣ ਦੀ' ਮਨ ਵਿਚ ਪਾਲ ਕੇ ਮਨੁੱਖਤਾ ਦੀ ਝੋਲੀ ਵਿਚ ਕੁਝ ਅਜਿਹਾ ਧਰ ਜਾਂਦੇ ਕਿ ਕੁਦਰਤ ਸਦਾ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੀ। ਮਹਾਨ ਵਿਅਕਤੀ ਉਹ ਹੁੰਦੇ, ਜੋ ਜੀਵਨ ਨੂੰ ਹੋਰ ਜਿਉਣ ਜੋਗਾ ਬਣਾਉਂਦੇ, ਸੁੰਦਰ ਧਰਤੀ ਨੂੰ ਅਤਿ-ਸੁੰਦਰ ਬਣਾ ਕੇ ਇਸ ਦੀ ਉਪਭੋਗਤਾ ਅਤੇ ਉਤਪਾਦਕਤਾ ਨੂੰ ਕਈ ਗੁਣਾ ਵਧਾਉਂਦੇ, ਰੁੱਸੀ ਹੋਈ ਜ਼ਿੰਦਗੀ ਨੂੰ ਮੋੜ ਕੇ ਲਿਆਉਂਦੇ ਅਤੇ ਉਸ ਦੀ ਝੋਲੀ ਵਿਚ ਨਿਆਮਤਾਂ ਦਾ ਸ਼ਗਨ ਪਾਉਂਦੇ। ਵੱਡੇ ਵਿਅਕਤੀ ਉਹ ਹੁੰਦੇ, ਜਿਨ੍ਹਾਂ ਦੇ ਬੋਲਾਂ ਵਿਚ ਸਿਆਣਪ, ਸੋਝੀ ਅਤੇ ਸੱਚ ਦਾ ਵਾਸਾ, ਜਿਨ੍ਹਾਂ ਦੇ ਹਰਫਾਂ ਵਿਚ ਜਬਰ ਵਿਰੁਧ ਡਟਣ, ਕੁਰਹਿਤਾਂ ਨੂੰ ਲਲਕਾਰਨ ਅਤੇ ਨਿਹੱਥਿਆਂ ਤੇ ਨਿਧਰਿਆਂ ਦੀ ਧਿਰ ਬਣਨ ਦਾ ਵਲਵਲਾ। ਇਸ ਵਿਚੋਂ ਹੀ ਉਨ੍ਹਾਂ ਦੀ ਮਹਾਨਤਾ ਦਾ ਮਾਰਗ ਸ਼ੁਰੂ ਹੁੰਦਾ।

ਮਹਾਨ ਬਾਬਾ ਨਾਨਕ ਸੀ, ਜਿਸ ਦੇ ਵਿਵੇਕ ਨੇ ਧਾਰਮਿਕ ਤੇ ਸਮਾਜਕ ਅਰਾਜਕਤਾ ਨੂੰ ਠੱਲ ਪਾਈ, ਲੁਟੀ ਜਾ ਰਹੀ ਲੋਕਾਈ ਨੂੰ ਜਗਾਇਆ, ਬਾਬਰਵਾਣੀ ਰਾਹੀਂ ਸਮੇਂ ਦੇ ਹਾਕਮ ਨੂੰ ਖਰੀਆਂ ਖਰੀਆਂ ਸੁਣਾਈਆਂ, ਧਰਮ ਦੇ ਅਲੰਬਰਦਾਰਾਂ ਨੂੰ ਉਨ੍ਹਾਂ ਦੀ ਅਸਲੀਅਤ ਤੋਂ ਜਾਣੂ ਕਰਵਾ ਕੇ ਫੋਕੇ ਭਰਮਾਂ, ਪਖੰਡਾਂ ਅਤੇ ਮਰਿਆਦਾਵਾਂ ਦਾ ਭਾਂਡਾ ਭੰਨਿਆ। ਬਾਬੇ ਦੀ ਮਹਾਨਤਾ ਨੂੰ ਨਤਮਸਤਕ ਹੋ ਅਤੇ ਉਸ ਦੀ ਸ਼ਬਦ-ਸੂਝ ਨੂੰ ਮਨ ਵਿਚ ਵਸਾ ਕੇ ਮਾਨਵਤਾ ਦਾ ਸਿਖਰ ਸਿਰਜਿਆ ਜਾ ਸਕਦਾ। ਕਈ ਲੋਕ ਇਕ ਮੁਖੌਟਾ ਪਾ ਕੇ ਖੁਦ ਨੂੰ ਮਹਾਨ ਅਤੇ ਮਸ਼ਹੂਰ ਹੋਣ ਦਾ ਢੌਂਗ ਰਚਦੇ। ਇਹ ਪਰਦਾਦਾਰੀ ਇਕ ਹੀ ਗੱਲ, ਕਾਰਜ ਜਾਂ ਗਲਤ ਕਦਮ ਨਾਲ ਅਜਿਹੀ ਲੀਰੋ ਲੀਰ ਹੁੰਦੀ ਕਿ ਕਈ ਸਾਲਾਂ ਦਾ ਪਾਇਆ ਮੁਖੌਟਾ ਵੀ ਸਾਥ ਦੇਣ ਤੋਂ ਨਾਬਰ ਹੋ ਜਾਂਦਾ। ਮਹਾਨ ਲੋਕ ਸਦਾ ਸੱਚੇ, ਸਪੱਸ਼ਟ, ਸਮਝਦਾਰ, ਸਮਰਪਿਤ ਅਤੇ ਸਿਦਕ ਵਾਲੇ। ਉਨ੍ਹਾਂ ਦੇ ਮਨਾਂ ਵਿਚ ਕੂੜ-ਕਪਟ, ਕੋਝਾਪਣ, ਕਮੀਨਗੀ ਅਤੇ ਕਾਲਖ ਨਹੀਂ ਹੁੰਦੀ। ਉਹ ਪਾਰਦਰਸ਼ੀ ਅਤੇ ਪਾਕ ਹੁੰਦੇ। ਮਹਾਨ ਵਿਅਕਤੀ ਨਿਮਾਣੇ, ਨਿਮਰ ਅਤੇ ਧਰਤੀ ਨਾਲ ਜੁੜੇ ਹੁੰਦੇ। ਉਨ੍ਹਾਂ ਦੇ ਮਨਾਂ ਵਿਚ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ' ਦੀ ਸੋਚ ਪ੍ਰਬਲ। ਉਹ ਕਹਿਣ ਨਾਲੋਂ ਕਰਨ ਦੇ ਵੱਧ ਵਿਸ਼ਵਾਸੀ। ਉਹ ਭਲਾਈ ਕਰ ਕੇ ਲਾਹਾ ਨਹੀਂ ਲੈਂਦੇ। ਉਹ ਗੁਪਤ ਦਾਨੀ ਹੁੰਦੇ, ਕਿਉਂਕਿ ਉਹ ਚਾਹੁੰਦੇ ਕਿ ਕੋਈ ਉਨ੍ਹਾਂ ਦੇ ਨਾਂ ਦਾ ਪੱਥਰ ਨਾ ਲਾਵੇ। ਉਹ ਇਤਿਹਾਸ ਪੜ੍ਹਦੇ ਨਹੀਂ, ਇਤਿਹਾਸ ਸਿਰਜਦੇ। ਉਹ ਪੈਰ 'ਚ ਪੈਰ ਨਹੀਂ ਧਰਦੇ, ਪੈੜਾਂ ਖੁਦ ਸਿਰਜਦੇ। ਉਹ ਇਬਾਰਤ ਵਿਚੋਂ ਇਬਾਦਤ ਨਹੀਂ ਦੇਖਦੇ, ਸਗੋਂ ਉਨ੍ਹਾਂ ਦੀ ਕੀਰਤੀ ਹੀ ਉਨ੍ਹਾਂ ਲਈ ਇਬਾਦਤ ਹੁੰਦੀ। ਉਨ੍ਹਾਂ ਲਈ ਕਿਰਤ ਕਰਨੀ ਅਤੇ ਵੰਡ ਛਕਣਾ, ਜੀਵਨ ਦਾ ਮੂਲ-ਮੰਤਰ, ਜੋ ਉਨ੍ਹਾਂ ਨੂੰ ਕਰਮਯੋਗੀ ਬਣਾਉਂਦੀ। ਮਹਾਨਤਾ ਸਦੀਵੀ, ਸਮਾਂ ਸੀਮਾ ਤੋਂ ਪਾਰ, ਪਰ ਮਸ਼ਹੂਰੀ ਕੁਝ ਪਲ, ਘੰਟੇ, ਦਿਨ, ਮਹੀਨੇ ਜਾਂ ਸਾਲਾਂ ਦੀ ਹੋ ਸਕਦੀ ਅਤੇ ਇਸ ਪਿਛੋਂ ਕੋਈ ਨਹੀਂ ਜਾਣਦਾ। ਮਹਾਨ ਵਿਅਕਤੀ ਨੂੰ ਆਪਣੀ ਮਹਾਨਤਾ ਦਾ ਕਦੇ ਵੀ ਅੰਦਾਜ਼ਾ ਨਹੀਂ ਹੁੰਦਾ। ਉਹ ਆਪਣੀ ਕਰਮ-ਕਿਰਤ ਵਿਚ ਇੰਨਾ ਲੀਨ ਹੁੰਦੇ ਕਿ ਮਹਾਨਤਾ ਵੀ ਰਸਾਤਲ ਜਾਪਦੀ। ਉਨ੍ਹਾਂ ਲਈ ਮਹਾਨਤਾ ਦੇ ਅਰਥ ਸਮਾਜਕ ਤੇ ਅੰਤਰੀਵੀ ਹੁੰਦੇ, ਜਿਸ ਨਾਲ ਮਨੁੱਖ ਖੁਦ ਵਿਚੋਂ ਹੀ ਆਪਣੀ ਪੁਨਰ ਸਿਰਜਣਾ ਕਰਦਾ। ਮਨੁੱਖ ਤੋਂ ਇਨਸਾਨ ਤੇ ਇਨਸਾਨੀਅਤ ਦਾ ਅਭਿਲਾਸ਼ੀ। ਸਭ ਤੋਂ ਵੱਡਾ ਧਰਮ ਇਨਸਾਨੀਅਤ ਹੈ ਅਤੇ ਮਨੁੱਖ ਇਸ ਤੋਂ ਹੀ ਪਾਸਾ ਵੱਟਣ ਲਈ ਕਾਹਲਾ। ਮਰ ਗਈ ਇਨਸਾਨੀਅਤ ਦਾ ਮਰਸੀਆ ਪੜ੍ਹਨ ਦੀ ਥਾਂ ਜੇ ਅਸੀਂ ਇਸ ਦੀ ਆਰਤੀ ਉਤਾਰਾਂਗੇ, ਇਸ ਦੇ ਸਮੁੱਚ ਨੂੰ ਜੀਵਨ-ਸ਼ੈਲੀ ਬਣਾਵਾਂਗੇ ਜਾਂ ਮਨ-ਕੋਠੇ 'ਤੇ ਉਚੀ ਆਵਾਜ਼ ਵਿਚ ਹੋਕਾ ਦੇਵਾਂਗੇ ਤਾਂ ਬੋਲੇ ਕੰਨ ਵੀ ਇਸ ਨੂੰ ਸੁਣ ਸਕਣਗੇ; ਪਰ ਸਭ ਤੋਂ ਪਹਿਲਾਂ ਖੁਦ ਨੂੰ ਇਸ ਦਾ ਹਾਣੀ ਬਣਾਉਣਾ ਪਵੇਗਾ।

ਮਹਾਨ ਵਿਅਕਤੀ ਹਿੰਮਤੀ, ਮਦਦਗਾਰ, ਮਿਕਨਾਤੀਸ, ਮੇਲ-ਜੋਲ ਵਾਲੇ ਅਤੇ ਮੁਸਕਰਾਹਟ ਦੇ ਵਣਜਾਰੇ। ਇਸ ਮੁਸਕਰਾਹਟ ਵਿਚੋਂ ਹੀ ਉਨ੍ਹਾਂ ਦੀ ਬੰਦਿਆਈ ਤੇ ਭਲਾਈ ਮੁਸਕਰਾਉਂਦੀ। ਇਸ ਵਿਚ ਹੀ ਸਮੋਈ ਹੁੰਦੀ ਮਨੁੱਖ-ਭਾਵੀ ਮਹਾਨਤਾ। ਮਹਾਨ ਵਿਅਕਤੀਆਂ ਦੀ ਮਹਾਨਤਾ ਇਸ ਕਰਕੇ ਵੀ ਹੁੰਦੀ ਕਿ ਉਹ ਕੁਰੱਖਤ ਸਮੇਂ ਵਿਚ ਮਜਬੂਤ ਰਹਿੰਦੇ ਅਤੇ ਹਰੇਕ ਕਿਸਮ ਦੇ ਵਿਰੋਧ ਦੇ ਬਾਵਜੂਦ ਉਹ ਕੁਝ ਪ੍ਰਾਪਤ ਕਰ ਲੈਂਦੇ, ਜਿਸ ਦਾ ਅੰਦਾਜ਼ਾ ਉਨ੍ਹਾਂ ਦੇ ਵਿਰੋਧੀਆਂ ਨੂੰ ਵੀ ਨਹੀਂ ਹੁੰਦਾ। ਹਰ ਵਿਅਕਤੀ ਵਿਚ ਮਹਾਨ ਬਣਨ ਦੇ ਗੁਣ ਹੁੰਦੇ ਬਸ਼ਰਤੇ ਉਹ ਆਪਣੇ ਸੁਪਨਿਆਂ ਅਤੇ ਸਾਧਨਾਂ ਨੂੰ ਖਾਸ ਸੇਧ ਦੇ, ਇਸ ਨੂੰ ਪੂਰਨਤਾ ਵੰਨੀਂ ਲੈ ਜਾਣ ਦਾ ਪ੍ਰਣ ਨਿਭਾਉਣਾ ਜਾਣਦਾ ਹੋਵੇ। ਮਹਾਨਤਾ ਦਰਅਸਲ ਮਨੁੱਖ ਦੇ ਅੰਦਰ ਵੱਸਦੀ, ਜੋ ਸਮੁੱਚੀ ਪਛਾਣ ਵਿਚੋਂ ਪ੍ਰਗਟਦੀ।

ਮਹਾਨ ਹੋਣ ਲਈ ਵਿਅਕਤੀ ਦਾ ਜਿੰਮੇਵਾਰ ਹੋਣਾ ਅਤੇ ਖੁਦ ਲਈ ਜਵਾਬਦੇਹ ਹੋਣਾ ਬਹੁਤ ਜਰੂਰੀ। ਉਸ ਨੂੰ ਸੱਚ/ਝੂਠ, ਗਲਤ/ਸਹੀ ਜਾਂ ਅਰਥਮਈ/ਬੇਅਰਥੇ ਦਾ ਅਹਿਸਾਸ ਅਤੇ ਅਭਾਸ ਹੁੰਦਾ। ਮਹਾਨਤਾ ਕਮਾਈ ਜਾਂਦੀ। ਕਦੇ ਵੀ ਕਿਸਮਤ ਨਹੀਂ ਹੁੰਦੀ। ਨਾ ਹੀ ਵਿਰਸੇ ਵਿਚ ਮਿਲਦੀ ਜਾਂ ਖਰੀਦੀ ਜਾ ਸਕਦੀ। ਇਹ ਤਾਂ ਖੁਦ ਤੋਂ ਖੁਦਾਈ ਤੀਕ ਦਾ ਸਫਰ। ਨਿਮਾਣਾ ਅਤੇ ਹਲੀਮ ਬਣ ਕੇ ਮਨੁੱਖ ਮਹਾਨ ਹੋ ਸਕਦਾ। ਹੰਕਾਰੀ, ਹੈਂਕੜਬਾਜ ਕਦੇ ਵੀ ਮਹਾਨ ਨਹੀਂ ਹੋ ਸਕਦਾ। ਮਹਾਨ ਬਣਨ ਲਈ ਵਕਤ, ਵਖਤ, ਵਿਰੋਧ, ਵੱਖਰਤਾਵਾਂ ਦਾ ਸਾਹਮਣਾ ਕਰਨਾ ਪੈਂਦਾ।

ਯਾਦ ਰੱਖਣਾ! ਮਸ਼ਹੂਰੀ ਕਰਵਾਉਣ ਵਾਲਾ ਵਿਅਕਤੀ ਕਦੇ ਵੀ ਮਹਾਨ ਨਹੀਂ ਹੁੰਦਾ, ਜਦ ਕਿ ਮਹਾਨ ਵਿਅਕਤੀ ਕਦੇ ਵੀ ਮਸ਼ਹੂਰੀ ਨਹੀਂ ਚਾਹੁੰਦਾ। ਮਹਾਨ ਵਿਅਕਤੀ ਉਹ ਹੀ ਹੋ ਸਕਦਾ, ਜਿਸ ਦੇ ਮਨ ਵਿਚ ਸੁਪਨਾ, ਸੰਭਾਵਨਾ ਅਤੇ ਸੰਭਵ ਦੇ ਸੰਦਰਭ ਨੂੰ ਸਮਝੇ। ਇਸ ਨੂੰ ਸਮਾਜਕ ਸਰੋਕਾਰਾਂ ਦੇ ਚੰਗੇ ਵਿਕਾਸ ਤੇ ਵਿਸਥਾਰ ਲਈ ਨਿਵੇਕਲੇ ਅਤੇ ਨਰੋਏ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰੇ। ਮਹਾਨਤਾ ਦੁਨਿਆਵੀ ਵਸਤਾਂ, ਸੁੱਖ-ਸਹੂਲਤਾਂ ਤੋਂ ਉਤੇ। ਸਮਾਜ ਤੇ ਦੇਸ਼ ਲਈ ਨਵੇਂ ਸਿਰਨਾਵਿਆਂ ਦੀ ਸਿਰਜਣਾ। ਕੁਝ ਅਜਿਹਾ ਕਰ ਜਾਣਾ ਕਿ ਲੋਕ ਤੁਹਾਡੇ ਰਾਹਾਂ 'ਤੇ ਤੁਰਨ ਦੀ ਚਾਹਨਾ ਮਨ ਵਿਚ ਪਾਲਣ। ਭਵਿੱਖ ਤੁਹਾਡੇ 'ਤੇ ਮਾਣ ਕਰੇ ਅਤੇ ਲੋਕ-ਚੇਤਿਆਂ ਵਿਚ ਸਦੀਵੀ ਥਾਂ ਹੋਵੇ।

ਮਹਾਨਤਾ ਨੂੰ ਨਤਮਸਤਕ ਹੋਣ ਲਈ ਕੁਦਰਤ ਵੰਨੀਂ ਦੇਖਣਾ, ਇਸ ਦੇ ਨਿਆਮਤ-ਭੰਡਾਰਾਂ ਦਾ ਸ਼ੁਕਰੀਆ ਕਰਨਾ ਅਤੇ ਇਸ ਦੀਆਂ ਬਖਸ਼ਿਸ਼ਾਂ ਦੀ ਬੰਦਗੀ ਕਰਨਾ, ਜੋ ਮਨੁੱਖ ਨੂੰ ਸੁੰਦਰਤਾ, ਸਦੀਵਤਾ ਤੇ ਸਾਹ ਬਖਸ਼ਦੀ ਏ। ਇਸ ਤੋਂ ਮਹਾਨ ਤਾਂ ਕੋਈ ਹੋ ਹੀ ਨਹੀਂ ਸਕਦਾ। ਮਹਾਨ ਲੋਕਾਂ ਦੇ ਸੁਪਨੇ ਵੀ ਵੱਡੇ ਹੁੰਦੇ। ਉਨ੍ਹਾਂ ਦੇ ਸੁਪਨਿਆਂ ਦਾ ਸੱਚ ਵੀ ਚਿਰੰਜੀਵੀ, ਸਥਿਰ ਅਤੇ ਦੂਰ-ਪ੍ਰਭਾਵੀ। ਵੱਡੇ ਸੁਪਨੇ ਹੀ ਵੱਡੇ ਅਰਥਾਂ ਦੀ ਅਰਦਾਸ ਹੁੰਦੇ। ਹੌਸਲੇ, ਵਿਸ਼ਵਾਸ, ਸਖਤ ਮਿਹਨਤ ਤੇ ਨਿਸ਼ਠਾ ਵਿਚੋਂ ਹੀ ਮਹਾਨਤਾ ਪੁੰਗਰਦੀ। ਮਹਾਨਤਾ ਪਹਾੜ ਦੀ ਚੋਟੀ ਨੂੰ ਜਾਂਦਾ ਪਥਰੀਲਾ ਰਸਤਾ, ਪਰ ਸਿਖਰ 'ਤੇ ਪਹੁੰਚ ਕੇ ਇਕ ਸਕੂਨ ਤੇ ਸਹਿਜ ਸੰਗ ਅੰਬਰ ਨਾਲ ਗੱਲਾਂ ਕਰਨਾ ਅਤੇ ਸਮੁੱਚੇ ਬ੍ਰਹਿਮੰਡ ਨੂੰ ਨਿਹਾਰਨਾ ਮਨ-ਤ੍ਰਿਪਤੀ ਦੀ ਸੰਪੂਰਨਤਾ।

ਲੋੜ ਹੈ, ਮਸ਼ਹੂਰ ਹੋਣ ਦੀ ਥਾਂ ਮਹਾਨਤਾ ਨੂੰ ਜ਼ਿੰਦਗੀ ਦਾ ਟੀਚਾ ਬਣਾਉਣ ਦੀ, ਅਰਥ ਭਰਪੂਰ ਸਬੰਧਾਂ ਸੰਗ ਪ੍ਰਣਾਉਣ ਦੀ। ਦੁੱਖ ਦੀ ਪੀੜ ਵਿਚ ਪੀੜ-ਪੀੜ ਹੋਣ ਦਾ ਹੁਨਰ ਹੋਵੇ, ਦਰਦ ਵਿਚ ਖੁਰ ਰਿਹਾ ਅੰਤਰੀਵ ਹੋਵੇ, ਰੂਹ ਵਿਚ ਸ਼ੁਭ-ਚਿੰਤਨ ਅਤੇ ਸ਼ੁਭ-ਕਰਮਨ ਦਾ ਪਾਠ ਨਿਰੰਤਰ ਚੱਲਦਾ ਰਹੇ। ਉਜਾੜ ਨੂੰ ਵਸਾਉਣ, ਕੁੱਲੀ ਦੀ ਛੱਤ ਬਣਨ ਜਾਂ ਨੰਗੇ ਬਦਨ ਲਈ ਲਿਬਾਸ ਬਣਨ ਦੀ ਤਮੰਨਾ ਮਨ ਵਿਚ ਪਾਲੋ। ਗਿਆਨ-ਹੀਣ ਲਈ ਹਰਫ-ਚਿਰਾਗ ਬਣੋ। ਝੋਲੇ ਦੀਆਂ ਪੁਸਤਕਾਂ ਵਿਚ ਹੁੰਗਾਰੇ ਭਰਦੀ ਗਿਆਨ-ਗੋਸ਼ਟਿ ਦਾ ਸਬੱਬ ਸਿਰਜੋ। ਰੋਂਦੇ ਦੇ ਹੰਝੂ ਪੂੰਝਣ ਲਈ ਦੁਆ ਬਣੋ। ਮੁਰਝਾਏ ਚਿਹਰਿਆਂ 'ਤੇ ਫੈਲੀ ਮੁਸਕਰਾਹਟ ਤੁਹਾਨੂੰ ਜ਼ਿੰਦਗੀ ਅਤੇ ਸਮਾਜ ਨੂੰ ਜਿਉਣ ਜੋਗਾ ਕਰੇਗੀ, ਜਿਸ ਨਾਲ ਧਰਤੀ 'ਤੇ ਪਸਰੀ ਸੁੰਦਰਤਾ ਹੋਰ ਸੁੰਦਰ ਤੇ ਸਦੀਵ ਹੋਵੇਗੀ।



**ਡਾ. ਗੁਰਬਖਸ਼ ਸਿੰਘ ਭੰਡਾਲ**

# ਸੌਨੇ ਦਾ ਕੜਾ

ਮੇਰਾ ਓਦੋਂ ਨਵਾਂ ਨਵਾਂ ਵਿਆਹ ਹੋਇਆ ਸੀ, ਇੱਕ ਦਿਨ ਮੇਰੇ ਸੁਹਰਿਆ ਤੋਂ ਸੁਨੇਹਾ ਆਇਆ ਕਿ, ਭਾਈ ਤੂੰ ਫੁੱਫੜ ਬਣ ਗਿਆ ਏ.. ਵਧਾਈਆਂ....ਭੂਆ ਤੇ ਫੂਫੜ ਨੂੰ....ਮਤਲਬ ਤੇਰੇ ਸਾਲੇ ਦੇ ਘਰ ਮੁੰਡਾ ਹੋਇਆ, ਭੂਆ/ਫੂਫੜ ਆਪਣੇ ਭਤੀਜੇ ਨੂੰ ਆ ਕੇ ਦੇਖ ਜਾਣ,ਨਾਲੇ ਵਧਾਈਆ ਦੇ ਜਾਣ, ਸੁਹਰੇ ਘਰ ਜਾਹ...ਅਸੀ ਸਾਰਿਆ ਨੂੰ ਫਤਹਿ ਬੁਲਾ, ਵਧਾਈਆਂ ਦਿੱਤੀਆਂ,....ਮੇਰੇ ਸਿਰ ਤੇ ਪਿਆਰ ਦਿੰਦਿਆ, ਮੇਰੀ ਸੱਸ ਬੋਲੀ....ਬਹੁਤ ਬਹੁਤ ਵਧਾਈਆ ਪੁੱਤ ਤੈਨੂੰ ਵੀ ਤੇ,..... ਤੇਰੇ ਸਾਰੇ ਪਰਿਵਾਰ ਦੇ ਜੀਆਂ ਨੂੰ,....ਮੈ ਤਾਂ ਅੱਜ ਬਹੁਤ ਖੁਸ਼ ਹਾਂ ਪੁੱਤ.....ਦੋ ਕੁੜੀਆਂ ਉਪਰੋਂ ਮਸਾਂ, ਮੇਰੇ ਵਾਹਿਗੁਰੂ ਨੇ..... ਲਾਲ ਦਾ ਮੂੰਹ ਵਿਖਾਇਆ ਏ.... ਤੂੰ ਤਾਂ ਪੁੱਤ ਸਾਡਾ .....ਕਰਮਾਂ ਵਾਲਾ ਜਵਾਈ ਏ..... ਮੈ ਪੋਤੇ ਹੋਣ ਦੀ ਖੁਸ਼ੀ 'ਚ ਤੈਨੂੰ ਸੌਨੇ ਦਾ ਕੜਾ ਬਣਾਵਾ ਕੇ ਦੇਣਾ ਪੁੱਤ... ਆਖਰਕਾਰ ਮੇਰੇ ਦੀ ਘਰ .....ਜੜ ਲੱਗੀ ਆ, ਬਸ, ਧੀਏ...ਹੱਥ ਖੁੱਲੇ ਜਿਹੇ ਜਰਾਂ ਹੋ ਜਾਣ..ਫਿਰ ਤੈਨੂੰ ਵੀ ਇੱਕ ਟੂੰਬ ਤੇ ਪਰੌਉਣੇ ਨੂੰ ਤਾਂ ਪੰਜ ਛੇ ਤੋਲੇ ਦਾ ਕੜਾ ਬਣਵਾਉਣਾ ਹੀ ਆ... ਸਾਡੀ ਭਾਗਵਾਨ...ਰੋਜ਼ ਨਿੱਤ ਨਵੀਆਂ ਸਕੀਮਾਂ ਘੜਣ ਲੱਗੀ... ਜੀ,.....ਸੁਣਦੇ ਹੋ..ਤੁਸੀ ਕੜਾ ਬਣਵਾ ਕੇ ਕੀ ਕਰਨਾ...ਵਾ, ਨਾਲੇ ਮੈ ਵੀ ਇੱਕ ਟੂੰਬੜੀ ਜਿਹੀ ਕੀ ਕਰਨੀ ਆ,..... ਬੇਬੇ ਨੂੰ ਕਹਿ ਕੇ ....ਮੈ ਆਪਣੇ ਲਈ ਇੱਕ ਸੌਨੇ ਦਾ ਭਾਰੀ ਜਿਹਾ ਸੈਟ ਹੀ ਬਣਵਾ ਲੈਂਦੀ ਹਾਂ....ਗਹਿਣੇ ਤਾਂ ਰਹਿਣਗੇ ਘਰ 'ਚ ਹੀ......!! ਇੱਧਰ ਸਾਡੀਆਂ ਆਸਾ ਨੂੰ ਬੂਰ ....ਅੱਜ ਤੱਕ ਤਾਂ ਨਹੀ ਪਿਆ ਸੀ... ਪਰ, ਜੰਮੇ ਹੋਏ ਕਾਕਾ ਜੀ (ਘਰਵਾਲੀ ਦਾ ਭਤੀਜਾ) ਵੱਡੇ ਹੋ ਕੇ ਨਿਸਰ ਵੀ ਚੁੱਕਾ ਸੀ, ਮਤਲਬ...ਮੂੰਹ ਤੇ ਮੁੱਛਾਂ ਵੀ ਫੁਟ ਆਈਆ ਸਨ.....!! ਸਾਡੇ ਵਾਲਾ, ਮਸਲਾ ਚੰਡੀਗੜ ਵਾਂਗ ਵਿੱਚੇ ਅੜਿਆ ਪਿਆ ਸੀ... ਅਤੇ ਸੱਸ ਮੇਰੀ ਦੇ ਹੱਥ ਕਦੇ ਵੀ ਖੁੱਲੇ ਨਹੀ ਹੋਏ ਏ,....ਇੰਨਾ ਜਰੂਰ ਹੋਇਆ ਕਿ ਓਹ ਚਾਰ ਮਹੀਨਿਆਂ ਤੋ ਸਰੀਰ ਖਲਾਰ ਬਿਮਾਰ, ਨਦੀ ਦੇ ਕਿਨਾਰੇ ਗਿਰੇ ਹੋਏ ਰੁੱਖ ਵਾਂਗ, ਮੰਜੇ ਤੇ ਗਿਰੀ ਪਈ ਸੀ.... ਮੈ ਤੇ ਮੇਰੀ ਘਰਵਾਲੀ ਨੇ ਇੰਨਾ ,14-15 ਸਾਲਾਂ, 'ਚ ਸਹੁਰਿਆਂ ਦੇ ਘਰ, ਮਿਲਣ ਬਹਾਨੇ ਕਈ ਚੱਕਰ ਲਗਾਏ...ਚਲੋ..ਬੇਬੇ ਨੇ ਜੋ ਸਾਡੇ ਨਾਲ ਵਾਅਦਾ ਕੀਤਾ ਹੋਇਆ ਏ, ਭੁਲ ਹੀ ਨਾ ਗਈ ਹੋਵੇ, ਕਿਉ ਨਾ ਸਾਨੂੰ ਦੋਨਾ ਨੂੰ ਵੇਖ, ਉਸ ਦੇ ਯਾਦ ਹੀ ਆ ਜਾਵੇ ਏ...? ਪਰ..ਬੇਬੇ (ਸੱਸ) ਮੇਰੇ ਸਾਹਮਣੇ ਕਦੀ ਨਾ ਆਉਦੀ, ਬਸ ਇੱਕ ਬਾਰ ਸਿਰ ਜਿਹਾ ਪਲੋਸ ਕੇ, ਜਿਉਦਾ ਵਸਦਾ ਰਹਿ ਪੁੱਤ, ਕਹਿ ਮੁੜ ਨਾ ਦਿੱਸਦੀ,....ਲਗਦਾ ਸੀ, ਜਿੱਵੇ ਸੌਨੇ ਦਾ ਕੜਾ ਹੀ, ਮੇਰੇ ਸਾਹਮਣੇ ਆਉਣ ਤੋ ਰੋਕਦਾ ਹੋਵੇ...ਕਦੇ ਕਦਾਈ ਚਾਣ ਚੱਕ ਟਾਕਰੇ ਹੋ ਜਾਣੇ, ਓਹ ..ਕੁਝ ਘਬਰਾ ਕੇ ਇੱਕ ਪਾਸੇ ਨੂੰ ਹੋ ਜਾਂਦੀ....ਪਰ, ਆਪਣੀ ਕੁੜੀ ਨੂੰ, ....ਹਰ ਬਾਰ ਇਹੋ ਕਹਿੰਦੀ ਰਹਿੰਦੀ, ....ਕਿ ਭਾਈ ਕੁੜੀਏ ਆਪਣੇ ਪਰੌਉਣੇ ਨੂੰ ਕਹਿ ਦੇਈ,.....ਮੇਰੇ ਯਾਦ ਆ ਤੇਰਾ ਸੌਨੇ ਦਾ ਕੜਾ... ਬਸ ਥੋਹੜੇ ਜਿਹੇ ਹੱਥ ਤੰਗ ਆ, ਚਾਰ ਪੈਸ਼ੇ ਹੱਥ ਆ ਜਾਣ .... ਕਈ ਹਸਪਤਾਲਾਂ 'ਚ ਡਾਕਟਰਾਂ ਕੋਲੋ ਬੇਬੇ ਦਾ ਿ?ਲਾਜ਼ ਕਰਵਾਇਆ, ਪਰ ...ਬੇਬੇ ਦੀ ਸੇਹਤ ਤੇ ਕੋਈ ਬਦਲਾਅ ਨਜ਼ਰ ਨਹੀ ਸੀ, ਆ ਰਿਹਾ, ,ਸਗੋ ਦਿਨੋ ਦਿਨ ਓਹ ਡਾਊਨ ਜਿਹੀ ਹੁੰਦੀ ਜਾ ਰਹੀ ਸੀ.... ਆਖਰਕਾਰ, ਡਾਕਟਰਾਂ ਨੇ ....ਕਹਿ ਹੀ ਦਿੱਤਾ ਕਿ...ਭਾਈ ਆਪੀ ਮਾਈ ਦੀ ਸੇਵਾ, ਘਰ ਲਿਜਾ ਕੇ ਹੀ ਕਰਲੂ, ........ਕਾਹਨੂੰ ਐਂਵੇ ਪੈਸ਼ਿਆਂ ਦੀ ਬਰਬਾਦੀ ਕਰਨ ਲੱਗੇ ਹੋ...ਉਮਰ ਵੀ ਸਿਆਣੀ ਆਂ, ਇਹਨਾ ਦਾ ਅੰਦਰਲਾਂ ਸਾਰਾ .......ਸ਼ਿਸਟਮ ਬਲੌਕ ਹੋ ਗਿਆ ਵਾ.....!! ਬਹੁਤ ਪਾਠ ਪੂਜਾ ਕਰਾ ਕਰਾ ਕੇ ਵੇਖ ਲਏ,, ਬੇਬੇ ਜੀ ਦਾ ਉਹੀ ਹਾਲ, ਨਾ ਓਹ ਮਰਿਆ 'ਚ ਨਾ ਜਿਉਦਿਆ 'ਚ...ਜ਼ੁਬਾਨ ਤਾਂ ਉਹਨਾ ਦੀ ਪਹਿਲਾਂ ਹੀ ਚਲੀ ਗਈ ਸੀ, ....ਬਸ ਇਸ਼ਾਰੇ ਜਿਹੇ ਕਰਕੇ ਦੱਸਦੇ ਰਹਿੰਦੈ ..... ਪਰ, ਉਹਨਾ ਦੀ ਗੱਲ ਸਮਝਦਾਂ ਕੋਈ ਨਾ.......... ਕਿ ਬੇਬੇ ਜੀ ਕਹਿਣਾ ਕੀ ਚਾਹੁੰਦੇ ਆ.....? ਬੇਬੇ ਦੇ ਪੇਕਿਆ ਵਾਲੇ, ਰਿਸ਼ਤੇਦਾਰ ਤੇ ਹੋਰ ਸਾਰੇ ਸ਼ਾਕ ਸਾਬੰਧੀ , ਬੇਬੇ ਨੂੰ ਮਿਲਾ ਦਿੱਤੇ.......ਫਿਰ ਵੀ ਪਤਾ ਨਹੀ, ਸਾਹ ਕਿੱਥੇ ਅੱਟਕੇ ਹੋਏ ਸਨ....! ਪਿੰਡ ਦੇ ਕਿਸੇ ਸਿਆਣੇ ਬੰਦੇ ਨੇ, ਜਦ ਬੇਬੇ ਜੀ ਦਾ ਿ?ਹ ਹਾਲ ਵੇਖਿਆ.., ਤਾਂ ਕਹਿਣ ਲੱਗਾ.. ਕਿ ਮਾਈ ਤਾਂ ਕਿਸੇ ਮੋਹ ਮਾਇਆ ਦੇ ਜਾਲ 'ਚ ਫਸੀ ਲਗਦੀ ਆ......ਜੋ ਜੀਅ ਇਹਨੂੰ ਮਿਲਣੋ ਰਹਿ ਗਿਆ ਵਾ...ਉਸ ਨੂੰ...... ਮਾਈ ਦੇ ਸਾਹਮਣੇ ਲਿਆ ਖੜਾ ਕਰ ਦਿਓ, ਬਿਚਾਰੀ ਦੀ ਜਾਨ ਸੁਖੀ ਨਿੱਕਲ ਜਾਓ..... ਖੂਨ ਦੇ ਰਿਸ਼ਤੇ ਵਾਲੇ ਤਾਂ ਸਾਰੇ ਮਿਲਾ ਦਿੱਤੇ...ਬੇਬੇ ਨੂੰ ਮਿਲਣ ਤੋ ਫਿਰ ਕੌਣ ਰਹਿ ਗਿਆ....ਓਹ ਹੋ ...ਆਪਣੇ ਜਵਾਈ ਨੂੰ ਬਲਾਓ... ਸਾਇਦ ਉਸ 'ਚ ...ਸੁਤਾ ਨਾ ਹੋਵੇ ਭਾਈ....ਬਲਾਓ ਪਰੌਉਣੇ ਨੂੰ, ਕਰੋ ਫੋਨ ...ਉਹਨੂੰ ਕਹਿਵੋ ਜਿੱਥੇ ਵੀ ਹੈ...ਜਲਦੀ ਆ ਜਾਏ... ਬੇਬੇ ਯਾਦ ਕਰਦੀ ਆ..... ਮੈ ਪੰਜ ਛੇ ਮਹੀਨਿਆ ਤੋ ਕਿਸੇ ਕੰਮ ਦੇ ਸਿਲਸਿਲੇ 'ਚ ਬਾਹਰ ਗਿਆ ਹੋਇਆ ਸੀ...ਜਦੋ ਸੁਹਰਿਆ ਦੇ ਘਰ ਜਾ, ਸੱਸ ਦੇ ਡਾਹੇ ਮੰਜੇ ਕੋਲ ਬਹਿ ਬੇਬੇ ਜੀ.... ਸਤਿ ਸ੍ਰੀ ਅਕਾਲ, ਫਤਹਿ ਬੁਲਾਈ, ਕੀ ਹਾਲ ਨੇ ਤੁਹਡੇ ਤੱਕੜੇ ਰਹੋ ਤੱਕੜੇ...ਕੁਝ ਨਹੀ ਹੋਣ ਦਿੰਦੇ ਤੁਹਾਨੂੰ ...ਮਾਤਾ ਮੈ ਆ ਗਿਆ ਹੁਣ....ਕੱਲ ਨੂੰ ਚੰਡੀਗੜ ਲੈ ਕੇ ਜਾਂਦੇ ਆ ਤੁਹਾਨੂੰ, ਹੌਸਲਾ ਬਣਾ ਕੇ ਰੱਖੋ....ਵਾਹਿਗੁਰੂ, ਵਾਹਿਗੁਰੂ ਦਾ ਜਾਪ ਕਰੀ ਜਾਓ, .....ਤਾਂ ਬੇਬੇ ਜੀ ਨੇ ਮੇਰੀ ਅਵਾਜ਼ ਸੁਣ ......ਥੋਹੜੀ ਜਿਹੀ ਅੱਖ ਪੱਟੀ... ਤੇ ਮੇਰਾ ਹੱਥ..ਆਪਣੇ ਸੁਕੇ ਜਿਹੇ ਹੱਥਾਂ 'ਚ ਫੜ......ਆਪਣੇ ਸਰਾਂਣੇ ਦੇ ਥੱਲਿਓ.... ਇੱਕ ਕੱਪੜੇ ਦੀ ਬਣੀ ਪੁਰਾਣੀ ਗੁਥਲੀ, ਪੋਟਲੀ ਜਿਹੀ ਕੱਢ ਮੇਰੇ ਹੱਥ ਦੇ 'ਚ ਫੜਾ ਦਿੱਤੀ ....ਤੇ ਅੱਖਾਂ ਚੋਂ ਹੰਝੂਆਂ ਦੀ ਮਮਤਾ ਉਝਾਲਦੀ ਹੋਈ.... ਪਾਸਾ ਜਿਹਾ ਮਾਰ ਕੇ ਪੈ ਗਈ..... ਕੁਝ ਸਮੇ ਬਾਅਦ ਮੇਰੀ ਘਰਵਾਲੀ ਰੋਂਦੀ ਹੋਈ ...ਭੱਜੀ ਭੱਜੀ ਆਈ, ਆ ਕੇ ਕਹਿਣ ਲੱਗੀ....ਆਪਣੇ ਬੇਬੇ ਜੀ ਸਾਨੂੰ ਛੱਡ ਕੇ ਚਲੇ ਗਏ, ਓਹ ਚੜਾਈ ਕਰ ਗਏ....!! ਜਦੋ ਅਸੀ ਦੋਨਾ ਨੇ, ਬੇਬੇ ਜੀ ਵਲੋ ਦਿੱਤੀ ਗੁਥਲੀ ਖੋਲੀ ਤਾਂ..... ਉਸ 'ਚ ਇੱਕ ਸੌਨੇ ਦਾ ਸੈਟ, ਦੋ ਕੰਨਾਂ ਦੀਆ ਬਾਲੀਆ, ਚਾਰ ਛਾਪਾਂ, ਤੇ ਇੱਕ ਚਾਂਦੀ ਦੀਆ ਝੰਜਰਾਂ ਦਾ ਜੋੜਾ ਸੀ.....

**ਦੀਪ ਰੱਤੀ**

00919815478547

# ਕੀ ਸਾਡੇ ਟੀ. ਵੀ. ਚੈਨਲਾਂ ਕੋਲ ਲੋਕ ਮੁੱਦੇ ਮੁੱਕ ਗਏ ਹਨ

ਕਿਸੇ ਸੈਲੀਬਰੇਟੀ ਦੇ ਬਿਮਾਰ ਹੋ ਜਾਣ ਤੱਕ,ਸਾਡੇ ਟੀ. ਵੀ. ਚੈਨਲਾਂ ਵਾਲਿਆਂ ਕੋਲ ਸਾਰੇ ਹੀ ਮੁੱਦੇ ਖ਼ਤਮ ਹੋ ਜਾਂਦੇ ਹਨ,ਉਹਨਾਂ ਨੂੰ ਕਿੰਨੇ ਵਜ਼ੇ ਰਾਤੀ ਨੀਂਦ ਆਈ,ਉਹ ਸਵੇਰੇ ਕਿੰਨੇ ਵਜ਼ੇ ਉਠੇ, ਉਹਨਾਂ ਨੂੰ ਰਾਤੀ ਕਿਵੇਂ ਦਾ ਲੱਗਾ,ਉਹਨਾਂ ਸਵੇਰੇ ਬਰੇਕ ਫਾਸਟ ਵਿੱਚ ਕੀ ਖਾਇਆ,ਅੱਜ ਕੱਲ ਇਹੋ ਅਮਿਤਾਬ ਬੱਚਨ ਦੇ ਨਾਲ ਹੋ ਰਿਹਾ ਹੈ, ਸ਼ਰਮ ਆਉਣੀ ਚਾਹੀਦੀ ਹੈ, ਇਹੋ ਜਿਹੇ ਟੀ. ਵੀ.ਚੈਨਲਾਂ ਵਾਲਿਆਂ ਨੂੰ,ਜੋ ਦੇਸ਼ ਦੇ ਹੋਰ ਗੰਭੀਰਤਾ ਭਰੇ ਮੁੱਦੇ ਛੱਡਕੇ,ਉਹਨਾਂ ਦੇ ਖਾਣ ਪੀਣ ਤੋਂ ਲੈਕੇ ਸੌਣ ਤੱਕ ਦੀ ਕਵਰੇਜ਼ ਲਈ ਕੁੱਤਿਆਂ ਵਾਂਗੂ ਭੱਜੇ ਫ਼ਿਰਦੇ ਹਨ।

ਜ਼ੇਕਰ ਇਹਨਾਂ ਦਾ ਵੱਸ ਚੱਲੇ ਇਹ ਤਾਂ ਉੱਚ ਹਸਤੀਆਂ ਦੇ ਲੈਟਰਿੰਗ ਤੋਂ ਲੈਕੇ ਕਿਵੇਂ ਮੂਤ ਕੇ ਆਏ ਇਹ ਵੀ ਵਿਖਾ ਦੇਣ ,ਪਰ ਵਿਚਾਰੇ ਬੇਵੱਸ ਲੱਗਦੇ ਹਨ, ਸ਼ਰਮ ਕਰੋਂ, ਸਾਰੇ ਹੀ ਸੋਸ਼ਲ ਮੀਡੀਆ ਤੇ ਤੁਹਾਡੀ ਇਸ ਤਰਾਂ ਦੀ ਕਵਰੇਜ਼ ਤੇ ਹੱਸਣ ਦੇ ਨਾਲ ਨਾਲ ਮਸਾਲੇ ਭਰਪੂਰ ਗਾਲਾਂ ਵੀ ਕੱਢਦੇ ਹਨ।

ਕੀ ਇਹਨਾਂ ਟੀ.ਵੀ.ਚੈਨਲਾਂ ਵਾਲਿਆਂ ਕੋਲ ਕੋਈ ਵੀ ਹੋਰ ਮੁੱਦਾ ਨਹੀਂ ਰਿਹਾ ,ਸਾਰੇ ਲੋਕਾਂ ਦੇ ਲੋਕ ਮੁੱਦੇ ਤੇ ਵਹਿਸ ਕਰੀ ਬੈਠੇ ਹਨ,ਸਾਡੇ ਦੇਸ਼ ਦੇ ਨੌਜ਼ਵਾਨੀ ਆਪਣੇ ਆਉਣ ਵਾਲ਼ੇ ਕੱਲ ਨੂੰ ਲੈਕੇ ਬਹੁਤ ਫ਼ਿਕਰਮੰਦ ਹੈ, ਹਰੇਕ ਪੜ੍ਹ ਲਿਖ ਕੇ ਵੀ ਨਿਰਾਸ਼ਾ ਦੇ ਆਲਮ ਵਿੱਚ ਹੈ, ਉਹਨਾਂ ਦੀ ਗੱਲ ਕੌਣ ਕਰੂਗਾ,

ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਹਰ ਰੋਜ਼ ਭੁੱਖਮਰੀ ਦੇ ਕਾਰਨ ਮਰਦੇ ਹਨ,ਉਹਨਾਂ ਦੀ ਗੱਲ ਕੌਣ ਕਰੂਗਾ,ਬੇਰੁਜ਼ਗਾਰੀ ਨੇ ਸਾਡੇ ਦੇਸ਼ ਦਾ ਭਵਿੱਖ ਖ਼ਾਹ ਲਿਆ ਉਹਨਾਂ ਦੀ ਅਵਾਜ਼ ਕੌਣ ਬਣੇਗਾ,ਨਸ਼ੇ ਦਾ ਸ਼ਰੇਆਮ ਵਿਕਣਾ,ਜਵਾਨੀ ਨਸ਼ੇ ਨੇ ਖੋਹਲ਼ੀ ਕਰਕੇ ਰੱਖ ਦਿੱਤੀ ,ਇਹਨਾਂ ਨੂੰ ਸਿੱਧੇ ਰਾਹ ਲਿਆਉਣ ਦੀ ਗੱਲ ਕੌਣ ਕਰੇਗਾ।

ਹਰ ਰੋਜ਼ ਔਰਤਾਂ ਤੇ ਹੋ ਰਹੇ ਅਤਿਆਚਾਰਾਂ ਤੇ ਬਲਾਤਕਾਰ ਵਰਗੀਆਂ ਘਟਨਾਵਾਂ ਦਾ ਨਿੱਤ ਹੋਣਾ ਸਾਡੇ ਤੇ ਸਮਾਜ ਦੇ ਮੱਥੇ ਕਲੰਕ ਹਨ,ਇਹਨਾਂ ਦੀ ਗੱਲ ਕੌਣ ਕਰੇਗਾ,ਵੱਧਦੀ ਰਿਸ਼ਵਤਖੋਰੀ ਤੇ ਭ੍ਰਿਸ਼ਟ ਹੋ ਰਿਹਾ ਸਾਡਾ ਸਮਾਜ ਇਸ ਦੀ ਗੱਲ ਕੌਣ ਕਰੇਗਾ।

ਰਿਸ਼ਵਤਖੋਰੀ ਕਈਆਂ ਦੇ ਖ਼ੂਨ ਵਿੱਚ ਰਚ ਗਈ ਉਸਦਾ ਮੁੱਦਾ ਕੌਣ ਉਠਾਏਗਾ, ਗੱਲ ਉਹ ਹੀ ਆ ਜਾਂਦੀ ਹੈ, ਕੀ ਸਾਡਾ ਚੌਥਾ ਥੰਮ ਕਿਹਾ ਜਾਣਾ ਵਾਲਾ ਮੀਡੀਆ ਆਪਣੀ ਜ਼ਮੀਰ ਤੇ ਆਪਣੇ ਆਪ ਨੂੰ ਪੈਸੇ ਦੂ ਤੱਕੜੀ ਵੇਚ ਬੈਠਾ ਹੈ।

ਫ਼ੇਰ ਵੀ ਇਹੋ ਜਿਹੇ ਗੰਦੇ ਸਿਸਟਮ ਦੀ ਗੱਲ ਕਰਨ ਵਾਲੇ ਕੁੱਝ ਵਧੀਆਂ ਟੀ. ਵੀ.ਚੈਨਲਾਂ ਦੇ ਪੱਤਰਕਾਰਾਂ ਨੂੰ ਦਿਲੋਂ ਸਲਾਮ ਹੈ, ਜੋ ਲੋਕ ਮੁੱਦਿਆਂ ਦੀ ਗੱਲ ਛੇੜਦੇ ਹਨ,ਤੇ ਚਰਚਾ ਦਾ ਵਿਸ਼ਾ ਬਣਦੇ, ਬਹੁਤ ਵਧੀ ਕਲਮਕਾਰਾਂ ਨੂੰ ਸਲਾਮ ਹੈ, ਜੋ ਸੱਚ ਲਿਖਦੇ ਤੇ ਬਿਆਨ ਕਰਦੇ ਹਨ,ਸਲਾਮ ਉਹਨਾਂ ਵਧੀਆਂ ਅਖਬਾਰਾਂ ਨੂੰ ਜੋ ਸੱਚ ਨੂੰ ਪ੍ਰਕਾਸ਼ਿਤ ਕਰਦੇ ਹਨ।

ਜੋ ਆਪਣੇ ਆਪ ਤੇ ਆਪਣੀ ਜ਼ਮੀਰ ਨੂੰ ਵੇਚੀ ਬੈਠੇ ਹਨ,ਇਹੋ ਜਿਹੇ ਟੀ. ਵੀ ਚੈਨਲਾਂ ਤੇ ਪੱਤਰਕਾਰਾਂ ਨੂੰ ਲੱਖ ਲੱਖ ਮੇਰੇ ਵੱਲੋਂ ਲਾਹਨਤਾਂ ,ਆਪਣੇ ਆਪ ਨੂੰ ਵੇਚਣ ਵਾਲੇ ਦੱਸਿਓ ਜਦੋ ਸੱਚ ਨੂੰ ਛੁਪਾਕੇ ਝੂਠ ਤੇ ਬੇਈਮਾਨੀ ਨਾਲ ਕਮਾਏ ਹੋਏ ਪੈਸੇ ਮਰਨ ਤੋਂ ਬਾਅਦ ਆਪਣੇ ਨਾਲ ਲੈ ਗਏ ਤਾਂ ਦੱਸਣਾ ,ਜ਼ੇਕਰ ਨਾਲ ਜਾਣੀ ਹੈ ਤਾਂ ਉਹ ਸੱਚਾਈ ਹੀ ਜਾਵੇਗੀ,ਤੁਹਾਡੇ ਵੱਲੋਂ ਕਿਹਾ ਗਿਆ ਇੱਕ ਇੱਕ ਸ਼ਬਦ ਸੱਚ ਵਾਲਾ ਮਰਨ ਤੋਂ ਬਾਅਦ ਵੀ ਯਾਦ ਕੀਤਾ ਜਾਵੇਗਾ।

ਪਰ ਅਫ਼ਸੋਸ ਝੂਠ ਨੂੰ ਲਾਹਨਤਾਂ ਪੈਂਦੀਆਂ ਰਹਿਣਗੀਆਂ,ਅਜੇ ਵੀ ਸਮਾਂ ਹੈ ਸੰਭਲ ਜਾਉ,ਸੱਚ ਦੇ ਪਹਿਰੇਦਾਰ ਬਣੋ,ਭ੍ਰਿਸ਼ਟ ਨੇਤਾਵਾਂ ਤੇ ਅਫਸਰਾਂ ਨੂੰ ਨੰਗਾ ਕਰੋ,ਨੌਜ਼ਵਾਨੀ ਬਚਾਉ,ਦੇਸ਼ ਦਾ ਭਵਿੱਖ ਬਚਾਉ,ਦੇਸ਼ ਦੇ ਆਉਣ ਵਾਲੇ ਚੰਗੇ ਕੱਲ ਦੀ ਗੱਲ ਕਰੋ,ਦੇਸ਼ ਦੇ, ਤੇ ਦੇਸ਼ ਦੇ ਲੋਕਾਂ ਦੇ ਰਾਖੇ ਬਣੋ।

ਬਾਰਡਰਾਂ ਤੇ ਹੋ ਰਹੇ ਸਾਡੇ ਸ਼ਹੀਦਾਂ ਦਾ ਸੱਚ ਬਿਆਨ ਕਰੋ,ਗੰਦੀ ਸਿਆਸਤ ਤੇ ਸਿਆਸਤਦਾਨਾਂ ਦੀ ਮਾੜੀ ਸੋਚ ਜੱਗ ਜ਼ਾਹਰ ਕਰੋ,ਅਜੇ ਵੀ ਸਮਾਂ ਹੈ, ਸਾਡੇ ਚੌਥੇ ਕਹੇ ਜਾਣ ਵਾਲੇ ਇਸ ਥੰਮ ਦਾ ਮਾਣ ਸਤਿਕਾਰ ਨਾ ਗਵਾਉਣ ਦਿਉ ,ਨਹੀਂ ਤੇ ਇੱਕ ਸਮਾਂ ਆਵੇਗਾ ,ਅਸੀਂ ਲੋਕਾਂ ਵਿੱਚੋਂ ਇਸ ਮੀਡੀਆ ਦਾ ਵਿਸ਼ਵਾਸ ਗਵਾ ਚੁੱਕੇ ਹੋਵਾਂਗੇ।ਕਿਸੇ ਵੀ ਉੱਚ ਅਧਿਕਾਰੀ, ਉੱਚ ਹਸਤੀ ਦੀ ਗੱਲ ਕਰੋ,ਕਿਸੇ ਦਾਇਰੇ ਵਿੱਚ ਰਹਿਕੇ, ਪਰ ਸਾਡੇ ਲਈ ਸਭ ਤੋਂ ਪਹਿਲਾਂ ਲੋਕਾਂ ਦੀ ਗੱਲ ਭਾਵ ਲੋਕ ਮੁੱਦੇ।

ਏਨਾ ਕੁੱਝ ਲਿਖਦਾ ਹੋਇਆ ਜੈ ਹਿੰਦ।

**ਲਿਖ਼ਤ ਗੁਰਪ੍ਰੀਤ ਸਿੰਘ ਜਖਵਾਲੀ।**

**ਮੋਬਾਇਲ** 98550 36444

# ਚੀਨ ਨੂੰ ਸਬਕ ਸਿਖਾਉਣ ਦੇ ਨਾਲ ਨਾਲ ਚੀਨ ਤੋਂ ਸਬਕ ਸਿੱਖਣ ਦੀ ਵੀ ਲੋੜ

ਦੁਨੀਆਂ ਦੇ ਕੁਝ ਦੇਸ਼ਾਂ ਦੀ ਆਰਥਿਕਤਾ ਖੇਤੀਬਾੜੀ ਆਧਾਰਤ ਕੁਝ ਦੀ ਉਦਯੋਗ ਅਧਾਰਤ ਅਤੇ ਕੁਝ ਕੁ ਦੇਸ਼ਾਂ ਦਾ ਆਰਥਿਕਤਾ ਸੂਚਨਾ ਅਤੇ ਤਕਨੀਕ ਅਧਾਰਤ ਹੈ। ਇਸ ਵੇਲੇ ਉਹ ਦੇਸ਼ ਮੂਹਰਲੀ ਕਤਾਰ ਵਿੱਚ ਹਨ ਜੋ ਸੂਚਨਾ ਅਤੇ ਤਕਨੀਕ ਤੋਂ ਪੈਸਾ ਕਮਾ ਰਹੇ ਹਨ। ਜਿਥੇ ਦੁਨੀਆਂ ਭਰ ਵਿੱਚ ਤਕਨਾਲੋਜੀ ਦੀ ਕ੍ਰਾਂਤੀ ਆਈ ਹੈ ਉਥੇ ਭਾਰਤ ਵੀ ਡਿਜੀਟਲਾਈਜੇਸ਼ਨ ਵੱਲ ਵਧ ਰਿਹਾ ਹੈ। ਭਾਵੇਂ ਅਨਪੜ੍ਹਤਾ, ਗਰੀਬੀ ਆਦਿ ਕਾਰਨ ਡਿਜੀਟਲ ਵੰਡ ਵਿੱਚ ਹਾਲੇ ਸਾਡਾ ਦੇਸ਼ ਕਾਫੀ ਪਿਛੇ ਹੈ ਪਰ ਫਿਰ ਵੀ ਅਬਾਦੀ ਜਿਆਦਾ ਹੋਣ ਕਾਰਨ ਡਿਜੀਟਲ ਮਾਰਕੀਟਿੰਗ ਲਈ ਵੱਡਾ ਬਜ਼ਾਰ ਪ੍ਰਦਾਨ ਕਰ ਰਿਹਾ ਹੈ। ਪਰ ਭਾਰਤ ਦੀ ਇਸ ਡਿਜੀਟਲ ਕ੍ਰਾਂਤੀ ਦਾ ਫਾਇਦਾ ਹੋਰ ਦੇਸ਼ ਉਠਾ ਰਹੇ ਹਨ। ਕਿਸੇ ਵੀ ਦੇਸ਼ ਵਿੱਚ ਬਣੀਆਂ ਮੋਬਾਈਲ ਐਪਲੀਕੇਸ਼ਨਾ ਅਤੇ ਗੇਮਾਂ ਨੂੰ ਡਾਉਨਲੋਡ ਕਰ ਕਰ ਕੇ ਅਸੀਂ ਬੜੀ ਛੇਤੀ ਮਸ਼ਹੂਰ ਕਰ ਦਿੰਦੇ ਹਾਂ। ਚੀਨ ਦੀ ਹੀ ਗੱਲ ਲੈ ਲਓ ਟਿਕਟਾਕ, ਯੂ ਸੀ ਵੈਬ, ਵੀ ਚੈਟ ਆਦਿ ਕਿੰਨੀਆ ਹੀ ਐਪਲੀਕੇਸ਼ਨ ਅਸੀਂ ਧੜਾਧੜ ਵਰਤ ਰਹੇ ਹਾਂ। ਕੀ ਤੁਹਾਨੂੰ ਪਤਾ ਹੈ ਇੰਨਾ ਐਪਲੀਕੇਸ਼ਨਾ ਤੋਂ ਚੀਨ ਕਰੋੜਾਂ ਨਹੀਂ ਅਰਬਾਂ ਕਮਾ ਰਿਹਾ ਹੈ। ਇਸੇ ਹੀ ਤਰ੍ਹਾਂ ਅਮਰੀਕਾ ਦੀਆਂ ਫੇਸਬੁੱਕ, ਵੱਟਸਐਪ, ਟਵੀਟਰ ਵਰਗੀਆਂ ਐਪਸ ਵੀ ਇਸੇ ਤਰ੍ਹਾਂ ਧੁਮ ਮਚਾ ਰਹੀਆਂ ਹਨ।




ਕੀ ਅਸੀਂ ਇਨ੍ਹਾਂ ਦੇਸਾਂ ਦੀ ਰੀਸ ਨਹੀਂ ਕਰ ਸਕਦੇ ? ਕੀ ਅਸੀਂ ਭਾਰਤੀਆਂ ਲਈ ਸਵਦੇਸ਼ੀ ਐਪਸ ਨਹੀਂ ਬਣਾ ਸਕਦੇ ? ਜੇਕਰ ਸਰਕਾਰਾਂ ਹੋਰ ਵਿਰੋਧੀ ਪਾਰਟੀ ਬਿਆਨਬਾਜੀ, ਧਾਰਮਿਕ, ਜਾਤੀਗਤ ਮਸਲਿਆਂ ਤੋਂ ਧਿਆਨ ਲਾਂਭੇ ਕਰ ਕੇ ਇਸ ਬਾਰੇ ਸੋਚਣ ਅਤੇ ਤਕਨੀਕੀ ਸਿੱਖਿਆ ਤੇ ਜੋਰ ਦੇਣ ਤਾਂ ਅਸੀਂ ਵੀ ਸੂਚਨਾ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਅੱਗੇ ਵਧ ਸਕਦੇ ਹਾਂ।

ਚੀਨ ਨਾਲ ਪੈਦਾ ਹੋਏ ਤਣਾਅ ਕਾਰਨ ਚੀਨੀ ਸਮਾਨ ਦਾ ਬਾਈਕਾਟ ਕਰਨ ਦੀ ਗੱਲ ਅੱਜ-ਕੱਲ੍ਹ ਚਰਚਾ ਦਾ ਮੁੱਖ ਵਿਸ਼ਾ ਬਣੀ ਹੋਈ ਹੈ। ਸਾਡੇ ਕੁਝ ਤੱਤੇ ਸੁਭਾਅ ਦੇ ਭਾਰਤੀ ਤਾਂ ਚੀਨੀ ਵਸਤੂਆਂ ਨੂੰ ਤੋੜਨ ਭੰਨਣ ਤੇ ਉਤਾਰੂ ਹੋ ਗਏ ਹਨ । ਪਰ ਇਸ ਤਰ੍ਹਾਂ ਚੀਨੀ ਸਮਾਨ ਦਾ ਬਾਈਕਾਟ ਕਰਨ ਨਾਲ ਤਾਂ ਉਨ੍ਹਾਂ ਛੋਟੇ ਦੁਕਾਨਦਾਰਾਂ ਦਾ ਨੁਕਸਾਨ ਹੋਵੇਗਾ ਜੋ ਉਸ ਸਮਾਨ ਨੂੰ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਖਰੀਦ ਚੁੱਕੇ ਹਨ। ਇਹ ਕੰਮ ਸਰਕਾਰਾਂ ਦੇ ਹਨ ਕਿ ਉਹ ਚੀਨ ਨਾਲ ਵਿਉਪਾਰਕ ਸਾਂਝ ਤੋੜਨ। ਪਰ ਜੇਕਰ ਦੇਖੀਏ ਤਾਂ ਉਹ ਕਿਹੜਾ ਸਮਾਨ ਹੈ ਜੋ ਚੀਨ ਤੋਂ ਨਹੀਂ ਆਉਂਦਾ ਬੱਚਿਆਂ ਦੇ ਖਿਡਾਉਣਿਆਂ ਤੋਂ ਲੈ ਕੇ ਵੱਡੇ ਵੱਡੇ ਔਜ਼ਾਰਾਂ ਤੱਕ ਸਾਰਾ ਸਾਮਾਨ ਚੀਨ ਵਿੱਚ ਬਣਦਾ ਹੈ ਅਤੇ ਉਸ ਦੀ ਕੀਮਤ ਵੀ ਇੰਨੀ ਘੱਟ ਹੁੰਦੀ ਹੈ ਸਾਡੇ ਦੇਸ਼ ਦੀ ਬਹੁਤੀ ਜਨਸੰਖਿਆ ਉਸ ਨੂੰ ਖਰੀਦ ਕੇ ਖੁਸ਼ ਹੈ। ਇਥੇ ਇਹ ਗੱਲ ਵੀ ਲਾਗੂ ਹੁੰਦੀ ਹੈ ਕਿ ਸਰਕਾਰ ਨੂੰ ਉਸ ਸਮਾਨ ਦੀ ਪੂਰਤੀ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ। ਕਿਉਂ ਨਾ ਉਹਨਾਂ ਵਿੱਚੋਂ ਬਹੁਤ ਸਾਰੀਆਂ ਚੀਜਾਂ ਭਾਰਤ ਵਿੱਚ ਬਣਨ ਜਿਸ ਨਾਲ ਕਾਫੀ ਹੱਦ ਤੱਕ ਬੇਰੁਜ਼ਗਾਰੀ ਦੀ ਸਮੱਸਿਆ ਵੀ ਹੱਲ ਹੋ ਸਕਦੀ ਹੈ। ਚੀਨੀ ਸਮਾਨ ਦੇ ਬਾਈਕਾਟ ਅੰਤਰਗਤ ਭਾਰਤ ਸਰਕਾਰ ਇਕੱਲਾ 59 ਚੀਨੀ ਐਪਲੀਕੇਸ਼ਨਾ ਨੂੰ ਬੰਦ ਕਰ ਕੇ ਹੀ ਚੀਨ ਨੂੰ ਸਬਕ ਸਿੱਖਾ ਕੇ ਹੀ ਸੰਤੁਸ਼ਟ ਨਾ ਹੋਵੇ ਸਗੋਂ ਚੀਨ ਤੋਂ ਸਬਕ ਲੈ ਕੇ ਇਸ ਤਰ੍ਹਾਂ ਦੀਆਂ ਐਪਲੀਕੇਸ਼ਨਾ ਭਾਰਤ ਤੋਂ ਚਲਾਵੇ ਤਾਂ ਜੋ ਚੀਨ ਦੀ ਤਰ੍ਹਾਂ ਇਨ੍ਹਾਂ ਦੀ ਕਮਾਈ ਨਾਲ ਸਾਡੇ ਦੇਸ਼ ਦੀ ਅਰਥਚਾਰਾ ਵੀ ਮਜਬੂਤ ਹੋ ਸਕੇ।

ਭਾਰਤ ਵਿੱਚ ਨਾ ਤਾਂ ਲੋਕ ਹੀ ਵੋਟ ਪਾਉਣ ਸਮੇਂ ਇਸ ਤਰ੍ਹਾਂ ਦੀ ਮੰਗ ਕਰਦੇ ਹਨ ਅਤੇ ਨਾ ਹੀ ਸਰਕਾਰਾਂ ਜਾਂ ਰਾਜਨੀਤਕ ਪਾਰਟੀਆਂ ਇਹੋ ਜਿਹੇ ਦੇਸ਼ ਨੂੰ ਤਰੱਕੀ ਦੀ ਰਾਹ ਤੇ ਲਿਜਾਣ ਵਾਲੇ ਮੁੱਦਿਆਂ ਬਾਰੇ ਜ਼ਿਆਦਾ ਦਿਲਚਸਪੀ ਦਿਖਾਉਂਦਿਆਂ ਹਨ। ਕਿਉਂਕਿ ਉਨ੍ਹਾਂ ਕੋਲ ਵੋਟਾਂ ਲੈਣ ਲਈ ਹੋਰ ਧਾਰਮਿਕ ਅਤੇ ਜਾਤੀਗਤ ਮੁੱਦੇ ਮੌਜੂਦ ਹਨ ਉਨ੍ਹਾਂ ਨੂੰ ਪਤਾ ਹੈ ਕਿ ਲੋਕ ਇਨ੍ਹਾਂ ਮੁੱਦਿਆਂ ਤੇ ਹੀ ਵੋਟ ਦੇਣਗੇ। ਸਾਡੇ ਦੇਸ਼ ਵਿੱਚ ਸਿੱਖਿਆ ਲਈ ਰੱਖੇ ਜਾਂਦੇ ਸਲਾਨਾ ਬਜਟ ਤੋਂ ਜਿਆਦਾ ਰਾਜਨੀਤਕ ਪਾਰਟੀਆਂ ਚੋਣ ਰੈਲੀਆਂ ਤੇ ਖਰਚ ਕਰ ਦਿੰਦੀਆਂ ਹਨ। ਉਸ ਰੱਖੇ ਗਏ ਬਜਟ ਵਿੱਚ ਵੀ ਅਨੇਕਾਂ ਘੁਟਾਲੇ ਸਾਹਮਣੇ ਆ ਜਾਂਦੇ ਹਨ। ਤਕਨੀਕੀ ਸਿੱਖਿਆ ਇੰਨੀ ਮਹਿੰਗੀ ਹੈ ਕਿ ਪਹਿਲਾਂ ਤਾਂ ਸਧਾਰਨ ਵਿਅਕਤੀ ਉਸ ਨੂੰ ਹਾਸਲ ਨਹੀਂ ਕਰ ਸਕਦਾ ਜੇਕਰ ਪੜ ਲਵੇ ਤਾਂ ਮਾਮੂਲੀ ਤਨਖਾਹ ਤੇ ਨੌਕਰੀ ਮਿਲਦੀ ਹੈ।

ਸੋ ਹੁਣ ਲੋੜ ਹੈ ਭਾਰਤੀ ਵੋਟਰਾਂ ਨੂੰ ਜਾਗਣ ਦੀ ਕਿ ਅੱਗੇ ਤੋਂ ਉਸ ਪਾਰਟੀ ਨੂੰ ਵੋਟ ਦੇਣ ਜੋ ਦੇਸ਼ ਨੂੰ ਸੂਚਨਾ ਤਕਨਾਲੋਜੀ ਤਰੱਕੀ , ਭਰਿਸ਼ਟਾਚਾਰ ਮੁਕਤੀ , ਸਿੱਖਿਆ ਬਜਟ ਵਿੱਚ ਵਾਧਾ ਕਰਨ ਦਾ ਵਾਅਦਾ ਕਰੇ ਨਾ ਕਿ ਮੰਦਰ,ਮਸਜਿਦ, ਹਿੰਦੂ, ਸਿੱਖ, ਮੁਸਲਮਾਨ, ਜਾਤੀ ਆਦਿ ਮੁਦਿਆਂ ਵਿੱਚ ਉਲਝਾਈ ਜਾਵੇ ਅਤੇ ਉਨ੍ਹਾਂ ਵਾਅਦਿਆਂ ਨੂੰ ਅਮਲੀ ਰੂਪ ਦਿਵਾਉਣ ਦੀ ਜਿੰਮੇਵਾਰੀ ਵੀ ਸਾਡੀ ਸਭ ਦੀ ਬਣਦੀ ਹੈ। ਚੀਨ ਨੂੰ ਸਬਕ ਸਿਖਾਉਣ ਲਈ ਕੇਵਲ ਬੇਤੁਕੀਆਂ ਗੱਲਾਂ ਕਰਨ ਨਾਲ ਕੁੱਝ ਨਹੀਂ ਹੋਣਾ । ਚੀਨ ਤੇ ਨਿਰਭਰਤਾ ਘਟਾਉਣ ਲਈ ਸਾਡੇ ਦੇਸ਼ ਨੂੰ ਆਤਮ ਨਿਰਭਰ ਬਣਨਾ ਚਾਹੀਦਾ ਹੈ। ਖਾਸ ਤੌਰ 'ਤੇ ਤਕਨੀਕੀ ਸਿੱਖਿਆ ਤੇ ਤਕਨੀਕੀ ਕਾਰੋਬਾਰਾਂ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ।

**ਚਾਨਣ ਦੀਪ ਸਿੰਘ ਔਲਖ**

9876888177

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਇ ॥

ਡਾ. ਗੁਰਵਿੰਦਰ ਕੌਰ



ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਵਾਰ ਸ੍ਰੀ ਭਗਉਤੀ ਜੀ' ਵਿਚ ਆਪਣੇ ਤੋਂ ਪਹਿਲੇ ਨੌਂ ਗੁਰੂ-ਸਰੂਪਾਂ ਦੀ ਉਸਤਤਿ ਕਰਦਿਆਂ, ਚੌਥੀ ਤੁਕ ਵਿਚ, ਅਠਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸੰਬੰਧੀ ਫੁਰਮਾਇਆ ਹੈ:

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ ॥

ਹਰ ਗੁਰਸਿੱਖ ਜਦੋਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਤਾਂ ਉਹ ਇਨ੍ਹਾਂ ਸ਼ਬਦਾਂ ਦਾ ਉਚਾਰਨ ਕਰਦਾ ਹੋਇਆ ਬਹੁਤ ਪਿਆਰ, ਸ਼ਰਧਾ ਤੇ ਸਤਿਕਾਰ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਅਕੀਦਤ ਪੇਸ਼ ਕਰਦਾ ਹੈ। ਅਰਦਾਸ ਦੇ ਇਹ ਬੋਲ ਅਜਿਹੇ ਹਨ, ਜਿਹੜੇ ਪ੍ਰੇਰਨਾ ਦਿੰਦੇ ਹਨ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਜ਼ਰੂਰ ਧਿਆਉਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੇ ਦਰਸ਼ਨ ਕੀਤਿਆਂ ਸਮੁੱਚੀ ਮਨੁੱਖਤਾ ਦੇ ਸਭ ਤਰ੍ਹਾਂ ਦੇ ਦੁੱਖਾਂ ਦੀ ਨਵਿਰਤੀ ਹੁੰਦੀ ਹੈ। ਇਸ ਤੁਕ ਤੋਂ ਦਸਮੇਸ਼ ਪਿਤਾ ਰਾਹੀਂ 'ਬਾਲਾ ਪ੍ਰੀਤਮ' ਗੁਰੂ ਦੀ ਮਾਨਤਾ, ਮਹਾਨਤਾ ਤੇ ਗੌਰਵਤਾ ਦਾ ਪਤਾ ਲੱਗਦਾ ਹੈ। ਆਪ ਜੀ ਨੇ ਇਸ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਅਜ਼ਮਤ ਦ੍ਰਿੜ੍ਹ ਕਰਾਈ ਹੈ।

ਇਤਿਹਾਸਕ ਪੱਖ ਤੋਂ ਵੇਖੀਏ ਤਾਂ ਇਕ ਪਾਸੇ ਸ੍ਰੀ ਗੁਰੂ ਹਰਿ ਰਾਇ ਜੀ ਦਾ ਹੁਕਮ ਸੀ ਕਿ ਜੇ ਕੋਈ ਰਾਮ ਰਾਇ ਦੇ ਮੱਥੇ ਲੱਗੇਗਾ ਉਹ ਸਿੱਖ ਨਹੀਂ ਤੇ ਦੂਜੇ ਪਾਸੇ ਜੋ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਕਰੇਗਾ, ਉਸ ਦੇ ਦੁੱਖ ਦੂਰ ਹੋ ਜਾਣਗੇ। ਰਾਮ ਰਾਇ ਖ਼ੁਸ਼ਾਮਦ ਕਰ ਨੀਂਵਾਂ ਹੋ ਗਿਆ ਹੈ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ ਗੀਤ ਗੁਣ ਗਾ ਕੇ ਉੱਚੇ ਤੇ ਅਪਹੁੰਚ ਹਨ। ਬਾਕੀ ਗੁਰੂ ਸਾਹਿਬਾਨ ਨਾਲੋਂ ਵੱਖਰੀ ਸਿਫਤ ਦਾ ਕਾਰਨ ਰਾਮਰਾਇ ਦੁਆਰਾ ਦਿੱਲੀ ਜਾ ਕੇ ਔਰੰਗਜ਼ੇਬ ਦੇ ਸਾਹਮਣੇ ਤੁਕ 'ਮਿਟੀ ਮੁਸਲਮਾਨ ਕੀ' ਨੂੰ ਬਦਲ ਕੇ 'ਮਿਟੀ ਬੇਈਮਾਨ ਕੀ' ਕਰਨ ਦਾ ਵੱਡਾ ਅਪਰਾਧ ਕਰਨ ਦਾ ਪਤਾ ਲੱਗਣ ਤੇ ਪਿਤਾ ਗੁਰੂ ਸ੍ਰੀ ਹਰਿ ਰਾਇ ਜੀ ਨੇ ਬਚਨ ਕੀਤਾ ਕਿ ਉਸ ਨੇ ਬਾਣੀ ਦਾ ਸਤਿਕਾਰ ਨਹੀਂ ਕੀਤਾ, ਇਸ ਲਈ ਉਹ ਹੁਣ ਸਾਡੇ ਮੱਥੇ ਨਾ ਲੱਗੇ।੧ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਸੱਦ ਘੱਲਿਆ, ਤਾਂ ਉਨ੍ਹਾਂ ਨੇ ਆਪਣੀ ਥਾਂ ਵੱਡੇ ਪੁੱਤਰ ਸ੍ਰੀ ਰਾਮ ਰਾਇ ਨੂੰ ਭੇਜਿਆ। ਉਹ ਦੁਨੀਆਂਦਾਰ ਤਬੀਅਤ ਵਾਲਾ, ਨੀਤੀ ਨਿਪੁੰਨ, ਹੁਸ਼ਿਆਰ ਤੇ ਸਿੱਖ ਸੰਗਤਾਂ ਅਤੇ ਮਸੰਦਾਂ ਵਿਚ ਚੰਗੇ ਅਸਰਰਸੁਖ ਵਾਲਾ ਸੀ। ਗੁਰੂ-ਪਿਤਾ ਨੇ ਪੁੱਤਰ ਨੂੰ ਸਮਝਾਇਆ ਕਿ ਦਿੱਲੀ ਜਾ ਕੇ ਔਰੰਗਜ਼ੇਬ ਜੋ ਪੁੱਛੇ ਨਿਡਰ ਹੋ ਕੇ ਸੱਚੀ ਗੱਲ ਕਹਿਣੀ ਤੇ ਕਰਾਮਾਤ ਨਹੀਂ ਵਿਖਾਉਣੀ।'ਮਹਿਮਾ

ਸੁਨੋ ਪੁੱਤਰ ਮੈਂ ਬਚਨ ਜੋ ਕਹੌਂ। ਤਮਰੇ ਸੰਗ ਸਦਾ ਮੈਂ ਰਹੌਂ।
ਦਿੱਲੀ ਪਤ ਸੋ ਜਾਇ ਤੁਮ ਮਿਲੋ। ਕੁਛ ਸ਼ੰਕ ਭੈ ਨਾਹੀ ਮਨ ਮੈ ਗਿਲੋ।
ਤੁਮਾਰਾ ਬਚਨ ਸਫਲ ਸਭ ਹੋਏ। ਤੁਮ ਸਮਾਨ ਬਲੀ ਨਹੀਂ ਕੋਏ।
ਜੋ ਪੂਛੈ ਸੋ ਸਤ ਕਹਿ ਦੀਜੇ। ਕਛੁ ਕਰਾਮਾਤ ਪ੍ਰਗਟ ਨਹੀਂ ਕੀਜੇ।
(ਸਾਖੀ ੧੮)੨

ਪਰ ਸ੍ਰੀ ਰਾਮ ਰਾਇ ਨੇ ਦਿੱਲੀ ਜਾ ਕੇ, ਪਿਤਾ ਗੁਰੂ ਦੇ ਬਚਨ ਭੁੱਲ ਕੇ, ਔਰੰਗਜ਼ੇਬ ਦੇ ਕਹਿਣ 'ਤੇ ੫੨ ਤੋਂ ਵੱਧ ਕਰਾਮਾਤਾਂ ਵਿਖਾਈਆਂ ਅਤੇ ਬਾਦਸ਼ਾਹ ਦੀ ਖ਼ੁਸ਼ਾਮਦ ਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਦੀ ਤੁਕ ਵੀ ਬਦਲ ਦਿੱਤੀ। ਇਸ ਕਾਰਨ ਗੁਰਦੇਵ-ਪਿਤਾ ਨੇ ਉਸ ਨੂੰ ਸਦਾ ਲਈ ਤਿਆਗ ਦਿੱਤਾ। ਸ੍ਰੀ ਰਾਮ ਰਾਇ ਦੇ ਮੁਕਾਬਲੇ 'ਤੇ ਸ੍ਰੀ ਹਰਿਕ੍ਰਿਸ਼ਨ ਜੀ ਨੇ ਬਚਪਨ ਵਿਚ ਹੀ ਆਪਣੀ 'ਅਕਾਲੀ' ਬੋਲਬਿਰਤੀ ਦਾ ਜੋ ਪ੍ਰਗਟਾਵਾ ਕੀਤਾ, ਆਪਣੇ ਆਪ ਨੂੰ ਹਉਂ ਤੋਂ ਮੁਕਤ, ਨਿਰਭਉ ਤੇ ਨਿਰਵੈਰ ਸਾਬਤ ਕੀਤਾ, ਗੁਰੂ-ਦਰਬਾਰ ਨੂੰ 'ਆਪਾ' ਸਮਰਪਣ ਕਰਕੇ, ਸਮਾਜਿਕ ਤੇ ਰਾਜਸੀ ਸਥਿਤੀ ਵਿਚ ਵੀ ਆਪਣੇ ਆਪ ਨੂੰ 'ਬਲਬੀਰਾ' ਸਿਰਜਣ ਦਾ ਜੋ ਪ੍ਰਭਾਵ ਦਿੱਤਾ, ਉਸ ਦਾ ਹੀ ਵੱਡਾ ਫਲ ਇਹ ਮੂਰਤੀਮਾਨ ਹੋਇਆ ਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਵੱਡੇ ਪੁੱਤਰ ਰਾਮ ਰਾਇ ਨੂੰ ਗੁਰਿਆਈ ਤੋਂ ਵੰਚਿਤ ਕਰ ਦਿੱਤਾ ਤੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਯੋਗ ਸਮਝ ਕੇ (ਸਵਾ) ਪੰਜ ਸਾਲ ਦੀ ਉਮਰ ਵਿਚ ਹੀ ਗੁਰੂ ਸਿੰਘਾਸਨ ਉਤੇ ਬਿਠਾ ਦਿੱਤਾ।੩ ਅਜਿਹੇ ਮਹਾਨ ਗੁਰੂ ਜੀ ਦੇ ਜੀਵਨ ਤੇ ਸ਼ਖ਼ਸੀਅਤ ਬਾਰੇ ਵਿਚਾਰਦੇ ਹਾਂ।

**ਜੀਵਨ:** ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਪਾਵਨ ਕੁੱਖ ਤੋਂ 7 ਜੁਲਾਈ, ਸੰਨ 1646 (੮ ਸਾਵਣ ਬਿਕ੍ਰਮੀ ੧੭੧੩) ੪ ਨੂੰ ਕੀਰਤਪੁਰ ਸਾਹਿਬ ਦੇ ਪਵਿੱਤਰ ਸਥਾਨ 'ਤੇ ਹੋਇਆ। ਆਪ ਜੀ ਦੇ ਦਾਦਾ ਬਾਬਾ ਗੁਰਦਿੱਤਾ ਜੀ ਤੇ ਪੜਦਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਸਨ। ਸ੍ਰੀ ਰਾਮ ਰਾਇ ਵੱਡਾ ਭਰਾ ਸੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਧੁਰ-ਦਰਗਾਹੋਂ ਦੈਵੀ ਗੁਣਾਂ ਵਾਲੀ ਆਤਮਿਕ ਉੱਚਤਾ ਪ੍ਰਾਪਤ ਹੋਈ ਸੀ ਅਤੇ ਜਨਮ ਤੋਂ ਹੀ ਗੁਰਮਤਿ ਦੀ ਸਿੱਖਿਆ-ਦੀਖਿਆ ਮਿਲਣ ਲੱਗ ਪਈ ਸੀ। ਆਪ ਨੇ ਛੋਟੀ ਉਮਰ ਵਿਚ ਹੀ ਪਿਤਾ ਜੀ ਦੀ ਸੰਗਤ ਵਿਚ ਰਹਿ ਕੇ ਸਭ ਤਰ੍ਹਾਂ ਦੀ ਉਚੇਰੀ ਵਿੱਦਿਆ, ਗੁਰਬਾਣੀ ਤੇ ਗੁਰਮਤਿ ਸਿਧਾਂਤਾਂ ਦੀ ਸੂਝ ਅਤੇ ਦੂਜੇ ਧਰਮਾਂ ਦਾ ਗਿਆਨ ਗ੍ਰਹਿਣ ਕਰ ਲਿਆ ਸੀ। ਆਪ ਅੰਤਰ-ਬੋਧ ਦੇ ਧਾਰਨੀ ਅਤੇ ਬ੍ਰਹਮ-ਗਿਆਨ ਨਾਲ ਓਤ-ਪੋਤ ਸਨ। ਵੇਖਣ-ਸੁਣਨ ਵਾਲੇ ਮਹਾਨ ਵਿਦਵਾਨ ਵੀ ਬਾਲਕ ਦੀ ਦੈਵੀ ਉੱਚਤਾ ਤੇ ਅਲੌਕਿਕ ਸੂਝ-ਬੂਝ ਤੋਂ ਹੈਰਾਨ ਹੋ ਜਾਂਦੇ ਸਨ। ਬਾਲਕ ਸ੍ਰੀ ਹਰਿਕ੍ਰਿਸ਼ਨ ਜੀ ਦਾ ਹਿਰਦਾ ਬਹੁਤ ਕੋਮਲ ਸੀ, ਉਨ੍ਹਾਂ ਵਿਚ ਪਰਉਪਕਾਰ ਦੀ ਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਸ੍ਰੀ ਗੁਰੂ ਹਰਿ ਰਾਇ ਜੀ ਨੂੰ ਆਪਣੇ ਛੋਟੇ ਪੁੱਤਰ ਵਿਚ ਗੁਰੂ-ਜੋਤਿ ਦੇ ਅੰਸ਼; ਜੋ ਉਨ੍ਹਾਂ ਨੇ ਪਿਤਾ, ਦਾਦਾ ਤੇ ਪੜਦਾਦਾ ਜੀ ਕੋਲੋਂ ਵਿਰਸੇ ਵਿਚ ਪ੍ਰਾਪਤ ਕੀਤੇ ਸਨ; ਦਿਖਾਈ ਦੇ ਰਹੇ ਸਨ।

**ਗੁਰਿਆਈ ਦੀ ਪ੍ਰਾਪਤੀ:** ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆਇਆ ਜਾਣ ਕੇ ਆਪਣੇ ਛੋਟੇ ਪੁੱਤਰ ਨੂੰ ਹਰ ਤਰ੍ਹਾਂ ਨਾਲ ਯੋਗ ਸਮਝਿਆ ਅਤੇ ਗੁਰਬਾਣੀ ਦੇ ਮਹਾਂਵਾਕ- 'ਤਖਤਿ ਬਹੈ ਤਖਤੈ ਕੀ ਲਾਇਕ' ਅਨੁਸਾਰ, 6 ਅਕਤੂਬਰ, 1661 ਈ. (੬ ਕਤਕ ੧੭੧੮ ਬਿਕ੍ਰਮੀ) ਨੂੰ ਸਾਰੀ ਸੰਗਤ ਦੇ ਸਨਮੁਖ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਸੌਂਪ ਦਿੱਤੀ। ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਤੇ ਜੁਗਤਿ ਦਾ ਗੁਰੂ-ਵਾਰਿਸ ਸਥਾਪਤ ਕਰਦਿਆਂ ਇਹ ਵਰਦਾਨ ਵੀ ਦਿੱਤਾ ਕਿ ਜਿਹੜਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਦੇ ਦਰਸ਼ਨ ਕਰੇਗਾ, ਉਸ ਦੇ ਦੁੱਖ-ਦਲਿੱਦਰ ਤੇ ਰੋਗ-ਸੰਤਾਪ ਸਹਿਜੇ ਹੀ ਮਿਟ ਜਾਣਗੇ; ਸੁਖਸਹਿਜ ਤੇ ਅਨੰਦ ਉਸ ਦਾ ਧਨ ਬਣ ਜਾਵੇਗਾ। ਆਪ ਦਾ ਦਰਸ਼ਨ-ਦੀਦਾਰ ਨਿਸ਼ਚੇ ਹੀ 'ਸਭਿ ਦੁਖਿ ਜਾਇ' ਦਾ ਪ੍ਰਤੱਖ ਪ੍ਰਮਾਣ ਹੈ। 5. ਇਸ ਤਰ੍ਹਾਂ ਸਵਾ ਪੰਜ ਸਾਲ ਦੀ ਉਮਰ ਵਿਚ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਮਰੱਥ ਤੇ ਯੋਗ 'ਗੁਰੂ' ਦੇ ਰੂਪ ਵਿਚ ਪ੍ਰਗਟ ਹੋਏ ਅਤੇ ਸਿੱਖਾਂ ਦੇ ਅਠਵੇਂ ਗੁਰੂ-ਜੋਤੀ ਦੇ ਵਾਰਸ ਹੋਏ ਹਨ। ਆਪ ਸਭ ਤੋਂ ਛੋਟੀ ਉਮਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਰੱਬੀ ਖਜ਼ਾਨੇ ਦੇ ਮਾਲਕ ਬਣੇ।

ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਨੰਤ ਜੋਤਿ ਹੀ ਗੁਰੂ ਰੂਪ ਹੋ ਕੇ ਗੁਰੂ ਸਾਹਿਬਾਨ ਵਿਚ ਵਿਚਰਦੀ ਹੋਈ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਵਿਚ ਪ੍ਰਵੇਸ਼ ਕਰ ਗਈ। ਇਸ ਲਈ ਉਨ੍ਹਾਂ ਦੀ ਜੀਵਨ-ਜੋਤਿ ਤੇ ਜੁਗਤਿ ਪੂਰਬਲੇ ਗੁਰੂ ਸਾਹਿਬਾਨ ਵਾਲੀ ਹੀ ਸੀ। ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਅਨੁਸਾਰ ਜਦੋਂ ਇਹ ਅਨੰਤ ਜੋਤਿ ਇਕ ਗੁਰੂ ਤੋਂ ਦੂਸਰੇ ਵਿਚ ਪ੍ਰਵੇਸ਼ ਕਰਦੀ ਹੈ, ਉਸ ਵਿਚ ਮੁਕੰਮਲ ਰੂਪ ਵਿਚ ਹਲੂਲ ਹੋ ਜਾਂਦੀ ਹੈ ਤਾਂ ਕੇਵਲ ਕਾਇਆਂ ਹੀ ਪਲਟਦੀ ਹੈ। ਇਸ ਦੀ ਜੁਗਤ ਤੇ ਵਰਤਾਰਾ ਉਹ ਹੀ ਰਹਿੰਦਾ ਹੈ, ਜੋ ਅਨੰਤ ਦਾ ਹੋ ਸਕਦਾ ਹੈ- ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੀ (ਯਾਦ ਰਹੇ ਕਿ ਗੁਰਬਾਣੀ ਵਿਚ ਨਾਨਕ ਸ਼ਬਦ, ਗੁਰਸਰੂਪ ਲਈ ਨਹੀਂ, ਸਗੋਂ ਸ਼ਬਦ ਜੋਤਿ ਦੇ ਪ੍ਰਤੀਕਾਤਮਿਕ ਰੂਪ ਵਿਚ ਵਰਤਿਆ ਗਿਆ ਹੈ) ਇਸ ਤਰ੍ਹਾਂ ਇਹ ਜੋਤਿ ਨਵੇਂ ਹੋਣ ਵਾਲੇ ਗੁਰੂ, ਜਿਸ ਵਿਚ ਇਹ ਹਲੂਲ ਕਰ ਗਈ ਹੋਵੇ, ਉਸ ਦੀ ਉਮਰ ਦੇ ਲਿਹਾਜ਼ ਤੋਂ ਉਪਰ ਰਹਿੰਦੀ ਹੈ। ਜੋਤਿ ਤਾਂ ਸਦੀਵੀ ਹੈ, ਇਸ ਦੀ ਕੋਈ ਉਮਰ ਨਹੀਂ ਹੁੰਦੀ। ਗੁਰੂ-ਸਰੂਪ ਦੇ ਸਰੀਰ ਦੇ ਬਚਪਨ ਜਾਂ ਬੁਢਾਪੇ ਦਾ ਇਸ ਉਤੇ ਕੋਈ ਅਸਰ ਨਹੀਂ ਹੁੰਦਾ। ਜੇਕਰ ਇਹ ਜੋਤਿ ੭੦-੭੨ ਸਾਲ ਦੀ ਉਮਰ ਦੇ ਵਿਚ ਸ੍ਰੀ ਗੁਰੂ ਅਮਰਦਾਸ ਜੀ ਅੰਦਰ ਪ੍ਰਵੇਸ਼ ਕਰਦੀ ਹੈ ਤਾਂ ਉਹ ਗਿਆਨਵਾਨ, ਸਮਾਜ ਸੁਧਾਰਕ ਤੇ ਅਜਿਹੀਆਂ ਸ਼ਕਤੀਆਂ ਦੇ ਮਾਲਕ ਹੋ ਨਿਬੜਦੇ ਹਨ, ਜਿਨ੍ਹਾਂ ਦਾ ਬਿਆਨ ਕਥਨ ਤੋਂ ਬਾਹਰ ਹੈ (ਗੁਰ ਅਮਰਦਾਸ ਕੀ ਅਕਥ ਕਥਾ ਹੈ, ਪੰਨਾ ੧੪੦੬) ਅਤੇ ਇਸੇ ਤਰ੍ਹਾਂ ਇਹ ਜੋਤਿ ਸਵਾ ਪੰਜ ਸਾਲ ਦੀ ਬਾਲ ਉਮਰ ਵਿਚ ਪ੍ਰਵੇਸ਼ ਕਰ ਜਾਂਦੀ ਹੈ ਤਾਂ ਉਹ ਹੱਦ ਦਰਜੇ ਦਾ ਸੂਝਵਾਨ, ਗਿਆਨ ਦਾ ਦਾਤਾ, ਦੁਖ ਨਿਵਾਰਨ ਤੇ ਨਿਰਭਉ ਬਲਬੀਰ ਹੋ ਨਿਬੜਦਾ ਹੈ। ਉਸ ਵਿਚ ਉਸੇ ਤਰ੍ਹਾਂ ਦੀ ਪ੍ਰੋੜ੍ਹਤਾ, ਦੂਰ-ਅੰਦੇਸ਼ੀ, ਦਿੱਬ-ਦ੍ਰਿਸ਼ਟੀ ਤੇ ਗਿਆਨ ਪ੍ਰਕਾਸ਼ ਕਰਨ ਦੀ ਸਮਰੱਥਾ ਹੋਵੇਗੀ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸੀ ਤੇ ਇਹ ਬਾਲਕ ਵੀ ਉਸੇ ਤਰ੍ਹਾਂ ਦਾ ਨਿਰਭਉ ਤੇ ਨਿਧੜਕ ਹੋਵੇਗਾ, ਜਿਸ ਤਰ੍ਹਾਂ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਿਹਾ ਸੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਔਰੰਗਜ਼ੇਬ ਵਰਗੇ ਸ਼ਕਤੀਵਾਨ, ਸ਼ਹਿਨਸ਼ਾਹ-ਏ-ਹਿੰਦ ਨੂੰ ਮੂੰਹ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ।੬

**ਸਿੱਖ ਧਰਮ ਦੇ ਵਿਕਾਸ ਵਿਚ ਯੋਗਦਾਨ:** ਜਿਸ ਸਿਆਣਪ, ਦੂਰ-ਦਰਸ਼ਤਾ, ਨਿਪੁੰਨਤਾ, ਦ੍ਰਿੜ੍ਹਤਾ, ਲਗਨ ਤੇ ਜ਼ਿੰਮੇਵਾਰੀ ਨਾਲ ਆਪ ਜੀ ਨੇ ਸਿੱਖੀ ਦੀ ਸੇਵਾ ਤੇ ਅਗਵਾਈ ਕੀਤੀ, ਉਸ ਦਾ ਖਿਆਲ ਕਰ ਕੇ ਸਧਾਰਨ ਪ੍ਰਾਣੀ ਦੀ ਬੁੱਧੀ ਚੱਕ੍ਰਿਤ ਹੋ ਜਾਂਦੀ ਹੈ।... ਛੋਟੀ ਉਮਰ ਵਿਚ ਆਪ ਉਨ੍ਹਾਂ ਸਰਬ ਸਮਰੱਥਾਵਾਂ ਦੇ ਸੁਆਮੀ ਸਨ ਜੋ ਅਕਾਲ ਪੁਰਖ ਦੇ ਜੋਤ ਸਰੂਪ ਆਪ ਤੋਂ ਪਹਿਲੇ ਸੱਤ ਗੁਰੂ ਸਾਹਿਬਾਨ ਵਿਚ ਵਿਦਮਾਨ ਸਨ। ਇਸ ਬਾਰੇ ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

ਜੇਤਕ ਥੀ ਗੁਰੁ ਘਰ ਕੀ ਰੀਤੀ। ਅਸ਼ਟਮ ਗੁਰੁ ਸਬ ਗਹੀ ਬਿਨੀਤੀ।
ਜਦ ਯਪਿ ਹੁਤੇ ਬਾਲ ਬਯ ਸੋਈ। ਤਦ ?ਯਪਿ ਬੁਧਿ ਬ੍ਰਿਧਨ ਸਮ ਹੋਈ।
ਸਭ ਬਿਵਹਾਰ ਔਰ ਪਰਮਾਰਥ। ਪੂਰਨ ਕਰੇ ਸਿਖਨ ਕੇ ਸੁਾਰਥ।
ਅਜ਼ਮਤ ਔਰ ਅਰੂਜ ਅਪਾਰਾ। ਅਸ਼ਟਮ ਗੁਰ ਬਹੁ ਬਿਧ ਬਿਸਤਾਰਾ।
੭

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੁਆਰਾ ਛੋਟੀ ਉਮਰ ਵਿਚ ਸੁਯੋਗ ਢੰਗ ਨਾਲ ਸਿੱਖਾਂ ਦੀ ਅਧਿਆਤਮਿਕ ਰਹਿਨੁਮਾਈ ਕਰਨੀ, ਆਪ ਜੀ ਦੀ ਰੂਹਾਨੀ ਕਲਾ ਦਾ ਇਕ ਮਹਾਨ ਕ੍ਰਿਸ਼ਮਾ ਹੈ। ਆਪ ਨੇ ਦੂਰ-ਦੁਰਾਡੇ ਰਹਿਣ ਵਾਲੀਆਂ ਸਿੱਖ ਸੰਗਤਾਂ ਦੀ ਚੰਗੀ ਅਗਵਾਈ ਕੀਤੀ। ਦੂਰ ਪ੍ਰਦੇਸਾਂ ਵਿਚ ਧਰਮ ਪ੍ਰਚਾਰਕ ਨਿਯੁਕਤ ਕੀਤੇ ਅਤੇ ਆਪ ਵੀ ਸੱਚ ਦੇ ਢੂੰਢਾਊਆਂ ਨੂੰ ਉਪਦੇਸ਼ ਦਿੱਤੇ। ਪ੍ਰਸਿੱਧ ਇਤਿਹਾਸਕਾਰ ਡੰਕਨ ਗ੍ਰੀਨਲੀਜ਼ ਦੇ ਸ਼ਬਦਾਂ ਵਿਚ: ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਜੋ ਅੰਮ੍ਰਿਤ ਰੂਪ ਆਤਮ ਉਨ੍ਹਾਂ ਨੂੰ ਮੁਨਵਰ ਕਰੀ ਜਾਂਦਾ ਸੀ। ਗੁਰੂ ਜੀ ਦੇ ਅਤੀ ਕੋਮਲ ਬਾਲਾ ਸਰੀਰ ਤੋਂ ਰੂਹਾਨੀ ਆਭਾ ਪੂਰੇ ਜੋਬਨ ਵਿਚ ਚਮਕਾਰੇ ਮਾਰਦੀ ਸੀ।। ੯ ॥

ਬੇਸ਼ੱਕ ਆਪ ਬਾਲ ਅਵਸਥਾ ਵਿਚ ਸਨ ਪਰ ਯੋਗਤਾ ਤੇ ਕਰਨੀ ਕਰਕੇ ਸੰਪੂਰਨ ਸਨ। ਫ਼ਾਰਸੀ ਦੀ ਇਹ ਅਖਾਉਤ ਅਠਵੇਂ ਪਾਤਸ਼ਾਹ 'ਤੇ ਠੀਕ ਢੁਕਦੀ ਹੈ-'ਬਜ਼ੁਰਗੀ ਬ-ਅਕਲ ਨ ਬਸਾਲ' ਭਾਵ ਵਡਿਆਈ ਨਿਰਮਲ ਬੁੱਧੀ ਤੇ ਗੁਣਾਂ ਉੱਤੇ ਨਿਰਭਰ ਹੈ ਨਾ ਕਿ ਵੱਡੀ ਉਮਰ ਉੱਤੇ। ਆਪ ਜੀ ਨੇ ਗੁਰੂ-ਘਰ ਦੀ ਸਾਰੀ ਮਰਿਯਾਦਾ ਗੁਰਮਤਿ ਅਨੁਸਾਰ ਨਿਭਾਈ ਤੇ ਸਿੱਖਾਂ ਨੂੰ ਸੁਯੋਗ ਰਹਿਨੁਮਾਈ ਦਿੱਤੀ। ਆਪ ਦੇ ਮਿਕਨਾਤੀਸੀ ਸ਼ਬਦਾਂ ਦੇ ਪ੍ਰਭਾਵ ਤੇ ਪ੍ਰਚਾਰ ਸਦਕਾ ਸਿੱਖੀ ਨੇ ਦੇਸ਼-ਪਰਦੇਸ ਵਿਚ ਮਕਬੂਲਤਾ ਹਾਸਲ ਕੀਤੀ। ਭਾਈ ਜੈਤਾ ਜੀ ਤੇ ਭਾਈ ਲੱਖੀ ਸ਼ਾਹ ਜੀ ਵਰਗੇ ਅਨੇਕਾਂ ਆਪਾ-ਵਾਰਨ ਵਾਲੇ ਸ਼ਰਧਾਲੂ ਸਿੱਖ ਸਜ ਗਏ। ਬਹੁਤ ਥੋੜ੍ਹੇ ਸਮੇਂ ਵਿਚ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ।

**ਸ੍ਰੀ ਰਾਮ ਰਾਇ ਵੱਲੋਂ ਵਿਰੋਧਤਾ:** ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਵਧ ਰਹੀ ਵਡਿਆਈ ਨੂੰ ਵੇਖ ਕੇ ਰਾਮ ਰਾਇ ਈਰਖਾ ਦੀ ਅੱਗ ਵਿਚ ਸੜਨ ਲੱਗਾ ਤੇ ਉਸ ਨੇ ਛੋਟੇ ਭਰਾ ਦੀ ਵਿਰੋਧਤਾ ਕਰਨੀ ਸ਼ੁਰੂ ਕਰ ਦਿੱਤੀ। ਦਿੱਲੀ ਦਰਬਾਰ ਵਿਚ ਜਾ ਕੇ ਔਰੰਗਜ਼ੇਬ ਅੱਗੇ ਫਰਿਆਦ ਕੀਤੀ ਕਿ 'ਵੱਡਾ ਹੋਣ ਕਾਰਨ ਗੁਰਤਾਗੱਦੀ 'ਤੇ ਮੇਰਾ ਹੱਕ ਹੈ। ਮੇਰੇ ਨਾਲ ਪਿਤਾ ਨੇ ਧੱਕਾ ਕੀਤਾ ਹੈ। ਬਾਦਸ਼ਾਹ ਆਲਮਗੀਰ, ਮੈਂ ਆਪ ਜੀ ਦਾ ਵਫ਼ਾਦਾਰ ਹਾਂ ਤੇ ਅੱਗੇ ਤੋਂ ਵੀ ਤੁਸਾਂ ਦਾ ਰਿਣੀ ਰਹਾਂਗਾ। ਗੁਰਤਾ ਦਾ ਹੱਕ ਮੇਰਾ ਹੈ।' ਔਰੰਗਜ਼ੇਬ ਬੜਾ ਚਲਾਕ ਸੀ। ਉਸ ਨੇ ਸੋਚਿਆ ਜੇ ਮੇਰੇ ਵਫ਼ਾਦਾਰ ਨੂੰ ਗੁਰਤਾਗੱਦੀ ਮਿਲ ਜਾਵੇਗੀ, ਮੈਂ ਸਾਰੀ ਲੋਕਾਈ ਦਾ ਧਰਮ-ਪਰਿਵਰਤਨ ਬੜੀ ਅਸਾਨੀ ਨਾਲ ਕਰ ਸਕਦਾ ਹਾਂ। ਸ਼ਾਹੀ ਹੁਕਮ ਭੇਜ ਦਿੱਤਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਆਉਣ ਤੇ ਬਾਦਸ਼ਾਹ ਨਾਲ ਵਿਚਾਰ-ਵਟਾਂਦਰਾ ਕਰਨ। ਜਦੋਂ ਸ੍ਰੀ ਰਾਮ ਰਾਇ ਦੀ ਸ਼ਿਕਾਇਤ ਸੁਣ ਕੇ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਦਰਬਾਰ ਵਿਚ ਹਾਜ਼ਰ ਹੋਣ ਲਈ ਸ਼ਾਹੀ ਕਾਸਦ ਨੂੰ ਚਿੱਠੀ ਦੇ ਕੇ ਕੀਰਤਪੁਰ ਸਾਹਿਬ ਭੇਜਿਆ ਤਾਂ ਆਪ ਜੀ ਨੇ ਗੁਰੂਪਿਤਾ ਦੇ ਅੰਤਮ ਸੰਦੇਸ਼ 'ਨਹਿ ਮਲੇਛ ਕੋ ਦਰਸ਼ਨ ਦੇ ਹੈਂ' ਨੂੰ ਸਮਰਪਿਤ ਹੋ ਕੇ ਔਰੰਗਜ਼ੇਬ ਨੂੰ ਦਿੱਲੀ ਜਾ ਕੇ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ। ੧੦ 'ਸੂਰਜ ਪ੍ਰਕਾਸ਼' ਦੇ ਕਰਤਾ ਨੇ ਇਸ ਘਟਨਾ ਨੂੰ ਇਉਂ ਬਿਆਨ ਕੀਤਾ ਹੈ:

ਸੁਨ ਕੇ ਸ੍ਰੀ ਹਰਿ ਕ੍ਰਿਸਨ ਸੁਜਾਨਾ। ਸਭਨ ਸੁਨਾਵਤ ਬਾਕ ਬਖਾਨਾ।
ਨਹਿ ਮਲੇਛ ਕੋ ਦਰਸ਼ਨ ਦੇ ਹੈ। ਹੋਇ ਸਮੀਪ ਤਿਸ ਕੋ ਨਹਿ ਲੈ ਹੈ।
ਇਹੀ ਨੇਮ ਪਿਤ ਕੀਨ ਹਮਾਰੇ। ਤਿਸ ਪ੍ਰਕਾਰ ਹਮ ਭੀ ਉਰ ਧਾਰੇ।

ਪਰ ਜਦੋਂ ਰਾਜਾ ਜੈ ਸਿੰਘ ਨੇ ਦਿੱਲੀ ਦੀਆਂ ਸੰਗਤਾਂ ਵੱਲੋਂ ਦਿੱਲੀ ਚਰਨ ਪਾਉਣ ਲਈ ਬੇਨਤੀ ਕੀਤੀ ਤਾਂ ਆਪ ਨੇ ਸੰਗਤਾਂ ਦੀ ਅਰਜ਼ੋਈ ਨੂੰ ਪਰਵਾਨ ਕਰਦਿਆਂ ਦਿੱਲੀ ਪਏ।

**ਹੰਕਾਰੀ ਪੰਡਿਤ ਦਾ ਹੰਕਾਰ ਤੋੜਨਾ:** ਦਿੱਲੀ ਵੱਲ ਜਾਂਦੇ ਰਾਹ ਵਿਚ ਪੰਜੋਖਰੇ ਦੇ ਸਥਾਨ 'ਤੇ ਪੜਾਅ ਦੌਰਾਨ ਹੰਕਾਰੀ ਪੰਡਿਤ ਲਾਲ ਚੰਦ ਗੁਰੂ-ਪਾਤਸ਼ਾਹ ਕੋਲ ਆਇਆ ਤੇ ਕਹਿਣ ਲੱਗਾ ਕਿ 'ਨਾਮ ਤਾਂ ਹਰਿਕ੍ਰਿਸ਼ਨ ਰੱਖਿਆ ਹੈ ਪਰ 'ਗੀਤਾ-ਗਿਆਨ' ਦਾ ਤਾਂ ਤੁਹਾਨੂੰ ਕੋਈ ਅਨੁਭਵ ਨਹੀਂ। ਸ਼੍ਰੀ ਕ੍ਰਿਸ਼ਨ ਜੀ ਨੇ ਤਾਂ ਗੀਤਾ ਰਚੀ ਸੀ, ਤੁਸੀਂ ਗੀਤਾ ਦੇ ਅਰਥ ਕਰ ਕੇ ਦੱਸੋ।' ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਇਕ ਛੱਜੂ ਨਾਮੀ ਸਾਧਾਰਨ ਸਿੱਖ ਤੋਂ ਪੰਡਤ ਜੀ ਨੂੰ ਗੀਤਾ ਦੇ ਅਰਥ ਕਰ ਕੇ ਸਮਝਾਉਣ ਲਈ ਕਿਹਾ।' ਉਸ ਨੇ ਸਹਿਜੇ ਹੀ ਬਿਬੇਕ ਬੁੱਧੀ ਸਹਿਤ ਗੀਤਾ ਦੇ ਅਰਥ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਪੰਡਿਤ ਲਾਲ ਚੰਦ ਚਰਨੀਂ ਢਹਿ ਪਿਆ ਤੇ ਮਾਫੀ ਮੰਗੀ। ਇਉਂ ਅਠਵੇਂ ਗੁਰਦੇਵ ਨੇ ਲਾਲ ਚੰਦ ਪੰਡਿਤ ਦਾ ਹੰਕਾਰ ਤੋੜਿਆ। ਪੰਜੋਖਰੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਦਿੱਲੀ ਵੱਲ ਚੱਲ ਪਏ।

**ਦਿੱਲੀ ਵਿਚ ਸਿੱਖ ਧਰਮ ਦਾ ਪ੍ਰਚਾਰ ਤੇ ਵਿਸਥਾਰ:** ਦਿੱਲੀ ਪਹੁੰਚਣ 'ਤੇ ਰਾਜਾ ਜੈ ਚੰਦ ਤੇ ਸਿੱਖ ਸੰਗਤਾਂ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਭਾਰੀ ਸਵਾਗਤ ਕੀਤਾ। ਰਾਜਾ ਜੈ ਸਿੰਘ, ਜੋ ਗੁਰੂ-ਘਰ ਦਾ ਪੱਕਾ ਸ਼ਰਧਾਲੂ ਸੀ, ਨੇ ਆਪ ਦਾ ਉਤਾਰਾ ਆਪਣੇ ਬੰਗਲੇ ਵਿਚ ਕਰਵਾਇਆ। ਉਹ ਨਿੱਜੀ ਤੌਰ 'ਤੇ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਰਿਹਾ। ਇਕ ਦਿਨ ਰਾਜਾ ਜੈ ਚੰਦ ਦੀ ਰਾਣੀ ਨੇ ਸਤਿਗੁਰਾਂ ਦੇ ਦੀਦਾਰ ਦੀ ਤਾਂਘ ਪ੍ਰਗਟ ਕੀਤੀ ਤਾਂ ਰਾਜੇ ਨੇ ਗੁਰੂ ਜੀ ਨੂੰ ਮਹਿਲ ਵਿਚ ਬੁਲਾ ਲਿਆ। ਰਾਣੀ ਨੇ ਗੁਰੂ ਜੀ ਦੀ ਦਿੱਬਦ੍ਰਿਸ਼ਟੀ ਨੂੰ ਪਰਖਣ ਲਈ ਆਪ ਗੋਲੀਆਂ ਵਾਲੇ ਕੱਪੜੇ ਪਾ ਲਏ ਤੇ ਉਨ੍ਹਾਂ ਵਿਚ ਹੀ ਬੈਠ ਗਈ। ਗੁਰੂ ਜੀ ਨੇ ਆਪਣੀ ਛੜੀ ਰਾਣੀ ਦੇ ਸਿਰ 'ਤੇ ਰੱਖ ਕੇ ਚਿਹਰੇ ਵੱਲ ਗਹੁ ਨਾਲ ਵੇਖਿਆ ਤੇ ਕਿਹਾ, 'ਇਹ ਹੈ ਪਟਰਾਣੀ'। ਗੁਰੂ ਜੀ ਨੇ ਰਾਣੀ ਤੇ ਰਾਜੇ ਦੇ ਮਨੋਰਥ ਪੂਰੇ ਕੀਤੇ। ਰਾਜਾ ਜੈ ਚੰਦ ਬਾਲ-ਗੁਰੂ ਦੀ ਆਤਮਿਕ ਉੱਚਤਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਇਹੋ ਪ੍ਰਭਾਵ ਬਾਦਸ਼ਾਹ ਔਰੰਗਜ਼ੇਬ ਨੂੰ ਵੀ ਜਾ ਕੇ ਦੱਸਿਆ ਤਾਂ ਬਾਦਸ਼ਾਹ ਨੇ ਵੱਡੇ ਭਰਾ ਦੀ ਗੁਰਗੱਦੀ ਦੇ ਹੱਕ ਲਈ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਵਿਰੁੱਧ ਦਿੱਤੀ ਦਰਖਾਸਤ ਖਾਰਜ ਕਰ ਦਿੱਤੀ। ਸਿੱਟਾ ਇਹ ਹੋਇਆ ਕਿ ਰਾਮ ਰਾਇ ਜੀ ਦੀ ਸੋਚੀ ਹੋਈ ਸਾਜ਼ਿਸ਼ ਸਿਰੇ ਨਾ ਚੜ੍ਹ ਸਕੀ।

ਰਾਜਾ ਜੈ ਸਿੰਘ ਦੇ ਬੰਗਲੇ 'ਤੇ ਰੋਜ਼ਾਨਾ ਹਰਿ-ਜਸ ਤੇ ਕੀਰਤਨ ਹੋਣ ਲੱਗਾ। ਦਿੱਲੀ ਦੀਆਂ ਸੰਗਤਾਂ ਹੁੰਮ-ਹੁਮਾ ਕੇ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਆਣ ਜੁੜਦੀਆਂ ਤੇ ਸਤਿਸੰਗ ਦਾ ਲਾਭ ਉਠਾ ਕੇ ਨਿਹਾਲ ਹੁੰਦੀਆਂ। ਗੁਰੂ ਜੀ ਨਾਮ ਬਾਣੀ ਦੇ ਉਪਦੇਸ਼ ਦੁਆਰਾ ਸੰਸਾਰੀ ਜੀਵਾਂ ਦੇ ਤਨ-ਮਨ ਦੇ ਅਸਾਧ ਰੋਗ ਦੂਰ ਕਰਦੇ ਸਨ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਠਵੇ ਗੁਰੂ ਜੀ ਦੀ ਵੀ (ਛੇਵੇਂ, ਸਤਵੇਂ ਤੇ ਜੀ ਦੇ ਜੀਵਨ ਤੇ ਉਪਦੇਸ਼ਾਂ ਨੂੰ ਵੇਖਦੇ ਹਾਂ, ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਆਪ ਦਾ ਜੀਵਨ, ਚਿੰਤਨ, ਉਪਦੇਸ਼ ਤੇ ਸੰਦੇਸ਼ ਸ਼ੁਧ ਰੂਪ ਵਿਚ ਗੁਰਬਾਣੀ-ਸੱਚ ਤੇ ਗੁਰਮਤਿ ਰੰਗ ਵਾਲਾ ਹੀ ਹੈ। ਗੁਰੂ ਜੀ ਨੇ ਵਰਣ ਵੰਡ ਦੇ ਸਿਧਾਂਤ ਦਾ ਸਖਤੀ ਨਾਲ ਵਿਰੋਧ ਕੀਤਾ, ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੱਤੀ, ਇਸਤਰੀ ਨੂੰ ਸਮਾਜ ਵਿਚ ਸਤਿਕਾਰ ਦਿੱਤਾ, ਕੁੜੀ ਮਾਰਨ ਵਾਲਿਆਂ ਦਾ ਗੁਰੂ-ਦਰਬਾਰ ਵਿਚ ਆਉਣਾ ਮਨ੍ਹਾ ਕਰ ਦਿੱਤਾ, ਨਸ਼ਿਆਂ ਦੀ ਵਰਤੋਂ ਨਾ ਕਰਨ 'ਤੇ ਜ਼ੋਰ ਦਿੱਤਾ, ਆਦਿ। ਆਪ ਜੀ ਨੇ ਉਨ੍ਹਾਂ ਸਾਰੇ ਉਦੇਸ਼ਾਂ ਤੇ ਆਦਰਸ਼ਾਂ ਉੱਤੇ ਨਿੱਡਰਤਾ ਨਾਲ ਪਹਿਰਾ ਦਿੱਤਾ, ਜਿਹੜੇ ਗੁਰੂ ਸੰਸਥਾ ਅਤੇ ਸਿੱਖ ਲਹਿਰ ਦੇ ਮਿਥੇ ਗਏ ਸਨ।੧੧ ਚੂੰਕਿ ਜੋਤਿ ਤੇ ਜੁਗਤਿ ਇੱਕੋ ਸੀ, ਬਾਣੀ ਤੇ ਬੋਲ ਇੱਕੋ ਸੀ, ਦ੍ਰਿਸ਼ਟ ਤੇ ਚਿੰਤਨ ਇੱਕੋ ਸੀ, ਆਦੇਸ਼ ਤੇ ਉਪਦੇਸ਼ ਇੱਕੋ ਜਿਹਾ ਸੀ, ਇਸ ਲਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਸਮਕਾਲੀ ਸਮਾਜਿਕ ਸਥਿਤੀ ਨੂੰ ਸੋਧਣ ਵਾਸਤੇ ਜਿਹੜੇ ਉਪਦੇਸ਼ ਦਿੱਤੇ, ਉਹ ਇੰਨੇ ਸੁਧਾਰ ਵਾਲੇ, ਸਾਰਥਕ ਤੇ ਸਿਰਜਨਾਤਮਕ ਸਨ ਕਿ ਸਮਕਾਲੀ ਸਮਾਜ ਨੂੰ ਪਵਿੱਤਰ ਤੇ ਆਦਰਸ਼ਕ ਸਿਰਜਣ ਵਿਚ ਵੀ ਉਹ ਬੜੇ ਸਹਾਇਕ ਹੋਏ।੧੨ ਨਿਰਸੰਦੇਹ, ਸਿੱਖ ਧਰਮ ਦੇ ਪ੍ਰਚਾਰ ਤੇ ਵਿਸਥਾਰ ਵਾਸਤੇ ਆਪ ਜੀ ਨੇ ਇਤਿਹਾਸਕ ਰੋਲ ਅਦਾ ਕੀਤਾ। ਇਹਨੀਂ ਦਿਨੀਂ ਦਿੱਲੀ ਵਿਚ ਚੇਚਕ ਤੇ ਹੈਜ਼ੇ ਦੀ ਭਿਆਨਕ ਬਿਮਾਰੀ ਫੈਲੀ ਹੋਈ ਸੀ। ਆਪ ਪਾਸ ਰੋਗੀ ਆਉਂਦੇ। ਗੁਰੂ ਜੀ ਆਪ ਵੀ ਲੋਕਾਂ ਦੀਆਂ ਪੀੜਾਂ ਹਰਨ ਲਈ ਘਰਾਂ ਵਿਚ ਜਾਂਦੇ ਤੇ ਆਪਣੇ ਹੱਥੀਂ ਸੇਵਾ ਕਰਕੇ ਦੁਖੀਆਂ ਦੇ ਦੁੱਖ ਦੂਰ ਕਰਦੇ ਸਨ। ਦਿਨ-ਰਾਤ ਚੇਚਕ ਨਾਲ ਪੀੜਤ ਰੋਗੀਆਂ ਵਿਚ ਵਿਚਰਨ ਕਾਰਨ ਅਤੇ ਅਕਾਲ ਪੁਰਖ ਦੇ ਭਾਣੇ ਅਨੁਸਾਰ ਗੁਰੂ ਜੀ 'ਤੇ ਇਸ ਬਿਮਾਰੀ ਦਾ ਹਮਲਾ ਹੋ ਗਿਆ। ਰੋਗ ਵਧ ਜਾਣ ਕਾਰਨ ਸਿੱਖ ਸੰਗਤਾਂ ਵਿਚ ਘਬਰਾਹਟ ਪੈਦਾ ਹੋ ਗਈ। ਆਪ ਜੀ ਨੇ ਸ਼ਹਿਰ ਤੋਂ ਬਾਹਰਵਾਰ ਖੁਲ੍ਹੀ ਥਾਂ 'ਤੇ ਜਾਣ ਦੀ ਇੱਛਾ ਪ੍ਰਗਟ ਕੀਤੀ। ਆਪ ਜਮਨਾ ਦਰਿਆ ਦੇ ਕੰਢੇ 'ਤੇ ਰਮਣੀਕ ਸਥਾਨ 'ਪੁਰ ਚੱਲੇ ਗਏ ਤੇ ਕਾਦਰ ਦੀ ਕੁਦਰਤ ਵਿਚ ਅੰਤਲਾ ਸਮਾਂ ਬਿਤਾਇਆ। ਇਕ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਮਾਤਾ ਜੀ ਤੇ ਸੰਗਤਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆ ਗਿਆ ਹੈ। ਫਿਰ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਪਿੱਛੋਂ ਕਿਸੇ ਨੇ ਰੋਣਾ ਨਹੀਂ, ਸਗੋਂ ਭਾਣੇ ਵਿਚ ਰਹਿ ਕੇ ਪਰਮਾਤਮਾ ਦਾ ਸਿਮਰਨ ਤੇ ਕੀਰਤਨ ਕਰਨਾ। ਅੰਤ, ਸਿੱਖ ਸੰਗਤਾਂ ਨੂੰ 'ਬਾਬਾ....ਬਕਾਲੇ' ਦਾ ਸੰਕੇਤ ਦੇ ਕੇ ਆਪ 'ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥ (ਪੰਨਾ ੨੭੮)' ਗੁਰਵਾਕ ਅਨੁਸਾਰ 30 ਮਾਰਚ, 1668 ਈ. (੩ ਵਿਸਾਖ, ੧੭੨੧ ਬਿ.) ਨੂੰ ਜੋਤੀਜੋਤ ਸਮਾ ਗਏ।




# ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਯਾਦ ਕਰਦਿਆਂ



ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਿੱਖਾਂ ਦਾ ਉਹ ਮੁਕੱਦਸ ਅਸਥਾਨ ਹੈ, ਜਿਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਗੁਰੂ ਸਾਹਿਬ ਜੀ ਦੇ ਆਗਮਨ ਸਮੇਂ ਇਹ ਨਗਰ ਰਾਏ ਭੋਇ ਦੀ ਤਲਵੰਡੀ ਕਰਕੇ ਜਾਣਿਆ ਜਾਂਦਾ ਸੀ। ਗੁਰੂ ਸਾਹਿਬ ਦੇ ਮੁਬਾਰਕ ਪ੍ਰਕਾਸ਼ ਤੋਂ ਬਾਅਦ ਇਸ ਦਾ ਨਾਂ ਸ੍ਰੀ ਨਨਕਾਣਾ ਸਾਹਿਬ ਕਰਕੇ ਮਸ਼ਹੂਰ ਹੋਇਆ। ਭਾਰਤ-ਪਾਕਿਸਤਾਨ ਵੰਡ ਸਮੇਂ ਬੇਸ਼ੱਕ ਇਹ ਅਸਥਾਨ ਪਾਕਿਸਤਾਨ 'ਚ ਚਲਾ ਗਿਆ ਪਰ ਸਮੁੱਚੇ ਵਿਸ਼ਵ ਦੀਆਂ ਸੰਗਤਾਂ ਇਸ ਇਤਿਹਾਸਕ ਅਸਥਾਨ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਨਤਮਸਤਕ ਹੁੰਦੀਆਂ ਹਨ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਿੱਖੀ ਦਾ ਮੂਲ ਇਤਿਹਾਸਕ ਅਸਥਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ 20 ਫਰਵਰੀ 1921 ਨੂੰ ਵਾਪਰੇ ਸ਼ਹੀਦੀ ਸਾਕੇ ਨੂੰ 'ਸਾਕਾ ਨਨਕਾਣਾ ਸਾਹਿਬ' ਕਰਕੇ ਜਾਣਿਆ ਜਾਂਦਾ ਹੈ। ਇਸ ਸਾਕੇ ਸਮੇਂ ਵੱਡੀ ਗਿਣਤੀ 'ਚ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ।

ਉਸ ਸਮੇਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਅਕਸਰ ਉਦਾਸੀ, ਨਿਰਮਲੇ ਸਾਧੂ, ਸੰਪਰਦਾਵਾਂ ਕਰਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸ਼ਾਸਨ ਦੌਰਾਨ ਗੁਰਦੁਆਰਾ ਸਾਹਿਬਾਨ ਦੇ ਨਾਂ ਜ਼ਮੀਨਾਂ ਤੇ ਜਾਗੀਰਾਂ ਆਦਿ ਲਗਵਾਈਆਂ ਅਤੇ ਗੁਰਦੁਆਰਾ ਸਾਹਿਬਾਨ ਦੀਆਂ ਨਵੀਆਂ ਇਮਾਰਤਾਂ ਵੀ ਤਿਆਰ ਕਰਵਾਈਆਂ। ਪੰਜਾਬ ਉੱਤੇ ਅੰਗਰੇਜ਼ਾਂ ਦੇ ਕਾਬਜ਼ ਹੋਣ ਪਿੱਛੋਂ ਗੁਰਦੁਆਰਿਆਂ ਦੇ ਪ੍ਰਬੰਧ 'ਚ ਵਿਗਾੜ ਆਉਣੇ ਸ਼ੁਰੂ ਹੋ ਗਏ। ਅੰਗਰੇਜ਼ਾਂ ਦੁਆਰਾ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਿੱਧੀ ਦਖ਼ਲਅੰਦਾਜ਼ੀ ਹੋਣ ਲੱਗੀ। ਪ੍ਰਬੰਧਕ ਮਨਮਾਨੀਆਂ ਅਤੇ ਗੁਰਮਤਿ ਵਿਰੋਧੀ ਕਾਰਵਾਈਆਂ ਕਰਨ ਲੱਗ ਪਏ। ਇਸ ਨਾਲ ਸਿੱਖਾਂ 'ਚ ਰੋਸ ਤੇ ਰੋਹ ਪੈਦਾ ਹੋ ਗਿਆ ਅਤੇ ਇਸੇ ਰੋਸ ਨੇ 'ਗੁਰਦੁਆਰਾ ਸੁਧਾਰ ਲਹਿਰ' ਨੂੰ ਜਨਮ ਦਿੱਤਾ। ਇਸ ਲਹਿਰ ਦੌਰਾਨ ਸਿੱਖ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ 'ਚ ਸੁਧਾਰ ਹਿੱਤ ਗੁਰਦੁਆਰਾ ਸਾਹਿਬ 'ਤੇ ਮਹੰਤਾਂ ਦੇ ਕਬਜ਼ੇ ਨੂੰ ਹਟਾਉਣ ਲਈ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਇਕੱਠੇ ਹੋਏ।

ਸ੍ਰੀ ਨਨਕਾਣਾ ਸਾਹਿਬ 'ਤੇ ਕਾਬਜ਼ ਮਹੰਤ ਨਾਰਾਇਣ ਦਾਸ ਗੁਰਮਤਿ ਵਿਰੋਧੀ ਕਾਰਵਾਈਆਂ ਕਾਰਨ ਬਹੁਤ ਬਦਨਾਮ ਹੋ ਚੁੱਕਾ ਸੀ। ਇਸ ਮਹੰਤ ਨੇ ਗੁਰਮਤਿ ਦੇ ਉਲਟ ਕੰਜਰੀਆਂ ਦਾ ਨਾਚ ਕਰਾਇਆ, ਜਿਸ ਦਾ ਸੰਗਤਾਂ ਨੇ ਬਹੁਤ ਬੁਰਾ ਮਨਾਇਆ। ਅਖ਼ਬਾਰਾਂ ਵਿਚ ਵੀ ਖ਼ਬਰਾਂ ਛਪੀਆਂ ਅਤੇ ਸਿੰਘ ਸਭਾਵਾਂ ਨੇ ਰੋਸ ਮਤੇ ਪਾਸ ਕੀਤੇ ਤੇ ਸਰਕਾਰ ਤੋਂ ਮਹੰਤ ਨੂੰ ਹਟਾਉਣ ਦੀ ਮੰਗ ਕੀਤੀ ਗਈ। 1918 ਈ. 'ਚ ਸਿੰਧ ਦਾ ਰਹਿਣ ਵਾਲਾ ਇਕ ਰਿਟਾਇਰਡ ਅਫ਼ਸਰ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਆਪਣੇ ਪਰਿਵਾਰ ਨਾਲ ਆਇਆ, ਮਹੰਤ ਨੇ ਉਸ ਦੇ ਪਰਿਵਾਰ ਨਾਲ ਦੁਰਵਿਵਹਾਰ ਕੀਤਾ। ਪੁਜਾਰੀਆਂ ਦੀਆਂ ਅਜਿਹੀਆਂ ਹਰਕਤਾਂ ਤੋਂ ਲੋਕ ਤੰਗ ਆ ਚੁੱਕੇ ਸਨ ਅਤੇ ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਸੀ।

ਅਕਤੂਬਰ 1920 ਈ. ਵਿਚ ਜ਼ਿਲਾ ਸ਼ੇਖੂਪੁਰਾ ਦੇ ਪਿੰਡ ਧਾਰੋਵਾਲੀ ਵਿਖੇ ਇਕ ਸਜੇ ਦੀਵਾਨ 'ਚ ਸੰਗਤਾਂ ਦੇ ਇਕੱਠ 'ਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਦੇ ਸੁਧਾਰ ਲਈ ਮਤਾ ਪਾਸ ਕੀਤਾ, ਜਿਸ ਦੀ ਜਾਣਕਾਰੀ ਮਹੰਤ ਨੂੰ ਵੀ ਪਹੁੰਚ ਗਈ ਸੀ, ਇਸ ਲਈ ਉਸ ਨੇ ਚਾਰ-ਪੰਜ ਸੌ ਭਾੜੇ ਦੇ ਆਦਮੀ ਆਪਣੀ ਰਾਖੀ ਲਈ ਸੱਦ ਲਏ। 1920 ਈ. ਨੂੰ ਕੱਤਕ ਦੀ ਪੂਰਨਮਾਸ਼ੀ ਦੇ ਮੇਲੇ 'ਤੇ ਮਹੰਤ ਨਾਰਾਇਣ ਦਾਸ ਨੇ ਚਾਰ-ਪੰਜ ਸੌ ਆਦਮੀਆਂ ਦਾ ਮੁਜ਼ਾਹਰਾ ਕੀਤਾ। ਸੰਗਤਾਂ ਵਿਚੋਂ ਜਿਸ ਉਤੇ ਵੀ ਅਕਾਲੀ ਹੋਣ ਦਾ ਸ਼ੱਕ ਪਿਆ, ਉਸ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਇਸ ਪਿੱਛੋਂ 23 ਜਨਵਰੀ ਅਤੇ 6 ਫਰਵਰੀ 1921 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਇਸ ਸਬੰਧੀ ਵਿਚਾਰਾਂ ਹੋਈਆਂ। ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੁੰਦਰ ਸਿੰਘ ਰਾਮਗੜ੍ਹੀਆ ਤੇ ਮੀਤ ਪ੍ਰਧਾਨ ਹਰਬੰਸ ਸਿੰਘ ਵਲੋਂ ਕਮੇਟੀ ਦੀ ਰਾਏ ਅਨੁਸਾਰ ਮਹੰਤ ਦੇ ਨਾਂ ਉਸ ਦੇ ਆਚਰਣ ਸਬੰਧੀ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ 'ਚ ਸੁਧਾਰ ਲਈ ਖੁੱਲ੍ਹੀ ਚਿੱਠੀ ਲਿਖੀ ਗਈ ਸੀ। ਇਸ ਦੇ ਨਾਲ ਹੀ ਸ੍ਰੀ ਨਨਕਾਣਾ ਸਾਹਿਬ ਵਿਖੇ ਦੀਵਾਨ ਤੇ ਲੰਗਰ ਦੇ ਪ੍ਰਬੰਧ ਲਈ ਭਾਈ ਲਛਮਣ ਸਿੰਘ, ਸ. ਦਲੀਪ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ. ਕਰਤਾਰ ਸਿੰਘ ਝੱਬਰ ਅਤੇ ਸ. ਬਖਸ਼ੀਸ਼ ਸਿੰਘ 'ਤੇ ਆਧਾਰਿਤ ਇਕ ਕਮੇਟੀ ਬਣਾ ਦਿੱਤੀ। ਦੂਜੇ ਪਾਸੇ ਮਹੰਤ ਨਾਰਾਇਣ ਦਾਸ ਨੇ 7 ਫਰਵਰੀ ਨੂੰ ਆਪਣੇ ਹਮਾਇਤੀਆਂ ਦੀ ਇਕੱਤਰਤਾ ਬੁਲਾਈ। ਸਿੱਖ ਸੰਗਤਾਂ ਨੇ ਮਹੰਤ ਦੀਆਂ ਘਟੀਆ ਕਾਰਵਾਈਆਂ ਨੂੰ ਰੋਕਣ ਲਈ 19 ਫਰਵਰੀ ਨੂੰ ਨਨਕਾਣਾ ਸਾਹਿਬ ਪਹੁੰਚਣ ਦਾ ਫੈਸਲਾ ਕੀਤਾ। ਸਿੱਖ ਸੰਗਤਾਂ ਦੇ ਮੁਖੀਆਂ ਨੇ ਅਕਾਲੀ ਅਖ਼ਬਾਰ ਦੇ ਦਫਤਰ 'ਚ ਫੈਸਲਾ ਕੀਤਾ ਕਿ ਕੋਈ ਪੱਕੀ ਤਰੀਕ ਨਿਸ਼ਚਿਤ ਕੀਤੇ ਬਿਨਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ ਪਰ ਭਾਈ ਲਛਮਣ ਸਿੰਘ ਧਾਰੋਵਾਲੀ ਤੇ ਸ. ਕਰਤਾਰ ਸਿੰਘ ਝੱਬਰ ਆਪਣੇ-ਆਪਣੇ ਜਥੇ ਲੈ ਕੇ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਦੋਹਾਂ ਜਥਿਆਂ ਨੂੰ ਰੋਕਣ ਦਾ ਯਤਨ ਕੀਤਾ। ਭਾਈ ਕਰਤਾਰ ਸਿੰਘ ਝੱਬਰ ਦਾ ਜਥਾ ਰੋਕ ਲਿਆ ਗਿਆ ਪਰ ਭਾਈ ਲਛਮਣ ਸਿੰਘ ਦਾ ਜਥਾ ਨਾ ਰੁਕਿਆ ਅਤੇ ਇਹ ਜਥਾ 20 ਫਰਵਰੀ ਨੂੰ ਨਨਕਾਣਾ ਸਾਹਿਬ ਪਹੁੰਚ ਗਿਆ। ਮਹੰਤ ਨਾਰਾਇਣ ਦਾਸ ਨੇ ਸਿੰਘਾਂ 'ਤੇ ਹਮਲੇ ਦੀ ਪੂਰੀ ਤਿਆਰੀ ਕੀਤੀ ਹੋਈ ਸੀ।

ਜਦੋਂ ਸਿੰਘਾਂ ਦਾ ਜਥਾ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਇਆ ਤਾਂ ਮਹੰਤ ਨੇ ਬਾਹਰਲੇ ਦਰਵਾਜ਼ੇ ਬੰਦ ਕਰਵਾ ਦਿੱਤੇ ਅਤੇ ਉਸ ਦੇ ਭਾੜੇ ਦੇ ਗੁੰਡਿਆਂ ਨੇ ਸਿੰਘਾਂ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ, ਛੱਤ ਦੇ ਉਪਰੋਂ ਗੋਲੀਆਂ ਚਲਾਈਆਂ ਗਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਿੰਘ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਕਈ ਗੋਲੀਆਂ ਲੱਗੀਆਂ। ਜ਼ਖ਼ਮੀ ਸਿੰਘਾਂ ਨੂੰ ਤੇਲ ਪਾ ਕੇ ਸਾੜਿਆ ਗਿਆ। ਇਸ ਖ਼ੂਨੀ ਸਾਕੇ ਸਬੰਧੀ ਸ. ਉੱਤਮ ਸਿੰਘ ਕਾਰਖਾਨੇ ਵਾਲਿਆਂ ਨੇ ਪੰਥਕ ਜਥੇਬੰਦੀ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਭੇਜੀਆਂ। 21 ਫਰਵਰੀ 1921 ਈ. ਨੂੰ ਸਿੱਖ ਮੁਖੀ ਤੇ ਅਣਗਿਣਤ ਸੰਗਤਾਂ ਨਨਕਾਣਾ ਸਾਹਿਬ ਪੁੱਜੀਆਂ। ਉਸੇ ਦਿਨ ਸ਼ਾਮ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ 'ਚ ਆ ਗਿਆ। 22 ਫਰਵਰੀ ਦੀ ਸ਼ਾਮ ਨੂੰ ਸ਼ਹੀਦ ਸਿੰਘਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨੇ ਸਿੱਖ ਜਗਤ 'ਚ ਰੋਹ ਤੇ ਜੋਸ਼ ਪੈਦਾ ਕਰ ਦਿੱਤਾ। ਸਿੱਖ ਸੰਗਤਾਂ ਨੇ ਸਮੂਹ ਗੁਰਦੁਆਰਾ ਸਾਹਿਬਾਨ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਕਮਰ ਕੱਸੇ ਕਰ ਲਏ। ਇਸ ਲਹਿਰ ਨੇ ਗੁਰਦੁਆਰਾ ਪ੍ਰਬੰਧਾਂ 'ਚ ਗੁਰਮਤਿ ਮਰਿਆਦਾ ਦੀ ਇਕਸੁਰਤਾ ਦਾ ਮੁੱਢ ਬੰਨ੍ਹਿਆ। ਇਥੇ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਸਿੱਖ ਕੌਮ ਨੇ ਪ੍ਰਚਾਰ ਲਹਿਰ ਵਿੱਢਣ ਲਈ ਇਕ ਅਹਿਮ ਫੈਸਲਾ ਲਿਆ, ਜਿਸ ਤਹਿਤ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਹੋਂਦ 'ਚ ਆਇਆ। 1927 'ਚ ਸਥਾਪਿਤ ਹੋਈ ਇਸ ਮਿਸ਼ਨਰੀ ਸੰਸਥਾ ਨੇ ਕੌਮ ਨੂੰ ਅਨੇਕਾਂ ਪ੍ਰਚਾਰਕ, ਰਾਗੀ ਤੇ ਤਬਲਾ ਵਾਦਕ ਦਿੱਤੇ। ਅੱਜ ਵੀ ਇਹ ਪ੍ਰਚਾਰਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਸ੍ਰੀ ਅੰਮ੍ਰਿਤਸਰ ਵਿਖੇ ਚੱਲ ਰਹੀ ਹੈ। ਇਥੇ ਹਰ ਸਾਲ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕੀਤਾ ਜਾਂਦਾ ਹੈ।

# ਬਹਾਦਰ ਸਿੱਖ ਜਰਨੈਲ: ਸਰਦਾਰ ਜੋਧ ਸਿੰਘ ਰਾਮਗੜ੍ਹੀਆ



ਸਿੱਖ ਮਿਸਲ ਕਾਲ ਦੌਰਾਨ 'ਰਾਮਗੜ੍ਹੀਆ' ਮਿਸਲ ਦੇ ਜਥੇਦਾਰ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ 'ਦਲ ਖਾਲਸਾ' ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਉਂਦਿਆਂ ਜਿੱਥੇ ਕਾਂਗੜੇ ਦੇ ਪਹਾੜੀ ਰਾਜਿਆਂ ਤੋਂ ਖਿਰਾਜ ਵਸੂਲੀ ਕੀਤੀ, ਉੱਥੇ ਹੋਰਾਂ ਮਿਸਲਦਾਰਾਂ ਨਾਲ ਮਿਲ ਕੇ ਅਹਿਮਦਸ਼ਾਹ ਦੁਰਾਨੀ ਨਾਲ ਕਈ ਲੜਾਈਆਂ ਲੜੀਆਂ ਅਤੇ ਹੋਰ ਅਨੇਕਾਂ ਕਾਰਨਾਮੇ ਕੀਤੇ, ਜਿਨ੍ਹਾਂ ਦਾ ਆਪਣਾ ਵੱਖਰਾ ਮਾਣਮੱਤਾ ਇਤਿਹਾਸ ਹੈ।

1803 ਈਸਵੀ ਵਿੱਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਦੇਹਾਂਤ ਪਿੱਛੋਂ ਉਨ੍ਹਾਂ ਦੇ ਦੋ ਪੁੱਤਰਾਂ, ਸਰਦਾਰ ਜੋਧ ਸਿੰਘ ਤੇ ਸਰਦਾਰ ਵੀਰ ਸਿੰਘ ਵਿੱਚੋਂ ਵੱਡੇ ਪੁੱਤਰ ਸਰਦਾਰ ਜੋਧ ਸਿੰਘ ਰਾਮਗੜ੍ਹੀਆ (ਜਿਨ੍ਹਾਂ ਦਾ ਜਨਮ 1757 ਈਸਵੀ ਨੂੰ ਹੋਇਆ ਸੀ) ਮਿਸਲ ਦੇ ਜਥੇਦਾਰ ਬਣੇ। ਸਰਦਾਰ ਜੋਧ ਸਿੰਘ ਵੀ ਆਪਣੇ ਪਿਤਾ ਵਾਂਗ ਬਹੁਤ ਬਹਾਦਰ, ਦਲੇਰ, ਦੂਰ-ਅੰਦੇਸ਼ੀ ਅਤੇ ਸਿਆਣੇ ਯੋਧੇ ਸਨ। ਉਨ੍ਹਾਂ ਨੇ ਆਪਣੇ ਪਿਤਾ ਦੀ ਜਗ੍ਹਾ ਸੰਭਾਲਦਿਆਂ ਹੀ ਗੱਡੋ ਮਾਲਾ, ਭੰਗਾ ਤੇ ਹੁਸ਼ਿਆਰਪੁਰ ਆਦਿ ਪਰਗਣਿਆਂ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਪਟਿਆਲੇ ਦੇ ਰਾਜਾ ਅਮਰ ਸਿੰਘ ਦੀ ਵੀ ਕਈ ਲੜਾਈਆਂ ਵਿੱਚ ਮਦਦ ਕੀਤੀ।

ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੀ ਬਹਾਦਰੀ, ਦਲੇਰੀ ਅਤੇ ਸਿਆਣਪ ਨੂੰ ਵੇਖਦਿਆਂ ਸਰਦਾਰ ਜੋਧ ਸਿੰਘ ਨਾਲ ਮਿੱਤਰਤਾ ਗੰਢਣ ਲਈ ਵਿਚਾਰ ਬਣਾਇਆ। ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਲਿਖਦੇ ਹਨ, 'ਸਰਕਾਰ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਦੇ ਵਰਿਆਮਤਾ ਦੇ ਕਾਰਨਾਮਿਆਂ ਬਾਰੇ ਬਹੁਤ ਕੁਝ ਸੁਣਿਆ ਸੀ। 1803 ਵਿੱਚ ਜਦ ਖਾਲਸਾ ਰਾਜ ਦੀ ਇਮਾਰਤ ਅਜੇ ਨੀਹਾਂ ਵਿੱਚੋਂ ਨਿਕਲੀ ਹੀ ਸੀ, ਇਸ ਨੂੰ ਮਜ਼ਬੂਤ ਬਣਾਇਆ ਅਤੇ ਸੁਰੱਖਿਅਤ ਬਣਾਉਣ ਲਈ ਸਰਦਾਰ ਜੋਧ ਸਿੰਘ ਵਰਗੇ ਕਈ ਜੋਧਿਆਂ ਦੀ ਸਹਾਇਤਾ ਤੇ ਕੁਰਬਾਨੀਆਂ ਦੀ ਲੋੜ ਸੀ, ਜੋ ਸ਼ੇਰ-ਏ-ਪੰਜਾਬ ਨੇ ਇਸ ਬਾਰੇ ਸ੍ਰੀ ਬਾਬਾ ਸਾਹਿਬ ਸਿੰਘ ਨੂੰ ਆਪਣੇ ਵਿਚਾਰ ਦੱਸੇ।

ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਦੀ ਸਹਾਇਤਾ ਨਾਲ 'ਰਾਮਗੜ੍ਹੀਆ ਮਿਸਲ' ਵੱਲ ਦੋਸਤੀ ਦਾ ਹੱਥ ਅੱਗੇ ਵਧਾਇਆ। ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ ਦੇ ਸਾਬਕਾ ਰਿਸਰਚ ਸਕਾਲਰ ਕਿਰਪਾਲ ਸਿੰਘ ਆਪਣੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ ਜੀਵਨ ਅਤੇ ਘਾਲਣਾ' ਵਿੱਚ ਅੰਗਰੇਜ਼ ਲਿਖਾਰੀ ਸਰ ਲੈਪਲ ਗ੍ਰਿਫਨ ਦੇ ਹਵਾਲੇ ਨਾਲ ਲਿਖਦੇ ਹਨ, "ਮਹਾਰਾਜਾ ਰਣਜੀਤ ਸਿੰਘ ਨੇ 'ਰਾਮਗੜ੍ਹੀਆ ਮਿਸਲ' ਨਾਲ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਆਪਣੇ ਹੱਥ ਦਾ ਪੰਜਾ ਕੇਸਰ ਨਾਲ ਰੰਗ ਕੇ ਮਿੱਤਰਤਾ ਦੇ ਪਰਚੇ 'ਤੇ ਮੋਹਰ ਲਾਈ।' ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੋਧ ਸਿੰਘ ਦੀ ਅਗਵਾਈ ਵਾਲੀ 'ਰਾਮਗੜ੍ਹੀਆ ਮਿਸਲ' ਨੂੰ ਆਪਣੇ ਨਾਲ ਰਲਾ ਕੇ ਆਪਣੀ ਰਾਜਨੀਤਿਕ ਸਥਿਤੀ ਨੂੰ ਹੋਰ ਮਜ਼ਬੂਤ ਕਰ ਲਿਆ।" ਮਹਾਰਾਜਾ ਰਣਜੀਤ ਸਿੰਘ ਨੇ ਜਦ ਲਾਹੌਰ ਤੋਂ ਬਾਅਦ ਸਿੱਖਾਂ ਦੀ ਧਾਰਮਿਕ ਅਤੇ ਅਧਿਆਤਮਿਕ ਰਾਜਧਾਨੀ ਅੰਮ੍ਰਿਤਸਰ ਉੱਪਰ ਕਬਜ਼ਾ ਕਰਨ ਦਾ ਫੈਸਲਾ ਕੀਤਾ ਤਾਂ ਅੰਮ੍ਰਿਤਸਰ 'ਤੇ ਅਧਿਕਾਰ ਸਥਾਪਿਤ ਕਰਨ ਲਈ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੀ ਬੜੀ ਅਹਿਮ ਭੂਮਿਕਾ ਰਹੀ। ਸਰਦਾਰ ਜੋਧ ਸਿੰਘ ਨੇ ਕਸੂਰ ਅਤੇ ਮੁਲਤਾਨ ਦੀਆਂ ਲੜਾਈਆਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਮਦਦ ਕੀਤੀ। ਸਰਦਾਰ ਜੋਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੀ ਵੀਰਤਾ ਦੇ ਜੌਹਰ ਪਹਿਲੀ ਵਾਰ ਕਸੂਰ ਦੀ ਵੱਡੀ ਲੜਾਈ ਸਮੇਂ ਦਿਖਾਏ, ਜਿਹੜੀ ਕਸੂਰੀਏ ਪਠਾਣਾਂ ਕੁਤਬਦੀਨ ਖ਼ਾਨ ਆਦਿ ਨਾਲ ਲੜੀ ਗਈ। ਇਸ ਸੰਗਰਾਮ ਵਿੱਚ ਸਰਦਾਰ ਜੋਧ ਸਿੰਘ ਆਪਣੇ 2 ਹਜ਼ਾਰ ਚੋਣਵੇਂ ਜਵਾਨਾਂ ਨਾਲ ਸ਼ਾਮਲ ਹੋਏ, ਇਸ ਦੌਰਾਨ ਉਨ੍ਹਾਂ ਦੀ ਤੇਗ ਦੇ ਜੌਹਰ ਦੇਖ ਕੇ ਸ਼ੇਰ-ਏ-ਪੰਜਾਬ ਵਾਹ ਵਾਹ ਕਰ ਉੱਠੇ। ਇੰਨੀ ਭਾਰੀ ਸਹਾਇਤਾ ਨੂੰ ਮੁੱਖ ਰੱਖਦਿਆਂ ਮਹਾਰਾਜਾ ਰਣਜੀਤ ਸਿੰਘ ਨੇ 25 ਹਜ਼ਾਰ ਰੁਪਏ ਦੀ ਸਾਲਾਨਾ ਆਮਦਨ ਦੇ ਪਰਗਣੇ ਘੁਮਣ ਨੂੰ ਗੁਲਾਬ ਸਿੰਘ ਪਾਸੋਂ ਲੈ ਕੇ ਸਰਦਾਰ ਜੋਧ ਸਿੰਘ ਨੂੰ ਦੇ ਦਿੱਤੇ। ਇਸ ਤੋਂ ਇਲਾਵਾ ਸ਼ੇਖ਼ੂਪੁਰ ਇਲਾਕੇ ਦੇ 11 ਪਿੰਡ, ਜਿਨ੍ਹਾਂ ਦੀ ਆਮਦਨ 12 ਹਜ਼ਾਰ ਰੁਪਏ ਸਾਲਾਨਾ ਸੀ; ਵੀ ਦਿੱਤੇ।ਸਰਦਾਰ ਜੋਧ ਸਿੰਘ ਮੈਦਾਨ-ਏ-ਜੰਗ ਦੇ ਨਿਡਰ ਯੋਧਾ ਦੇ ਨਾਲ ਨਾਲ ਮਨ ਦੇ ਵੀ ਬੜੇ ਸਾਫ਼ ਸਨ। ਜਦੋਂ ਉਨ੍ਹਾਂ ਦੇਖਿਆ ਕਿ ਸ਼ੇਰ-ਏ-ਪੰਜਾਬ ਉਨ੍ਹਾਂ ਨਾਲ ਦਿਲੋਂ ਪਿਆਰ ਕਰਦੇ ਹਨ ਤਾਂ ਉਹ ਮਹਾਰਾਜਾ ਰਣਜੀਤ ਸਿੰਘ ਨਾਲ ਐਸੇ ਘੁਲ-ਮਿਲ ਗਏ ਕਿ ਇੱਕ-ਦੂਜੇ ਨੂੰ ਦੇਖੇ ਬਿਨਾਂ ਰਹਿ ਨਹੀਂ ਸਨ ਸਕਦੇ। ਖਾਲਸਾ ਦਰਬਾਰ ਦੇ ਰਿਕਾਰਡ ਅਨੁਸਾਰ ਪਤਾ ਲੱਗਦਾ ਹੈ ਕਿ 1803 ਤੋਂ 1816 ਤਕ ਖਾਲਸਾ ਰਾਜ ਦੇ ਵਾਧੇ ਲਈ ਜਿੰਨੀਆਂ ਲੜਾਈਆਂ ਲੜੀਆਂ ਗਈਆਂ, ਸਾਰੀਆਂ ਵਿੱਚ ਸਰਦਾਰ ਜੋਧ ਸਿੰਘ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮਹਾਰਾਜਾ ਰਣਜੀਤ ਸਿੰਘ, ਸਰਦਾਰ ਜੋਧ ਸਿੰਘ ਦੀ ਇੰਨੀ ਇੱਜ਼ਤ ਕਰਦੇ ਸਨ ਕਿ ਸ਼ਾਹੀ ਦਰਬਾਰ ਵਿੱਚ ਇਨ੍ਹਾਂ ਨੂੰ ਆਪਣੇ ਬਰਾਬਰ ਬਿਠਾਉਂਦੇ ਸਨ ਅਤੇ ਉਨ੍ਹਾਂ ਨੂੰ 'ਬਾਬਾ ਜੀ' ਕਹਿ ਕੇ ਬੁਲਾਉਂਦੇ ਸਨ।

ਸਰਦਾਰ ਜੋਧ ਸਿੰਘ ਰਾਮਗੜ੍ਹੀਆ ਜਿੱਥੇ ਦਲੇਰ ਅਤੇ ਬਹਾਦਰ ਯੋਧੇ ਸਨ, ਉੱਥੇ ਗੁਰੂ-ਘਰ ਦੇ ਵੀ ਅਨਿਨ ਸਿੱਖ ਸਨ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ 'ਬੁੰਗਾ ਰਾਮਗੜ੍ਹੀਆਂ' ਬਣਾਵਾਇਆ ਅਤੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾਣ ਵਾਸਤੇ ਬਣਾਏ ਗਏ ਪੁਲ ਦੇ ਕਿੰਗਰਿਆਂ ਲਈ ਦਿੱਲੀ ਅਤੇ ਆਗਰੇ ਤੋਂ ਪੱਚੀਕਾਰੀ ਵਾਲੇ ਪੱਥਰ ਮੰਗਵਾ ਕੇ ਦਿੱਤੇ। ਗੁਰੂ-ਘਰ ਪ੍ਰਤੀ ਆਪਣੀ ਸ਼ਰਧਾ ਮੁੱਖ ਰੱਖਦਿਆਂ ਉਨ੍ਹਾਂ ਅੰਮ੍ਰਿਤਸਰ ਵਿੱਚ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਦੀਆਂ ਕੁਝ ਮੰਜ਼ਿਲਾਂ ਦੀ ਉਸਾਰੀ ਵੀ ਕਰਵਾਈ। ਇਸ ਤੋਂ ਇਲਾਵਾ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਬਣੇ ਗੁਰਦੁਆਰਾ ਗਰਨਾ ਸਾਹਿਬ, ਬੋਦਲ (ਹੁਸ਼ਿਆਰਪੁਰ) ਦੀ ਸਭ ਤੋਂ ਪਹਿਲੀ ਸੇਵਾ ਵੀ ਸਰਦਾਰ ਜੋਧ ਸਿੰਘ ਨੇ ਕੀਤੀ ਸੀ।

1816 ਵਿੱਚ ਕੁਝ ਕੁ ਦਿਨ ਬਿਮਾਰ ਹੋਣ ਤੋਂ ਬਾਅਦ ਪੂਰੀ ਤਰ੍ਹਾਂ ਧਰਮੀ ਅਤੇ ਸਾਦਗੀ ਭਰਪੂਰ ਇਸ ਬਹਾਦਰ ਸਿੱਖ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਦੇ ਅਧੀਨ ਸਾਰਾ ਇਲਾਕਾ ਜ਼ਬਤ ਕਰ ਕੇ ਉਨ੍ਹਾਂ ਦੀ ਪਤਨੀ, ਭਰਾ ਸਰਦਾਰ ਵੀਰ ਸਿੰਘ ਅਤੇ ਚਾਚਾ ਸਰਦਾਰ ਤਾਰਾ ਸਿੰਘ ਦੇ ਪੁੱਤਰ ਸਰਦਾਰ ਦੀਵਾਨ ਸਿੰਘ ਨੂੰ ਜਾਗੀਰ ਦੇ ਦਿੱਤੀ। ਉਨ੍ਹਾਂ ਦਾ ਯਾਦਗਾਰੀ ਸਥਾਨ ਛੋਟੇ ਜਿਹੇ ਅੱਠ-ਨੁੱਕਰੀ ਗੁਰਦੁਆਰਾ ਸਾਹਿਬ ਦੇ ਰੂਪ ਵਿੱਚ ਅੰਮ੍ਰਿਤਸਰ ਵਿਖੇ ਗੁਰਦੁਆਰਾ 'ਸ਼ਹੀਦ ਗੰਜ' ਬਾਬਾ ਦੀਪ ਸਿੰਘ ਜੀ ਵਿੱਚ ਬਣਿਆ ਹੋਇਆ ਹੈ। ਇਹ ਸਥਾਨ ਉਨ੍ਹਾਂ ਵੱਲੋਂ ਕੀਤੀਆਂ ਪੰਥ ਪ੍ਰਤੀ ਸੇਵਾਵਾਂ ਦੀ ਯਾਦ ਦਿਵਾਉਂਦਾ ਹੈ।

**ਬਿਕਰਮਜੀਤ ਸਿੰਘ ਜੀਤ**

# ਰਿਟਾਇਰਮੈਂਟ ਜ਼ਿੰਦਗੀ ਦਾ ਅੰਤਲਾ ਪੜਾਅ ਨਹੀਂ ਹੁੰਦਾ




ਅੱਜ ਕੱਲ੍ਹ ਜਦੋਂ ਕਿਸੇ ਵਿਅਕਤੀ ਨੂੰ ਉਸ ਦੇ ਅਹੁਦੇ ਤੋਂ ਰਿਟਾਇਰਮੈਂਟ ਮਿਲਦੀ ਹੈ ਤਾਂ ਉਸ ਨੂੰ ਦਫ਼ਤਰ ਦੇ ਸਟਾਫ਼ ਵੱਲੋਂ ਵੀ ਨਿੱਘੀ ਵਿਦਾਇਗੀ ਦਿੱਤੀ ਜਾਂਦੀ ਹੈ,ਪਾਰਟੀ ਕੀਤੀ ਜਾਂਦੀ ਹੈ ਥੋੜ੍ਹਾ ਮਾਹੌਲ ਖੁਸ਼ਨੁਮਾ ਬਣਾਇਆ ਜਾਂਦਾ ਹੈ ਤੇ ਨਾਲ ? ਹੀ ਸਾਰੀਆਂ ਯਾਦਾਂ ਨੂੰ ਤਾਜ਼ਾ ਕਰਕੇ ਭਾਵੁਕਤਾ ਭਰਪੂਰ ਵੀ ਹੁੰਦਾ ਹੈ। ਜਿਸ ਵਿਅਕਤੀ ਦੀ ਰਿਟਾਇਰਮੈਂਟ ਹੋ ਰਹੀ ਹੁੰਦੀ ਹੈ ਉਸ ਦੀ ਮਾਨਸਿਕ ਸਥਿਤੀ ਨੂੰ ਕੋਈ ਹੋਰ ਵਿਅਕਤੀ ਬਿਲਕੁਲ ਨਹੀਂ ਸਮਝ ਸਕਦਾ ਕਿਉਂਕਿ ਉਸ ਅੰਦਰ ਬਹੁਤ ਤਰ੍ਹਾਂ ਦੇ ਵਲਵਲੇ ਉੱਠ ਰਹੇ ਹੁੰਦੇ ਹਨ। ਜਿੱਥੇ ਇਕੱਠਾ ਪੈਸਾ ਮਿਲ ?ਣ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਦਿਮਾਗ ਵਿੱਚ ਚੱਲ ਰਹੀਆਂ ਹੁੰਦੀਆਂ ਹਨ ਉੱਥੇ ਹੀ ਉਸ ਨੂੰ ਅੰਦਰੋ ਅੰਦਰੀ ਇੱਕ ਝੋਰਾ ਜਿਹਾ ਖਾ ਰਿਹਾ ਹੁੰਦਾ ਹੈ ਕਿ ਜਿੱਥੇ ਉਸ ਨੇ ਜ਼ਿੰਦਗੀ ਦੇ ਐਨੇ ਵਰ੍ਹੇ ਬਿਤਾਏ ਹੁੰਦੇ ਹਨ ,ਉਹ ਸਥਾਨ ਉਸ ਤੋਂ ਇਸ ਤਰ੍ਹਾਂ ਖੁੱਸ ਰਿਹਾ ਹੁੰਦਾ ਹੈ ਜਿਵੇਂ ਦੁਪਹਿਰ ਆਉਂਦੇ ਹੀ ਸਵੇਰ ਹੱਥੋਂ ਨਿਕਲ ਜਾਂਦੀ ਹੈ ਤੇ ਰਾਤ ਆਉਂਦੇ ਹੀ ਇੱਕ ਦਿਨ ਹੱਥੋਂ ਨਿਕਲ ਜਾਂਦਾ ਹੈ ਜਿਸ ਨੇ ਮੁੜ ਕਦੇ ਹੱਥ ਨਹੀਂ ਆਉਣਾ ਹੁੰਦਾ। ਰਿਟਾਇਰਮੈਂਟ ਵਾਲ ? ਦਿਨ ਤੋਂ ਅਗਲੀ ਸਵੇਰ ਉਸ ਨੂੰ ਬਹੁਤ ਹੀ ਉਦਾਸ ਤੇ ਖ਼ਾਲੀ ਖ਼ਾਲੀ ਜਿਹੀ ਲੱਗ ਰਹੀ ਹੁੰਦੀ ਹੈ ਜਦ ਕਿ ਉਸ ਦੇ ਸਟਾਫ਼ ਅਤੇ ਘਰਦਿਆਂ ਨੇ ਉਸ ਦੇ ਇਸ ਦਿਨ ਨੂੰ ਖ਼ਾਸ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ ਹੁੰਦੀ ਹੈ। ਸਾਡੇ ਦੇਸ਼ ਵਿੱਚ ਆਮ ਲੋਕ ਕੰਮ ਕਰਨ ਵਾਲੇ ਦਿਨ ਤੱਕ ਜਿਸ ਵਿਅਕਤੀ ਨੂੰ ਬਹੁਤ ਤਾਕਤਵਰ ਤੇ ਹਿੰਮਤ ਵਾਲਾ ਸਮਝ ਰਹੇ ਹੁੰਦੇ ਹਨ ਰਿਟਾਇਰਮੈਂਟ ਹੁੰਦੇ ਹੀ ਉਸ ਨੂੰ ਬੇਕਾਰ ਅਤੇ ਬਹੁਤ ਬਜ਼ੁਰਗ ਸਮਝਣ ਲੱਗ ਜਾਂਦੇ ਹਨ। ਜਿਸ ਨਾਲ ਇਹੋ ਜਿਹੀਆਂ ਛੋਟੀਆਂ ਛੋਟੀਆਂ ਗੱਲਾਂ ਉਸ ਵਿਅਕਤੀ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਬਹੁਤ ਗਿਰਾਵਟ ਵੱਲ ਲੈ ਜਾਂਦੀਆਂ ਹਨ। ਜਿਸ ਨਾਲ ? ਉਸ ਨੂੰ ਕਈ ਤਰ੍ਹਾਂ ਦੇ ਰੋਗ ਘੇਰਨ ਲੱਗਦੇ ਹਨ। ਅਕਸਰ ਵੇਖਣ ਵਿੱਚ ਆਇਆ ਹੈ ਕਿ ਜਿਹੜਾ ਵਿਅਕਤੀ ਰਿਟਾਇਰਮੈਂਟ ਵੇਲ ? ਤੱਕ ਵੇਖਣ ਨੂੰ ਬਹੁਤ ਤਕੜਾ ਤੇ ਤੰਦਰੁਸਤ ਲੱਗਦਾ ਹੁੰਦਾ ਹੈ,ਉਸ ਤੋਂ ਛੇ ਕੁ ਮਹੀਨੇ ਬਾਅਦ ਉਹ ਬਹੁਤ ਬਜ਼ੁਰਗ ਤੇ ਬੀਮਾਰ ਜਿਹਾ ਲੱਗਣ ਲੱਗ ਜਾਂਦਾ ਹੈ। ਇਸ ਲਈ ਆਪਣੇ ਆਪ ਨੂੰ ਕਾਇਮ ਰੱਖਣ ਲਈ ਹਰ ਵਿਅਕਤੀ ਨੂੰ ਰਿਟਾਇਰਮੈਂਟ ਤੋਂ ਬਾਅਦ ਦੀਆਂ ਯੋਜਨਾਵਾਂ ਪਹਿਲਾਂ ਹੀ ਤਿਆਰ ਕਰ ਲੈਣੀਆਂ ਚਾਹੀਦੀਆਂ ਹਨ।

ਰਿਟਾਇਰਮੈਂਟ ਨੂੰ ਅਕਸਰ ਲੋਕ ਜ਼ਿੰਦਗੀ ਦਾ ਅੰਤਲਾ ਪੜਾਅ ਸਮਝ ਲੈਂਦੇ ਹਨ। ਨੌਕਰੀ ਖ਼ਤਮ ਹੋਈ ਤਾਂ ਲੱਗਦਾ ਹੈ ਕਿ ਹੁਣ ਕਰਨ ਲਈ ਕੁਝ ਬਚਿਆ ਹੀ ਨਹੀਂ। ਪਰ ਅਸਲ ਵਿੱਚ ਰਿਟਾਇਰਮੈਂਟ ਕੰਮ ਤੋਂ ਮੁਕਤੀ ਹੈ, ਜ਼ਿੰਦਗੀ ਤੋਂ ਨਹੀਂ। ਇਹ ਉਹ ਸਮਾਂ ਹੁੰਦਾ ਹੈ ਜਦੋਂ ਇਨਸਾਨ ਆਪਣੀ ਸਾਰੀ ਉਮਰ ਦੇ ਤਜ਼ਰਬੇ, ਹੁਨਰ ਅਤੇ ਰੁਚੀਆਂ ਨੂੰ ਨਵੇਂ ਰੂਪ ਵਿੱਚ ਵਰਤ ਸਕਦਾ ਹੈ। ਨੌਕਰੀ ਦੌਰਾਨ ਸਵੇਰ ਤੋਂ ਸ਼ਾਮ ਤੱਕ ਦੀ ਜ਼ਿੰਮੇਵਾਰੀ ਹੁੰਦੀ ਹੈ। ਆਪਣੇ ਲਈ ਸਮਾਂ ਘੱਟ ਮਿਲਦਾ ਹੈ। ਰਿਟਾਇਰਮੈਂਟ ਤੋਂ ਬਾਅਦ ਸਮਾਂ ਹੀ ਸਭ ਤੋਂ ਵੱਡੀ ਪੂੰਜੀ ਬਣ ਜਾਂਦਾ ਹੈ। ਇਸ ਸਮੇਂ ਨੂੰ ਖਾਲੀ ਬੈਠ ਕੇ ਗੁਜ਼ਾਰਨ ਦੀ ਥਾਂ ਪੜ੍ਹਨ, ਲਿਖਣ, ਸਿੱਖਣ, ਸਮਾਜ ਸੇਵਾ, ਖੇਤੀ-ਬਾਗ਼ਬਾਨੀ , ਕਲਾ, ਸੈਰ ਜਾਂ ਆਪਣੇ ਮਨ ਪਸੰਦ ਦੇ ਕਿਸੇ ਕੰਮ ਨਾਲ ਜੋੜਿਆ ਜਾ ਸਕਦਾ ਹੈ। ਆਪਣੀ ਐਸੀ ਰੂਟੀਨ ਬਣਾਉਣੀ ਚਾਹੀਦੀ ਹੈ ਜਿਸ ਵਿੱਚ ਸਰੀਰ ਲਈ ਕਿਰਿਆਸ਼ੀਲਤਾ, ਮਨ ਲਈ ਸਕੂਨ ਅਤੇ ਦਿਲ ਲਈ ਖੁਸ਼ੀ ਨੂੰ ਥਾਂ ਹੋਵੇ। ਸਾਰਾ ਦਿਨ ਬਿਨਾਂ ਕਿਸੇ ਮਕਸਦ ਦੇ ਘਰ ਬੈਠੇ ਰਹਿਣ ਨਾਲ ਮਨ ਵੀ ਉਦਾਸ ਹੋ ਸਕਦਾ ਹੈ। ਇਸ ਲਈ ਰਿਟਾਇਰਮੈਂਟ ਤੋਂ ਬਾਅਦ ਨੌਕਰੀ ਵਾਲੀ ਭੱਜ-ਦੌੜ ਚਾਹੇ ਛੁੱਟ ਜਾਂਦੀ ਹੈ ਪਰ ਆਪਣਾ ਰੁਝੇਵਾਂ ਨਾ ਛੱਡੋ।

ਸੱਠ ਸਾਲ ਤੋਂ ਬਾਅਦ ਵੀ ਨਵੀਂ ਸ਼ੁਰੂਆਤ ਕਰਨ ਦਾ ਜਜ਼ਬਾ ਹੋਣਾ ਚਾਹੀਦਾ ਹੈ। ਦੁਨੀਆਂ ਵਿੱਚ ਕਈ ਅਜਿਹੇ ਕਾਮਯਾਬ ਲੋਕਾਂ ਦੀਆਂ ਮਿਸਾਲਾਂ ਮਿਲ ?ਦੀਆਂ ਹਨ ਜਿਨ੍ਹਾਂ ਨੇ ਉਮਰ ਦੇ ਇਸ ਪੜਾਅ ਵਿੱਚ ਆਪਣੀ ਨਵੀਂ ਪਛਾਣ ਬਣਾਈ। ਕਰਨਲ ਹਰਲੈਂਡ ਸੈਂਡਰਜ਼ ਇਸ ਦੀ ਇੱਕ ਮਸ਼ਹੂਰ ਉਦਾਹਰਣ ਹਨ। ਉਨ੍ਹਾਂ ਨੇ 60 ਸਾਲ ਦੀ ਉਮਰ ਤੋਂ ਬਾਅਦ ਆਪਣੇ ਤਜ਼ਰਬੇ ਨੂੰ ਕਾਰੋਬਾਰ ਵਿੱਚ ਬਦਲਿਆ ਅਤੇ 66 ਸਾਲ ਦੀ ਉਮਰ ਵਿੱਚ ਉਹਨਾਂ ਨੇ ਫ ?ਰੈਂਚਾਈਜ਼ ਕਾਰੋਬਾਰ ਸ਼ੁਰੂ ਕੀਤਾ ਜੋ ਅੱਗੇ ਚੱਲ ਕੇ (™63) ਕੇ ਐੱਫ ਸੀ ਦੇ ਨਾਂ ਨਾਲ ਦੁਨੀਆ ਭਰ ਵਿੱਚ ਮਸ਼ਹੂਰ ਹੋਇਆ। ਇਸੇ ਤਰ੍ਹਾਂ ਲੌਰਾ ਇੰਗਲਜ਼ ਵਾਇਲਡਰ ਅਮਰੀਕੀ ਲੇਖਿਕਾ ਅਤੇ ਪੱਤਰਕਾਰ ਸਨ। ਉਹ ਖਾਸ ਤੌਰ 'ਤੇ ਆਪਣੀ 'ਲਿਟਲ ਹਾਊਸ' ਕਿਤਾਬਾਂ ਦੀ ਲੜੀ ਕਰਕੇ ਮਸ਼ਹੂਰ ਹੋਈ।ਇਸ ਨੇ ਵੀ ਦੇਰ ਨਾਲ ਲੇਖਕ ਵਜੋਂ ਵੱਡੀ ਪਛਾਣ ਬਣਾਈ। ਉਨ੍ਹਾਂ ਦੀ ਪਹਿਲੀ ਕਿਤਾਬ 1932 ਵਿੱਚ ਪ੍ਰਕਾਸ਼ਿਤ ਹੋਈ, ਜਦੋਂ ਉਹ 65 ਸਾਲ ਦੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਕਈ ਕਿਤਾਬਾਂ ਲਿਖੀਆਂ। ਅਮਰੀਕਾ ਦੀ ਹੀ ਇੱਕ ਹੋਰ ਔਰਤ ਗ੍ਰੈਂਡਮਾ ਐਨਾ ਮੈਰੀ ਮੋਜ਼ਿਜ਼ ਦੀ ਕਹਾਣੀ ਤਾਂ ਹੋਰ ਵੀ ਪ੍ਰੇਰਣਾਦਾਇਕ ਹੈ। ਉਨ੍ਹਾਂ ਨੇ 70ਵੇਂ ਦੇ ਅਖੀਰ ਵਿੱਚ ਗੰਭੀਰਤਾ ਨਾਲ ਚਿੱਤਰਕਾਰੀ ਸ਼ੁਰੂ ਕੀਤੀ ਅਤੇ 80 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਪਹਿਲੀ ਇਕੱਲੀ ਪ੍ਰਦਰਸ਼ਨੀ ਹੋਈ। ਬਾਅਦ ਵਿੱਚ ਉਹ ਅਮਰੀਕਾ ਦੀ ਮਸ਼ਹੂਰ ਲੋਕ-ਕਲਾਕਾਰ ਬਣ ਗਈ ਅਤੇ 1,500 ਤੋਂ ਵੱਧ ਚਿੱਤਰ ਬਣਾਏ।

ਬਰਜਿੰਦਰ ਕੌਰ ਬਿਸਰਾਓ
9988901324

ਉਪਰੋਕਤ ਉਦਾਹਰਣਾਂ ਦਾ ਮਤਲਬ ਇਹ ਨਹੀਂ ਕਿ ਹਰ ਵਿਅਕਤੀ ਨੇ ਰਿਟਾਇਰਮੈਂਟ ਤੋਂ ਬਾਅਦ ਕਰੋੜਾਂ ਦਾ ਕਾਰੋਬਾਰ ਜਾਂ ਵਿਸ਼ਵ-ਪ੍ਰਸਿੱਧੀ ਹੀ ਹਾਸਲ ਕਰਨੀ ਹੈ। ਇਨ੍ਹਾਂ ਦੀਆਂ ਉਦਾਹਰਣਾਂ ਵਿੱਚੋਂ ਅਸਲ ਸਿੱਖਿਆ ਇਹ ਮਿਲ ?ਦੀ ਹੈ ਕਿ ਵੱਡੀ ਉਮਰ ਕਦੇ ਵੀ ਨਵੀਂ ਸ਼ੁਰੂਆਤ ਲਈ ਰੁਕਾਵਟ ਨਹੀਂ ਬਣ ਸਕਦੀ।

ਰਿਟਾਇਰਮੈਂਟ ਤੋਂ ਬਾਅਦ ਕੀ ਕਰੀਏ ,ਇਹ ਹਰ ਵਿਅਕਤੀ ਦਾ ਆਪਣੇ ਆਪ ਨੂੰ ਇੱਕ ਸਵਾਲ ਹੁੰਦਾ ਹੈ। ਜੇ ਪਹਿਲਾਂ ਹੀ ਉਹ ਇਹ ਸੋਚ ਕੇ ਰੱਖੇ ਕਿ ਰਿਟਾਇਰਮੈਂਟ ਤੋਂ ਬਾਅਦ ਸਭ ਤੋਂ ਪਹਿਲਾਂ ਉਸ ਨੇ ਆਪਣੀ ਰੋਜ਼ਾਨਾ ਜ਼ਿੰਦਗੀ ਦੀ ਇੱਕ ਸਾਦੀ ਜਿਹੀ ਨਿਯਮਤ ਰੁਟੀਨ ਬਣਾਉਣੀ ਹੈ ਤਾਂ ਉਸ ਉੱਤੇ ਰਿਟਾਇਰਮੈਂਟ ਤੋਂ ਬਾਅਦ ਸਰੀਰਕ ਅਤੇ ਮਾਨਸਿਕ ਤੌਰ ਤੇ ਦਬਾਅ ਨਹੀਂ ਬਣੇਗਾ। ਸਵੇਰ ਦੀ ਸੈਰ, ਕਸਰਤ ਜਾਂ ਯੋਗ, ਪੜ੍ਹਨਾ, ਲਿਖਣਾ, ਦੋਸਤਾਂ-ਰਿਸ਼ਤੇਦਾਰਾਂ ਨਾਲ ? ਮਿਲਣਾ ਅਤੇ ਆਪਣੀ ਰੁਚੀ ਦਾ ਕੰਮ ਮਨ ਨੂੰ ਸਰਗਰਮ ਰੱਖਣਾ ਆਦਿ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਜਿਸ ਵਿਅਕਤੀ ਨੇ ਸਾਰੀ ਉਮਰ ਅਧਿਆਪਕ ਵਜੋਂ ਕੰਮ ਕੀਤਾ ਹੋਵੇ, ਉਹ ਬੱਚਿਆਂ ਨੂੰ ਪੜ੍ਹਾ ਸਕਦਾ ਹੈ। ਲੇਖ਼ਕ ਲਿਖ ਸਕਦਾ ਹੈ, ਪ੍ਰਕਿਰਤੀ ਨੂੰ ਪਿਆਰ ਕਰਨ ਵਾਲੇ ਬਾਗ਼ਬਾਨੀ ਕਰ ਸਕਦੇ ਹਨ, ਕਲਾਕਾਰ ਆਪਣੀ ਕਲਾ ਸਿਖਾ ਸਕਦਾ ਹੈ ਅਤੇ ਤਕਨੀਕੀ ਗਿਆਨ ਰੱਖਣ ਵਾਲ ? ਆਪਣਾ ਤਜ਼ਰਬਾ ਦੂਜਿਆਂ ਨੂੰ ਦੇ ਸਕਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਰਿਟਾਇਰਮੈਂਟ ਤੋਂ ਬਾਅਦ ਆਪਣੇ ਆਪ ਨੂੰ 'ਹੁਣ ਮੇਰੀ ਲੋੜ ਨਹੀਂ' ਵਾਲੀ ਸੋਚ ਵੱਲ ਨੂੰ ਨਹੀਂ ਧੱਕਣਾ ਚਾਹੀਦਾ। ਆਪਣੀ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਪੇਸ਼ ਕਰੋ ਕਿ ਪਰਿਵਾਰ ਅਤੇ ਸਮਾਜ ਨੂੰ ਤੁਹਾਡੇ ਤਜ਼ਰਬੇ ਦੀ ਹਮੇਸ਼ਾਂ ਲੋੜ ਮਹਿਸੂਸ ਹੋਵੇ।

ਰਿਟਾਇਰਮੈਂਟ ਤੋਂ ਬਾਅਦ ਦੀ ਜ਼ਿੰਦਗੀ ਨੂੰ ਅਡੋਲ ਬਣਾਉਣ ਲਈ ਪੈਸੇ ਦੇ ਨਾਲ ?-ਨਾਲ ? ਮਕਸਦ, ਰੁਝੇਵਾਂ, ਸਿਹਤਮੰਦ ਰਿਸ਼ਤੇ ਅਤੇ ਸਿੱਖਣ ਦੀ ਲਗਨ ਵੀ ਜ਼ਰੂਰੀ ਹੈ। ਕਦੇ ਵੀ ਰਿਟਾਇਰਮੈਂਟ ਨੂੰ ਆਪਣੇ ਕਰੀਅਰ ਦਾ 'ਅੰਤ' ਨਾ ਸਮਝੋ ਸਗੋਂ ਇਸਨੂੰ ਆਪਣੀ ਜ਼ਿੰਦਗੀ ਦੇ ਉਸ ਅਧਿਆਇ ਦੀ ਸ਼ੁਰੂਆਤ ਸਮਝੋ ਜਿਸ ਵਿੱਚ ਸਮਾਂ ਤੁਹਾਡਾ ਹੈ ਅਤੇ ਫ਼ੈਸਲਾ ਵੀ ਤੁਹਾਡਾ ਹੈ। ਇਸ ਸਮੇਂ ਨੂੰ ਇੱਕ ਮਨੋਰੰਜਨ ਦੇ ਤੌਰ ਤੇ ਜਿਊਣ ਦੀ ਜਾਚ ਪੈਦਾ ਕਰੋ।

ਸਾਡੇ ਸਮਾਜ ਦਾ ਇੱਕ ਹੋਰ ਪੱਖ ਵੀ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਬੱਚਿਆਂ ਦੇ ਬਦਲਦੇ ਰਵੱਈਏ ਨੂੰ ਸਵੀਕਾਰ ਕਰਨਾ ਵੀ ਇੱਕ ਵੱਡੀ ਚੁਣੌਤੀ ਹੁੰਦੀ ਹੈ। ਜਦੋਂ ਬੱਚੇ ਵੱਡੇ ਹੋ ਕੇ ਆਪਣੇ ਕੰਮ-ਧੰਦੇ ਅਤੇ ਪਰਿਵਾਰ ਵਿੱਚ ਰੁੱਝ ਜਾਂਦੇ ਹਨ ਤਾਂ ਉਨ੍ਹਾਂ ਕੋਲ ਪਹਿਲਾਂ ਜਿੰਨਾਂ ਸਮਾਂ ਨਹੀਂ ਰਹਿੰਦਾ। ਕਈ ਵਾਰ ਮਾਪਿਆਂ ਨੂੰ ਲੱਗਦਾ ਹੈ ਕਿ ਬੱਚੇ ਪਹਿਲਾਂ ਵਰਗਾ ਪਿਆਰ ਜਾਂ ਸਤਿਕਾਰ ਨਹੀਂ ਕਰਦੇ। ਅਜਿਹੇ ਸਮੇਂ ਹਰ ਗੱਲ ਨੂੰ ਦਿਲ 'ਤੇ ਲੈਣ ਦੀ ਬਜਾਏ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੱਚਿਆਂ ਤੋਂ ਪਿਆਰ ਦੀ ਉਮੀਦ ਰੱਖਣਾ ਸੁਭਾਵਿਕ ਹੈ, ਪਰ ਆਪਣੀ ਖੁਸ਼ੀ ਨੂੰ ਪੂਰੀ ਤਰ੍ਹਾਂ ਉਨ੍ਹਾਂ ਦੇ ਵਿਹਾਰ ਨਾਲ ਜੋੜ ਦੇਣਾ ਠੀਕ ਨਹੀਂ। ਆਪਣਾ ਸਮਾਜਿਕ ਘੇਰਾ ਬਣਾਓ, ਦੋਸਤਾਂ ਨਾਲ ਮਿਲੋ, ਪੜ੍ਹੋ-ਲਿਖੋ, ਧਾਰਮਿਕ ਜਾਂ ਸਮਾਜਿਕ ਗਤੀਵਿਧੀਆਂ ਨਾਲ ਜੁੜੋ ਅਤੇ ਆਪਣੀਆਂ ਰੁਚੀਆਂ ਲਈ ਸਮਾਂ ਕੱਢੋ। ਇਸ ਨਾਲ ਬੱਚਿਆਂ ਤੋਂ ਮਿਲਣ ਵਾਲਾ ਸਮਾਂ ਘੱਟ ਹੋਣ ਦੇ ਬਾਵਜੂਦ ਇਕੱਲਾਪਣ ਵੀ ਹਾਵੀ ਨਹੀਂ ਹੁੰਦਾ। ਜੇ ਬੱਚਿਆਂ ਦੀ ਕੋਈ ਗੱਲ ਦੁਖੀ ਕਰਦੀ ਹੈ ਤਾਂ ਚੁੱਪ ਰਹਿ ਕੇ ਅੰਦਰ ਹੀ ਅੰਦਰ ਦੁੱਖੀ ਹੋਣ ਦੀ ਬਜਾਏ ਸ਼ਾਂਤੀ ਨਾਲ ਆਪਣੀ ਗੱਲ ਦਾ ਪੱਖ ਰੱਖੋ । ਪਰ ਹਰ ਛੋਟੀ ਗੱਲ 'ਤੇ ਟੋਕਣਾ, ਪੁਰਾਣੇ ਉਪਕਾਰ ਗਿਣਾਉਣਾ ਜਾਂ "ਅਸੀਂ ਤੁਹਾਡੇ ਲਈ ਇਹ ਕੀਤਾ ਸੀ"ਕਹਿਣਾ ਰਿਸ਼ਤਿਆਂ ਵਿੱਚ ਹੋਰ ਦੂਰੀ ਪੈਦਾ ਕਰ ਸਕਦਾ ਹੈ।

ਰਿਟਾਇਰਮੈਂਟ ਹੋਣ ਤੇ ਬੱਚਿਆਂ ਅਤੇ ਰਿਸ਼ਤੇਦਾਰਾਂ ਦੀ ਅੱਖ ਸਾਰੀ ਉਮਰ ਦੀ ਕਮਾਈ ਦੀ ਬੱਚਤ ਤੋਂ ਮਿਲ ?ਣ ਵਾਲ ? ਫੰਡਾਂ ਤੇ ਹੁੰਦੀ ਹੈ। ਕਈ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਉਧਾਰ ਮੰਗਣਾ ਜਾਂ ਬੱਚਿਆਂ ਵੱਲੋਂ ਵੱਡੀਆਂ ਵੱਡੀਆਂ ਐਸ਼ੋ ਇਸ਼ਰਤ ਦੇ ਸਮਾਨ ਖਰੀਦਣ ਦੀਆਂ ਲੋੜਾਂ ਨੂੰ ਆਪਣੇ ਹਿਸਾਬ ਨਾਲ ? ਨਜਿੱਠਣ ਲਈ ਪਹਿਲਾਂ ਹੀ ਤਿਆਰ ਰਹਿਣਾ ਚਾਹੀਦਾ ਹੈ। ਇਸ ਲਈ ਆਪਣੀ ਆਰਥਿਕ ਅਤੇ ਨਿੱਜੀ ਖ਼ੁਦਮੁਖਤਿਆਰੀ ਜਿੰਨੀ ਸੰਭਵ ਹੋਵੇ ਕਾਇਮ ਰੱਖਣੀ ਚਾਹੀਦੀ ਹੈ। ਆਪਣਾ ਸਮਾਂ, ਪੈਸਾ ਅਤੇ ਫ਼ੈਸਲੇ ਸੰਭਾਲਣ ਦੀ ਸਮਰੱਥਾ ਮਨੁੱਖ ਨੂੰ ਰਿਟਾਇਰਮੈਂਟ ਤੋਂ ਬਾਅਦ ਵੀ ਆਤਮ-ਵਿਸ਼ਵਾਸ ਨਾਲ ? ਭਰ ਦਿੰਦੀ ਹੈ। ਦੂਜੇ ਪੱਖ ਤੋਂ ਦੇਖੀਏ ਤਾਂ ਸਭ ਤੋਂ ਜ਼ਰੂਰੀ ਗੱਲ ਹੈ ਕਿ ਬੱਚਿਆਂ ਨੂੰ ਆਪਣੀ ਜ਼ਿੰਦਗੀ ਜੀਊਣ ਦਿਓ ਅਤੇ ਆਪਣੇ ਆਪ ਨੂੰ ਵੀ ਆਪਣੀ ਜ਼ਿੰਦਗੀ ਜੀਊਣ ਦੀ ਇਜਾਜ਼ਤ ਦਿਓ ਇਸ ਤਰ੍ਹਾਂ ਆਪਸੀ ਪਿਆਰ ਵੀ ਬਣਿਆ ਰਹੇਗਾ ਤੇ ਇੱਕ ਦੂਜੇ ਤੋਂ ਰੱਖਣ ਵਾਲ ?ੀਆਂ ਉਮੀਦਾਂ ਦਾ ਬੋਝ ਘੱਟ ਹੋਵੇਗਾ। ਫਿਰ ਬੱਚਿਆਂ ਨਾਲ ਵੀ ਰਿਸ਼ਤਾ ਵਧੀਆ ਬਣਿਆ ਰਹਿੰਦਾ ਹੈ । ਰਿਟਾਇਰਮੈਂਟ ਤੋਂ ਬਾਅਦ ਦੀ ਜ਼ਿੰਦਗੀ ਵੀ ਹੋਰ ਅਡੋਲ ਤੇ ਸਾਰਥਕ ਬਣਦੀ ਹੈ।

ਰਿਟਾਇਰਮੈਂਟ ਤੋਂ ਬਾਅਦ ਜਦੋਂ ਇਨਸਾਨ ਦਾਦਾ-ਦਾਦੀ ਜਾਂ ਨਾਨਾ-ਨਾਨੀ ਬਣਦਾ ਹੈ ਤਾਂ ਇਹ ਜ਼ਿੰਦਗੀ ਦਾ ਬਹੁਤ ਖ਼ੂਬਸੂਰਤ ਪੜਾਅ ਹੁੰਦਾ ਹੈ। ਪਰ ਕਈ ਵਾਰ ਲੋਕ ਉਮਰ ਛੁਪਾਉਣ ਜਾਂ ਆਪਣੇ ਆਪ ਨੂੰ ਜਵਾਨ ਦਿਖਾਉਣ ਦੀ ਕੋਸ਼ਿਸ਼ ਵਿੱਚ ਇਹ ਕਹਿਣ ਤੋਂ ਵੀ ਝਿਜਕਦੇ ਹਨ ਕਿ ਉਹ ਗ੍ਰੈਂਡ ਪੇਰੈਂਟਸ ਹਨ। ਇਸ ਰਿਸ਼ਤੇ ਨੂੰ ਛੁਪਾਉਣ ਦੀ ਲੋੜ ਨਹੀਂ ਹੁੰਦੀ ਸਗੋਂ ਮਾਣ ਨਾਲ ਸਵੀਕਾਰ ਕਰਨ ਦੀ ਲੋੜ ਹੁੰਦੀ ਹੈ। ਗ੍ਰੈਂਡ ਪੇਰੈਂਟਸ ਬਣਨਾ ਉਮਰ ਵਧਣ ਦੀ ਨਿਸ਼ਾਨੀ ਨਹੀਂ, ਸਗੋਂ ਇਸ ਗੱਲ ਦਾ ਵੀ ਸੁੰਦਰ ਪ੍ਰਤੀਕ ਹੈ ਕਿ ਤੁਸੀਂ ਜ਼ਿੰਦਗੀ ਦੀ ਆਪਣੀ ਪੀੜ੍ਹੀ ਨੂੰ ਆਪਣੀਆਂ ਅੱਖਾਂ ਸਾਹਮਣੇ ਵਧਦੇ ਹੋਏ ਦੇਖ ਰਹੇ ਹੋ। ਪੋਤੇ-ਪੋਤੀਆਂ ਜਾਂ ਦੋਹਤੇ-ਦੋਹਤੀਆਂ ਨਾਲ ਸਮਾਂ ਬਿਤਾਉਣਾ, ਉਨ੍ਹਾਂ ਨੂੰ ਆਪਣੇ ਬਚਪਨ ਦੀਆਂ ਗੱਲਾਂ ਸੁਣਾਉਣਾ, ਪੰਜਾਬੀ ਵਿਰਸੇ ਅਤੇ ਪਰਿਵਾਰ ਦੀਆਂ ਯਾਦਾਂ ਨਾਲ ਜੋੜਨਾ ਵੀ ਅਗਲੀ ਪੀੜ੍ਹੀ ਨੂੰ ਦਿੱਤੀ ਜਾਣ ਵਾਲੀ ਕੀਮਤੀ ਵਿਰਾਸਤ ਹੈ। ਇਸ ਦਾ ਮਤਲਬ ਇਹ ਵੀ ਨਹੀਂ ਕਿ ਗ੍ਰੈਂਡ ਪੇਰੈਂਟਸ ਬਣਨ ਤੋਂ ਬਾਅਦ ਆਪਣੀ ਪਛਾਣ ਸਿਰਫ਼ ਇਸ ਰਿਸ਼ਤੇ ਤੱਕ ਸੀਮਤ ਕਰ ਲਈ ਜਾਵੇ ਸਗੋਂ ਨਾਲ ? ਦੀ ਨਾਲ ? ਆਪਣੀ ਪਸੰਦ ਦੇ ਹੋਰ ਕੰਮ ਕਰੋ, ਸਜੋ-ਸੰਵਰੋ, ਸੈਰ ਕਰੋ, ਲਿਖੋ, ਪੜ੍ਹੋ, ਦੋਸਤਾਂ ਨੂੰ ਮਿਲੋ ਅਤੇ ਨਵੀਆਂ ਚੀਜ਼ਾਂ ਸਿੱਖੋ। ਆਪਣੇ ਪੋਤੇ-ਪੋਤੀਆਂ ਲਈ ਖੁਸ਼ਮਿਜ਼ਾਜ਼, ਸਰਗਰਮ ਅਤੇ ਤਜਰਬੇਕਾਰ ਦਾਦਾ-ਦਾਦੀ ਜਾਂ ਨਾਨਾ-ਨਾਨੀ ਬਣੋ।

ਰਿਟਾਇਰਮੈਂਟ ਤੋਂ ਬਾਅਦ ਬੇਪਰਵਾਹ ਤੇ ਨਿਸ਼ਚਿੰਤ ਹੋ ਕੇ ਜਿਊਣਾ ਸਿੱਖਣਾ ਚਾਹੀਦਾ ਹੈ। ਸਾਰੀ ਉਮਰ ਜ਼ਿੰਮੇਵਾਰੀਆਂ ਨਿਭਾਉਂਦੇ-ਨਿਭਾਉਂਦੇ ਅਸੀਂ ਅਕਸਰ ਆਪਣੇ ਲਈ ਜੀਊਣਾ ਭੁੱਲ ਜਾਂਦੇ ਹਾਂ। ਹਰ ਨਿੱਕੀ-ਨਿੱਕੀ ਗੱਲ ਨੂੰ ਦਿਲ 'ਤੇ ਲਾਉਣ ਦੀ ਥਾਂ ਜਿਵੇਂ ਲੋਕ ਕੀ ਕਹਿਣਗੇ ਇਸ ਦੀ ਚਿੰਤਾ ਕਰਨਾ ਜਾਂ ਬੱਚਿਆਂ ਦੀ ਹਰ ਗੱਲ ਅਤੇ ਚਿੰਤਾ ਨੂੰ ਆਪਣੇ ਮਨ ਨਾਲ ? ਜੋੜਨ ਤੋਂ ਪਹਿਲਾਂ ਆਪਣੇ ਮਨ ਦਾ ਸਕੂਨ ਮੂਹਰੇ ਰੱਖੋ। ਜੋ ਗੱਲ ਤੁਹਾਡੇ ਵੱਸ ਵਿੱਚ ਨਹੀਂ, ਉਸਨੂੰ ਛੱਡਣਾ ਸਿੱਖੋ, ਜਿਹੜੀਆਂ ਗੱਲਾਂ ਨੂੰ ਤੁਸੀਂ ਜਾਂ ਹਾਲਾਤ ਬਦਲ ਨਹੀਂ ਸਕਦੇ, ਉਸਨੂੰ ਸਵੀਕਾਰ ਕਰੋ ਅਤੇ ਜੋ ਸਮਾਂ ਮਿਲਿਆ ਹੈ, ਉਸਨੂੰ ਖੁਸ਼ੀ ਨਾਲ ਜੀਓ। ਆਪਣੀਆਂ ਰੁਚੀਆਂ ਪੂਰੀਆਂ ਕਰੋ, ਦੋਸਤਾਂ ਨੂੰ ਮਿਲੋ, ਘੁੰਮੋ-ਫਿਰੋ, ਪੜ੍ਹੋ-ਲਿਖੋ ਅਤੇ ਆਪਣੇ ਪੋਤੇ-ਪੋਤੀਆਂ ਨਾਲ ਖੁੱਲ੍ਹ ਕੇ ਸਮਾਂ ਬਿਤਾਓ। ਜੇ ਬੱਚੇ ਬੋਝ ਸਮਝਣ ਤਾਂ ਭਾਵਨਾਵਾਂ ਤੋਂ ਪਹਿਲਾਂ ਆਪਣੀ ਅਜ਼ਾਦੀ ਨੂੰ ਤਰਜੀਹ ਦੇ ਕੇ ਉਨ੍ਹਾਂ ਨਾਲ ? ਜੁੜਾਅ ਓਨਾਂ ਰੱਖੋ ਜਿੰਨਾਂ ਉਹ ਸਵੀਕਾਰ ਕਰਨ। ਰਿਟਾਇਰਮੈਂਟ ਜ਼ਿੰਦਗੀ ਤੋਂ ਵਿਦਾਈ ਨਹੀਂ ਹੁੰਦੀ ਸਗੋਂ ਫ਼ ?ਕਰਾਂ ਤੋਂ ਕੁਝ ਹੱਦ ਤੱਕ ਆਜ਼ਾਦ ਹੋ ਕੇ ਆਪਣੇ ਲਈ ਜੀਊਣ ਦਾ ਸਮਾਂ ਹੁੰਦਾ ਹੈ।

## ਦੁਨੀਆ ਦੀ ਸਭ ਤੋਂ ਵੱਡੀ ਫਰੇਮ ਬਿਲਡਿੰਗ

ਬੱਚਿਓ, ਅਸੀਂ ਸਾਰੇ ਆਪਣੇ ਘਰ ਦੀਆਂ ਕੰਧਾਂ 'ਤੇ ਪਰਿਵਾਰ, ਰਿਸ਼ਤੇਦਾਰਾਂ ਜਾਂ ਸਕੂਲ ਦੇ ਮਿੱਤਰਾਂ ਦੀ ਗਰੁੱਪ ਫੋਟੋ ਚੰਗੇ ਜਿਹੇ ਫਰੇਮ ਵਿਚ ਲਗਾਉਂਦੇ ਹਾਂ। ਜੋ ਫੋਟੋ ਦੀ ਖ਼ੂਬਸੂਰਤੀ ਨੂੰ ਹੋਰ ਵੀ ਵਧਾ ਦਿੰਦਾ ਹੈ। ਪਰ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਏਸ਼ੀਆਈ ਦੇਸ਼ ਯੂ.ਏ.ਈ. (ਯੂਨਾਈਟਿਡ ਅਰਬ ਅਮੀਰਾਤ) ਵਿਚ ਇਕ ਇਹੋ ਜਿਹੀ ਬਿਲਡਿੰਗ ਬਣਾਈ ਗਈ ਹੈ, ਜਿਸ ਦਾ ਆਕਾਰ ਫੋਟੋ ਵਰਗਾ ਹੈ । ਇਹ ਵੱਡੀ ਫਰੇਮ ਵਾਲੀ ਬਿਲਡਿੰਗ ਯੂ.ਏ.ਈ.ਦੇ ਸ਼ਹਿਰ ਡੁਬਈ ਸ਼ਹਿਰ ਦੇ ਜ਼ਾਬੀਲ ਪਾਰਕ ਵਿਚ ਸਥਿਤ ਹੈ। ਇਹ ਦੁਨੀਆ ਦੀ ਸਭ ਤੋਂ ਵੱਡੀ ਫੋਟੋ ਫਰੇਮ ਵਾਲੀ ਬਿਲਡਿੰਗ ਹੈ। ਸਾਲ 2009 ਵਿਚ ਡੁਬਈ ਫਰੇਮ ਬਿਸੇਨਗਰੁੱਪ ਏਲੀਵੇਟਰ ਇੰਟਰਨੈਸ਼ਨਲ ਰਾਹੀ ਡੁਬਈ ਫਰੇਮ ਬਣਾਉਣ ਦੇ ਲਈ ਇਕ ਮੁਕਾਬਲਾ ਹੋਇਆ। ਇਸ ਵਿਚ ਫਰਨਾਡੋ ਡੋਨਿਸ ਦੇ ਡਿਜ਼ਾਈਨ ਨੂੰ ਜੇਤੂ ਐਲਾਨਿਆ ਗਿਆ। ਬਾਅਦ ਵਿਚ ਇਸੇ ਡਿਜ਼ਾਈਨ ਦੇ ਆਧਾਰ 'ਤੇ ਬਿਲਡਿੰਗ ਨੂੰ ਬਣਾਇਆ ਗਿਆ। ਡੁਬਈ ਫਰੇਮ ਗੋਲਡਨ ਥੀਮ 'ਤੇ ਬਣਿਆ ਹੈ। ਇਸ ਦੇ ਲਈ 15,000 ਸਕਵਾਇਰ ਮੀਟਰ ਦੇ ਗੋਲਡ ਸਟੇਨਲੇਸ ਸਟੀਲ ਦਾ ਇਸਤੇਮਾਲ ਹੋਇਆ ਹੈ। ਇਸ ਬਿਲਡਿੰਗ ਦੀ ਕੁੱਲ ਉੱਚਾਈ ਲਗਪਗ 150 ਮੀਟਰ ਹੈ। ਮਤਲਬ 50 ਮੰਜ਼ਿਲਾ ਬਿਲਡਿੰਗ ਦੇ ਬਰਾਬਰ। ਇਸ ਦੀ ਚੌੜਾਈ 93 ਮੀਟਰ ਹੈ। ਇਸ ਦੇ ਨਿਰਮਾਣ ਵਿਚ 9,900 ਘਣ ਮੀਟਰ ਕੰਕਰੀਟ ਅਤੇ 2,000 ਟਨ ਸਟੀਲ ਦਾ ਇਸਤੇਮਾਲ ਹੋਇਆ ਹੈ। ਡੁਬਈ ਫਰੇਮ ਦੇ ਗਰਾਊਂਡ ਫਲੋਰ 'ਤੇ ਇਕ ਅਜਾਇਬ ਘਰ ਹੈ, ਨਾਲ ਹੀ ਸਾਲ 2050 ਨੂੰ ਇਮੇਜਿਨ ਕਰਾਉਂਦੀ ਫਿਊਚਰ ਗੈਲਰੀ ਹੈ। ਫਰੇਮ ਦੇ ਸਭ ਤੋਂ ਉੱਪਰ ਲਟਕੇ ਹਿੱਸੇ ਦਾ ਨਾਂਅ ਸਕਾਈ ਬ੍ਰਿ ?ਜ ਹੈ। ਇਸ ਦੀ ਕੁੱਲ ਲੰਬਾਈ 93 ਮੀਟਰ ਹੈ। ਇਹ ਸਕਾਈ ਬ੍ਰਿ ?ਜ ਦੋ ਟਾਵਰਾਂ ਨੂੰ ਆਪਸ ਵਿਚ ਜੋੜਦੀ ਹੈ। ਸਕਾਈ ਬ੍ਰਿ ?ਜ ਤੋਂ 360 ਡਿਗਰੀ ਵਾਯੂ ਤੋਂ ਪੂਰੇ ਡੁਬਈ ਨੂੰ ਦੇਖਿਆ ਜਾ ਸਕਦਾ ਹੈ। ਸਕਾਈ ਬ੍ਰਿਜ ਦੇ ਇਕ ਹਿੱਸੇ ਵਿਚ ਚਮਕਦਾਰ ਕੱਚ ਲਗਾਇਆ ਗਿਆ ਹੈ। ਜਿਉਂ ਹੀ ਕੋਈ ਸੈਲਾਨੀ ਇਸ 'ਤੇ ਤੁਰਦਾ ਹੈ ਤਾਂ ਕੱਚ ਪਾਰਦਰਸ਼ੀ ਹੋ ਜਾਂਦਾ ਹੈ, ਜਿਸ ਨਾਲ ਤੁਰਨ ਵਾਲੇ ਨੂੰ ਇਹੋ ਜਿਹਾ ਅਨੁਭਵ ਹੁੰਦਾ ਹੈ ਕਿ ਉਹ ਹਵਾ ਵਿਚ ਚਲ ਰਿਹਾ ਹੈ।



# ਮਾਰਕ ਕਾਰਨੀ ਦੀ ਸਰਕਾਰ ਵਾਸ਼ਿੰਗਟਨ ਤੋਂ ਦੂਰੀ ਨਹੀਂ ਬਣਾ ਰਹੀ। ਉਹ ਅਜਿਹੇ ਸਾਥੀ ਲੱਭ ਰਹੀ ਹੈ ਜੋ ਸਮਝੌਤਿਆਂ ਦਾ ਸਤਿਕਾਰ ਕਰਨ

ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੂਲਾ ਫ਼ਾਨ ਡੇਅਰ ਲਾਇਨ ਨੇ 2026 ਦੇ ਆਪਣੇ ਸਟੇਟ ਆਫ਼ ਦ ਯੂਨੀਅਨ ਸੰਬੋਧਨ ਦੌਰਾਨ ਬਰੱਸਲਜ਼ ਅਤੇ ਦੁਨੀਆ ਭਰ ਦੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਉਹ ਕੈਨੇਡਾ ਨੂੰ ਯੂਰਪੀ ਸੰਘ ਦਾ ਸਹਿਯੋਗੀ ਮੈਂਬਰ ਬਣਿਆ ਦੇਖਣਾ ਚਾਹੁੰਦੀ ਹੈ।

ਯੂਰਪੀ ਸੰਸਦ ਦੀ ਪ੍ਰਧਾਨ ਰੋਬਰਤਾ ਮੇਤਸੋਲਾ, ਜੋ ਮਾਲਟਾ ਤੋਂ ਹਨ ਅਤੇ ਫ਼ਾਨ ਡੇਅਰ ਲਾਇਨ ਦੀ ਮੱਧ-ਸੱਜੇ ਪੱਖੀ ਪਾਰਟੀ ਨਾਲ ਜੁੜੀਆਂ ਹੋਈਆਂ ਹਨ, ਨੇ ਇਸ ਵਿਚਾਰ ਦਾ ਸਮਰਥਨ ਕੀਤਾ। ਉਨ੍ਹਾਂ ਨੇ ਕਿਹਾ ਕਿ ਆਸਟ ?ਰੇਲੀਆ ਅਤੇ ਨਿਊਜ਼ੀਲੈਂਡ ਵੀ ਇਸ ਹਾਲੇ ਤੱਕ ਪਰਿਭਾਸ਼ਿਤ ਨਾ ਕੀਤੀ ਗਈ ਸਹਿਯੋਗੀ ਮੈਂਬਰਸ਼ਿਪ ਲਈ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਮਾਲਟਾ ਅਤੇ ਕੈਨੇਡਾ ਵਾਂਗ ਇਹ ਦੋਵੇਂ ਦੇਸ਼ ਵੀ ਕਾਮਨਵੈਲਥ ਦੇ ਮੈਂਬਰ ਹਨ।

ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੀ ਯੂਰਪੀ ਸੰਘ ਨਾਲ ਵਪਾਰਕ, ਸੁਰੱਖਿਆ ਅਤੇ ਰਾਜਨੀਤਿਕ ਸਬੰਧ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਕਾਰਨ ਸਿੱਧਾ ਹੈ: ਅਮਰੀਕਾ ਵੱਲੋਂ ਲਗਾਤਾਰ ਟੈਰਿਫ਼ਾਂ ਦੀ ਧਮਕੀ, ਲਾਗੂ ਕੀਤੇ ਗਏ ਟੈਰਿਫ਼ ਅਤੇ ਮੌਜੂਦਾ ਵਪਾਰਕ ਸਮਝੌਤਿਆਂ ਉੱਤੇ ਹਮਲਿਆਂ ਨੇ ਵਾਸ਼ਿੰਗਟਨ ਉੱਤੇ ਨਿਰਭਰਤਾ ਨੂੰ ਵੱਧ ਜੋਖ਼ ?ਮ ਵਾਲਾ ਬਣਾ ਦਿੱਤਾ ਹੈ। ਅਮਰੀਕਾ ਅਜੇ ਵੀ ਕੈਨੇਡਾ ਦਾ ਸਭ ਤੋਂ ਵੱਡਾ ਆਰਥਿਕ ਭਾਈਵਾਲ ਹੈ, ਪਰ ਹੁਣ ਇਹ ਰਿਸ਼ਤਾ ਸਥਿਰਤਾ ਦੀ ਗਾਰੰਟੀ ਨਹੀਂ ਦਿੰਦਾ।

ਯੂਰਪੀ ਸੰਘ ਨਾਲ ਕੈਨੇਡਾ ਦਾ ÷ਵਿਲੱਖਣ ਗਠਜੋੜ÷ ਅਮਰੀਕੀਆਂ ਤੋਂ ਦੂਰੀ ਬਣਾਉਣ ਦਾ ਐਲਾਨ ਨਹੀਂ ਹੈ। ਇਹ ਉਹਨਾਂ ਭਾਈਵਾਲਾਂ ਦੀ ਭਾਲ ਹੈ ਜੋ ਸਮਝੌਤਿਆਂ ਦਾ ਸਤਿਕਾਰ ਕਰਨ ਅਤੇ ਹਰ ਨਵੀਂ ਵ ?ਹਾਈਟ ਹਾਊਸ ਮੰਗ ਮੁਤਾਬਕ ਆਪਣੀ ਨੀਤੀ ਨਾ ਬਦਲਣ। ਇਸ ਦੇ ਪਿੱਛੇ ਰਾਜਨੀਤਿਕ ਫ਼ੈਸਲਾ ਹੈ, ਪਰ ਦਬਾਅ ਦੇ ਕਾਰਨ ਸਪਸ਼ਟ ਅਤੇ ਤੱਥਾਂ ਉੱਤੇ ਆਧਾਰਿਤ ਹਨ।

ਅਮਰੀਕਾ ਨਾਲ ਕੈਨੇਡਾ ਦਾ ਵਪਾਰਕ ਰਿਸ਼ਤਾ ਬੇਹੱਦ ਵੱਡਾ ਹੈ। ਇਹ ਦੋਵੇਂ ਦੇਸ਼ਾਂ ਦੀਆਂ ਫੈਕਟਰੀਆਂ, ਖੇਤਾਂ, ਊਰਜਾ ਢਾਂਚਾ ਅਤੇ ਪਰਿਵਾਰਕ ਜੀਵਨ ਵਿੱਚ ਰਚਿਆ ਹੋਇਆ ਹੈ। ਕੈਨੇਡਾ ਦੇ ਸਰਕਾਰੀ ਅੰਕੜਿਆਂ ਮੁਤਾਬਕ, 2024 ਵਿੱਚ ਕੈਨੇਡਾ ਦੇ ਵਸਤੂ ਨਿਰਯਾਤਾਂ ਦਾ ਲਗਭਗ ਤਿੰਨ-ਚੌਥਾਈ ਹਿੱਸਾ ਅਮਰੀਕਾ ਗਿਆ। ਇਸ ਪੱਧਰ ਦੇ ਵਪਾਰ ਨਾਲ ਰੁਜ਼ਗਾਰ ਅਤੇ ਕਾਰਗੁਜ਼ਾਰੀ ਨੂੰ ਫ਼ਾਇਦਾ ਹੁੰਦਾ ਹੈ।

ਪਰ ਇਸੇ ਨਿਰਭਰਤਾ ਨਾਲ ਜੋਖ਼ ?ਮ ਵੀ ਵਧਦਾ ਹੈ। ਟੈਰਿਫ਼ ਵਿਵਾਦ, ਸਰਹੱਦੀ ਦੇਰੀ ਜਾਂ ਰਾਸ਼ਟਰਪਤੀ ਦੀ ਧਮਕੀ ਕੈਨੇਡਾ ਭਰ ਵਿੱਚ ਨਿਵੇਸ਼ ਦੇ ਫ਼ੈਸਲੇ ਰੋਕ ਸਕਦੀ ਹੈ। ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਦੇ ਸਮਝੌਤੇ, ਜਿਸ ਨੂੰ ਕੁਸਮਾ ਕਿਹਾ ਜਾਂਦਾ ਹੈ, ਦਾ ਮਕਸਦ ਮਹਾਦੀਪੀ ਵਪਾਰ ਨੂੰ ਵਧੇਰੇ ਭਰੋਸੇਯੋਗ ਬਣਾਉਣਾ ਸੀ। ਫਿਰ ਵੀ ਟਰੰਪ ਪ੍ਰਸ਼ਾਸਨ ਦੇ ਟੈਰਿਫ਼ਾਂ ਅਤੇ ਧਮਕੀਆਂ ਨੇ ਦਿਖਾ ਦਿੱਤਾ ਕਿ ਦਸਤਖ਼ਤ ਕੀਤਾ ਹੋਇਆ ਸਮਝੌਤਾ ਵੀ ਉਸ ਸਰਕਾਰ ਨੂੰ ਨਹੀਂ ਰੋਕ ਸਕਦਾ ਜੋ ਬਾਜ਼ਾਰ ਤੱਕ ਪਹੁੰਚ ਨੂੰ ਦਬਾਅ ਦੇ ਸਾਧਨ ਵਜੋਂ ਵਰਤਣ ਲਈ ਤਿਆਰ ਹੋਵੇ।

ਅਪ੍ਰੈਲ 1941 ਵਿੱਚ ਪ੍ਰਧਾਨ ਮੰਤਰੀ ਵਿਲੀਅਮ ਲਾਇਨ ਮੈਕੈਂਜ਼ੀ ਕਿੰਗ ਨੇ ਨਿਊਯਾਰਕ ਦੇ ਹਾਈਡ ਪਾਰਕ ਵਿੱਚ ਰਾਸ਼ਟਰਪਤੀ ਫ ?ਰੈਂਕਲਿਨ ਡੀ. ਰੂਜ਼ਵੈਲਟ ਨਾਲ ਗੁਪਤ ਗੱਲਬਾਤ ਕੀਤੀ। ਚਰਚਾ ਮਹਾਦੀਪੀ ਰੱਖਿਆ ਅਤੇ ਜੰਗੀ ਉਤਪਾਦਨ ਬਾਰੇ ਸੀ। ਹਾਈਡ ਪਾਰਕ ਘੋਸ਼ਣਾ ਰਾਹੀਂ ਦੋਵੇਂ ਦੇਸ਼ਾਂ ਨੇ ਸੰਭਵ ਹੋਣ ਦੀ ਹੱਦ ਤੱਕ ਇਕ ਦੂਜੇ ਦੀਆਂ ਰੱਖਿਆ ਲੋੜਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ।

ਉਹ ਦਬਾਅ ਹੇਠ ਦੋ ਗੁਆਂਢੀ ਦੇਸ਼ਾਂ ਦਾ ਸਹਿਯੋਗ ਸੀ, ਕੈਨੇਡਾ ਵੱਲੋਂ ਆਪਣੀ ਫ਼ੈਸਲਾ ਕਰਨ ਦੀ ਸਮਰੱਥਾ ਛੱਡਣਾ ਨਹੀਂ। ਕੈਨੇਡਾ ਸਤੰਬਰ 1939 ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਸ਼ਾਮਲ ਹੋ ਗਿਆ ਸੀ, ਜਦੋਂ ਅਮਰੀਕਾ ਹਾਲੇ ਜੰਗ ਤੋਂ ਬਾਹਰ ਸੀ। ਇਸ ਇਤਿਹਾਸ ਤੋਂ ਅੱਜ ਵੀ ਇੱਕ ਸਬਕ ਮਿਲਦਾ ਹੈ: ਕੈਨੇਡਾ ਨੇ ਭਾਰੀ ਕੀਮਤ ਦੇ ਬਾਵਜੂਦ ਲੋਕਤੰਤਰਕ ਸਾਥੀਆਂ ਦਾ ਸਾਥ ਦਿੱਤਾ ਹੈ ਅਤੇ ਨਾਲ ਹੀ ਆਪਣੀ ਕਾਰਵਾਈ ਦੀ ਸਮਰੱਥਾ ਵੀ ਬਚਾਈ ਹੈ।

ਕੈਨੇਡਾ ਨੂੰ ਆਪਸੀ ਨਿਰਭਰਤਾ ਨੂੰ ਬੇਬਸੀ ਨਹੀਂ ਸਮਝਣਾ ਚਾਹੀਦਾ। ਅਮਰੀਕੀ ਅਤੇ ਕੈਨੇਡੀਅਨ ਅਰਥਵਿਵਸਥਾਵਾਂ ਦੇ ਰਿਸ਼ਤੇ ਲੰਮੇ ਸਮੇਂ ਤੱਕ ਗੂੜ੍ਹੇ ਰਹਿਣਗੇ। ਦੋਵਾਂ ਦੇਸ਼ਾਂ ਦੀ ਰੱਖਿਆ ਭਾਈਵਾਲੀ ਦਾ ਵੀ ਕੋਈ ਆਸਾਨ ਬਦਲ ਨਹੀਂ ਹੈ। ਨੋਰਾਡ ਅਤੇ ਨਾਟੋ ਇਸ ਰਿਸ਼ਤੇ ਦੇ ਕੇਂਦਰੀ ਹਿੱਸੇ ਹਨ।

ਪਰ ਜਿਸ ਸਾਥੀ ਦਾ ਇੱਕੋ ਗਾਹਕ ਸਭ ਤੋਂ ਵੱਡਾ ਹੋਵੇ, ਉਸ ਕੋਲ ਨਿਯਮ ਬਦਲਣ ਵੇਲੇ ਜਵਾਬ ਦੇਣ ਦੀ ਗੁੰਜਾਇਸ਼ ਘੱਟ ਰਹਿੰਦੀ ਹੈ। ਯੂਰਪੀ ਸੰਘ ਨਾਲ ਕੈਨੇਡਾ ਦੇ ਵਿਲੱਖਣ ਗਠਜੋੜ ਦੀ ਅਸਲ ਕੀਮਤ ਉੱਤਰੀ ਅਮਰੀਕਾ ਤੋਂ ਬਾਹਰ ਨਿਕਲਣ ਵਿੱਚ ਨਹੀਂ, ਸਗੋਂ ਗੱਲਬਾਤ ਲਈ ਵਧੇਰੇ ਥਾਂ ਬਣਾਉਣ ਵਿੱਚ ਹੈ।

ਇਸ ਲਈ ਸੀਈਟੀਏ ਸਭ ਤੋਂ ਵਿਹਾਰਕ ਸ਼ੁਰੂਆਤ ਹੈ। ਕੈਨੇਡਾ ਅਤੇ ਯੂਰਪੀ ਸੰਘ ਦਾ ਵਿਆਪਕ ਆਰਥਿਕ ਅਤੇ ਵਪਾਰਕ ਸਮਝੌਤਾ ਸਤੰਬਰ 2017 ਤੋਂ ਅੰਸ਼ਕ ਤੌਰ ਉੱਤੇ ਲਾਗੂ ਹੈ। ਇਸ ਨੇ ਵਸਤੂਆਂ ਉੱਤੇ ਲੱਗਣ ਵਾਲੇ ਜ਼ਿਆਦਾਤਰ ਟੈਰਿਫ਼ ਹਟਾਏ ਅਤੇ ਸੇਵਾਵਾਂ ਤੇ ਸਰਕਾਰੀ ਖ਼ਰੀਦ ਬਾਜ਼ਾਰਾਂ ਦੇ ਕੁਝ ਹਿੱਸੇ ਖੋਲ੍ਹੇ।




ਸੀਈਟੀਏ ਨੇ ਯੂਰਪੀ ਉਤਪਾਦ ਮਿਆਰਾਂ ਜਾਂ ਕੈਨੇਡਾ ਅਤੇ ਯੂਰਪ ਵਿਚਕਾਰ ਲੰਮੀ ਦੂਰੀ ਦੀ ਸਮੱਸਿਆ ਖ਼ਤਮ ਨਹੀਂ ਕੀਤੀ। ਫਿਰ ਵੀ ਕੈਨੇਡੀਅਨ ਕੰਪਨੀਆਂ ਕੋਲ ਅਜਿਹਾ ਨਿਯਮ-ਢਾਂਚਾ ਮੌਜੂਦ ਹੈ ਜਿਸ ਉੱਤੇ ਉਹ ਕੰਮ ਕਰ ਸਕਦੀਆਂ ਹਨ। ਇਹ ਕਿਸੇ ਸਿਖਰ ਸੰਮੇਲਨ ਵਿੱਚ ਕੀਤੇ ਗਏ ਭਵਿੱਖ ਦੇ ਵਾਅਦੇ ਨਾਲੋਂ ਵੱਖਰਾ ਹੈ।

ਯੂਰਪ ਨੂੰ ਬੈਟਰੀਆਂ, ਊਰਜਾ ਪ੍ਰਣਾਲੀਆਂ, ਉਤਪਾਦਨ ਅਤੇ ਰੱਖਿਆ ਖੇਤਰ ਲਈ ਭਰੋਸੇਯੋਗ ਸਪਲਾਈ ਦੀ ਲੋੜ ਹੈ। ਕੈਨੇਡਾ ਖਣਿਜ, ਖੁਰਾਕ, ਊਰਜਾ, ਉੱਨਤ ਉਤਪਾਦਨ ਅਤੇ ਸਥਿਰ ਕਾਨੂੰਨੀ ਪ੍ਰਣਾਲੀ ਮੁਹੱਈਆ ਕਰ ਸਕਦਾ ਹੈ। ਕੈਨੇਡਾ ਦੀ ਨਾਜ਼ੁਕ ਖਣਿਜ ਰਣਨੀਤੀ ਨੇ ਦੇਸ਼ ਦੀ ਅਰਥਵਿਵਸਥਾ ਅਤੇ ਸੁਰੱਖਿਆ ਲਈ 31 ਖਣਿਜਾਂ ਨੂੰ ਅਹਿਮ ਦਰਜਾ ਦਿੱਤਾ ਹੈ।

ਸੁਰਜੀਤ ਸਿੰਘ ਫਲੋਰਾ
647-829-9397

ਨਿਕਲ, ਕੋਬਾਲਟ, ਗ੍ਰੈਫ਼ਾਈਟ, ਲਿਥੀਅਮ, ਯੂਰੇਨੀਅਮ, ਪੋਟਾਸ਼, ਐਲੂਮੀਨੀਅਮ ਅਤੇ ਸਾਫ਼ ਬਿਜਲੀ ਯੂਰਪੀ ਉਦਯੋਗ ਲਈ ਮਹੱਤਵ ਰੱਖਦੇ ਹਨ। ਪਰ ਸਿਰਫ਼ ਭੰਡਾਰ ਹੋਣ ਨਾਲ ਸਪਲਾਈ ਲੜੀ ਨਹੀਂ ਬਣਦੀ। ਖਾਣਾਂ ਲਈ ਮਨਜ਼ੂਰੀਆਂ ਚਾਹੀਦੀਆਂ ਹਨ, ਪ੍ਰੋਸੈਸਿੰਗ ਲਈ ਨਿਵੇਸ਼ ਲੋੜੀਂਦਾ ਹੈ ਅਤੇ ਪ੍ਰਾਜੈਕਟਾਂ ਲਈ ਆਦਿਵਾਸੀ ਭਾਈਚਾਰਿਆਂ ਅਤੇ ਜਨਤਾ ਨਾਲ ਅਰਥਪੂਰਨ ਭਾਈਵਾਲੀ ਜ਼ਰੂਰੀ ਹੈ।

ਕੈਨੇਡਾ ਯੂਰਪ ਲਈ ਕਿਸੇ ਵੀ ਵਸਤੂ ਦਾ ਇਕੱਲਾ ਸਰੋਤ ਨਹੀਂ ਬਣੇਗਾ। ਪਰ ਉਹ ਇੱਕ ਵਧੇਰੇ ਭਰੋਸੇਯੋਗ ਸਰੋਤ ਬਣ ਸਕਦਾ ਹੈ। ਯੂਰਪੀ ਸੰਘ ਕੋਲ ਵੀ ਕੈਨੇਡਾ ਨਾਲ ਸਬੰਧ ਵਧਾਉਣ ਦੇ ਸਪਸ਼ਟ ਕਾਰਨ ਹਨ। ਯੂਰਪ ਨੂੰ ਭਰੋਸੇਯੋਗ ਊਰਜਾ, ਖਣਿਜ, ਖੁਰਾਕ, ਰੱਖਿਆ ਸਹਿਯੋਗ ਅਤੇ ਅਜਿਹੇ ਲੋਕਤੰਤਰਕ ਭਾਈਵਾਲਾਂ ਦੀ ਲੋੜ ਹੈ ਜੋ ਵਾਅਦੇ ਪੂਰੇ ਕਰ ਸਕਣ। ਅਮਰੀਕੀ ਨੀਤੀ ਵਿੱਚ ਅਸਥਿਰਤਾ ਦੇ ਸਮੇਂ ਕੈਨੇਡਾ ਯੂਰਪ ਨੂੰ ਉੱਤਰੀ ਅਮਰੀਕਾ ਨਾਲ ਵਧੇਰੇ ਸਥਿਰ ਰਿਸ਼ਤਾ ਵੀ ਦੇ ਸਕਦਾ ਹੈ।

ਫਿਰ ਵੀ ਯੂਰਪੀ ਸੰਘ ਵਿੱਚ 27 ਸਰਕਾਰਾਂ, ਵਿਸਥਾਰਪੂਰਵਕ ਨਿਯਮ, ਰਾਜਨੀਤਿਕ ਵੰਡ ਅਤੇ ਹੌਲੀ ਮਨਜ਼ੂਰੀ ਪ੍ਰਕਿਰਿਆਵਾਂ ਹਨ। ਭੂਗੋਲ ਵੀ ਅਹਿਮ ਹੈ। ਬੰਦਰਗਾਹਾਂ, ਰੇਲ ਸੰਪਰਕ, ਮੁਦਰਾ ਅਤੇ ਅਮਰੀਕਾ ਨਾਲ ਦਹਾਕਿਆਂ ਪੁਰਾਣੇ ਵਪਾਰਕ ਰਿਸ਼ਤੇ ਵੀ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਵਪਾਰ ਵਿੱਚ ਵਿਭਿੰਨਤਾ ਦਾ ਮਤਲਬ ਅਮਰੀਕੀ ਵਪਾਰ ਛੱਡਣਾ ਨਹੀਂ, ਸਗੋਂ ਕਿਸੇ ਇੱਕ ਭਾਈਵਾਲ ਉੱਤੇ ਨਿਰਭਰਤਾ ਤੋਂ ਪੈਦਾ ਹੋਣ ਵਾਲਾ ਖ਼ਤਰਾ ਘਟਾਉਣਾ ਹੈ।

ਹੁਣ ਔਟਵਾ ਨੂੰ ਵੱਡੇ ਰਾਜਨੀਤਿਕ ਸ਼ਬਦਾਂ ਤੋਂ ਅੱਗੇ ਵਧਣਾ ਪਵੇਗਾ। 23 ਜੂਨ 2025 ਨੂੰ ਕੈਨੇਡਾ ਅਤੇ ਯੂਰਪੀ ਸੰਘ ਨੇ ਸੁਰੱਖਿਆ ਅਤੇ ਰੱਖਿਆ ਭਾਈਵਾਲੀ ਉੱਤੇ ਦਸਤਖ਼ਤ ਕੀਤੇ। ਇਹ ਸਮਝੌਤਾ ਸਲਾਹ-ਮਸ਼ਵਰੇ ਅਤੇ ਸਹਿਯੋਗ ਲਈ ਢਾਂਚਾ ਦਿੰਦਾ ਹੈ। ਇਹ ਆਪਸੀ ਰੱਖਿਆ ਸੰਧੀ ਨਹੀਂ ਹੈ ਅਤੇ ਆਪਣੇ ਆਪ ਨਵੀਆਂ ਫੈਕਟਰੀਆਂ, ਖਾਣਾਂ, ਬੰਦਰਗਾਹਾਂ ਜਾਂ ਨਿਰਯਾਤ ਗਾਹਕ ਪੈਦਾ ਨਹੀਂ ਕਰਦਾ।

ਸੀਈਟੀਏ ਪਹਿਲਾਂ ਹੀ ਲਾਗੂ ਹੈ। ਨਵੇਂ ਰੱਖਿਆ ਪ੍ਰਬੰਧਾਂ ਉੱਤੇ ਦਸਤਖ਼ਤ ਹੋ ਚੁੱਕੇ ਹਨ। ਇਸ ਤੋਂ ਬਾਅਦ ਦੇ ਕਈ ਵਪਾਰਕ ਪ੍ਰਾਜੈਕਟ ਹਾਲੇ ਪ੍ਰਸਤਾਵਾਂ, ਗੱਲਬਾਤਾਂ ਜਾਂ ਸ਼ੁਰੂਆਤੀ ਨਿਵੇਸ਼ਾਂ ਦੇ ਪੜਾਅ ਉੱਤੇ ਹਨ। ਇਹ ਫ਼ਰਕ ਮਹੱਤਵ ਰੱਖਦੇ ਹਨ। ਇੱਕ ਯਾਦਦਾਸ਼ਤ ਸਮਝੌਤਾ ਕਰਾਰ ਨਹੀਂ ਹੁੰਦਾ ਅਤੇ ਕਰਾਰ ਵੀ ਚੱਲ ਰਹੀ ਸਪਲਾਈ ਲੜੀ ਦੇ ਬਰਾਬਰ ਨਹੀਂ ਹੁੰਦਾ।

ਜੇ ਕੈਨੇਡੀਅਨ ਵਸਤੂਆਂ ਬੰਦਰਗਾਹ ਤੱਕ ਨਹੀਂ ਪਹੁੰਚ ਸਕਦੀਆਂ, ਯੂਰਪੀ ਮਿਆਰ ਪੂਰੇ ਨਹੀਂ ਕਰਦੀਆਂ ਜਾਂ ਉਨ੍ਹਾਂ ਲਈ ਖਰੀਦਦਾਰ ਨਹੀਂ ਮਿਲਦਾ, ਤਾਂ ਵਪਾਰਕ ਸਮਝੌਤਾ ਵਿਭਿੰਨਤਾ ਨਹੀਂ ਲਿਆਉਂਦਾ। ਕੈਨੇਡਾ ਨੂੰ ਨਿਰਯਾਤ ਢਾਂਚੇ, ਵਧੇਰੇ ਪ੍ਰੋਸੈਸਿੰਗ ਸਮਰੱਥਾ ਅਤੇ ਅਜਿਹੇ ਵਪਾਰ ਦਫ਼ਤਰਾਂ ਦੀ ਲੋੜ ਹੈ ਜੋ ਛੋਟੀਆਂ ਕੰਪਨੀਆਂ ਨੂੰ ਯੂਰਪੀ ਨਿਯਮ ਸਮਝਣ ਵਿੱਚ ਮਦਦ ਕਰ ਸਕਣ। ਨਾਲ ਹੀ ਕੁਸਮਾ ਅਧੀਨ ਆਪਣੇ ਅਧਿਕਾਰਾਂ ਦੀ ਰੱਖਿਆ ਵੀ ਕਰਨੀ ਪਵੇਗੀ। ਵਿਦੇਸ਼ੀ ਆਗੂਆਂ ਨਾਲ ਹਰ ਮੀਟਿੰਗ ਨੂੰ ਵੱਡੀ ਉਪਲਬਧੀ ਦੱਸਣ ਦੀ ਆਦਤ ਵੀ ਛੱਡਣੀ ਪਵੇਗੀ। ਮੁੱਦਾ ਪ੍ਰਤੀਕਾਤਮਕ ਆਜ਼ਾਦੀ ਨਹੀਂ ਹੈ। ਅਸਲ ਨਤੀਜੇ ਵਧੇਰੇ ਗਾਹਕਾਂ, ਵਧੇਰੇ ਨਿਵੇਸ਼ ਅਤੇ ਉਸ ਵਧੀ ਹੋਈ ਗੁੰਜਾਇਸ਼ ਵਿੱਚ ਹਨ ਜਿਸ ਨਾਲ ਵਾਸ਼ਿੰਗਟਨ ਵੱਲੋਂ ਦਬਾਅ ਪੈਣ ਉੱਤੇ ਕੈਨੇਡਾ ਇਨਕਾਰ ਕਰ ਸਕੇ।

ਯੂਰਪ ਨਾਲ ਵਿਲੱਖਣ ਰਿਸ਼ਤਾ ਬਣਾਉਣ ਦੀ ਕੈਨੇਡਾ ਦੀ ਕੋਸ਼ਿਸ਼ ਅਸਥਿਰ ਹੋ ਚੁੱਕੇ ਅਮਰੀਕੀ ਭਾਈਵਾਲੀ ਪ੍ਰਤੀ ਤਰਕਸੰਗਤ ਪ੍ਰਤੀਕਿਰਿਆ ਹੈ। ਇਸ ਨਾਲ ਕੈਨੇਡਾ ਅਤੇ ਅਮਰੀਕਾ ਵਿਚਕਾਰ ਡੂੰਘੇ ਵਪਾਰਕ, ਸੱਭਿਆਚਾਰਕ ਅਤੇ ਸੁਰੱਖਿਆ ਸਬੰਧ ਖ਼ਤਮ ਨਹੀਂ ਹੁੰਦੇ। ਕੈਨੇਡਾ ਉੱਤਰੀ ਅਮਰੀਕਾ ਦਾ ਨੇੜਲਾ ਸਾਥੀ ਰਹਿੰਦੇ ਹੋਏ ਆਪਣੇ ਵਪਾਰਕ, ਸੁਰੱਖਿਆ ਅਤੇ ਕੂਟਨੀਤਕ ਸਬੰਧ ਯੂਰਪ ਤੱਕ ਵਧਾ ਸਕਦਾ ਹੈ। ਇਹ ਧੋਖਾ ਨਹੀਂ, ਸਗੋਂ ਆਪਣੀ ਫ਼ੈਸਲਾ ਕਰਨ ਦੀ ਸਮਰੱਥਾ ਦੀ ਰੱਖਿਆ ਹੈ। ਕੈਨੇਡਾ ਦੀ ਅਰਥਵਿਵਸਥਾ ਅਤੇ ਸੁਰੱਖਿਆ ਨੂੰ ਸਤਿਕਾਰ ਮਿਲੇਗਾ ਜਾਂ ਨਹੀਂ, ਇਹ ਫ਼ੈਸਲਾ ਕਿਸੇ ਹੋਰ ਸਰਕਾਰ ਦੀ ਮਰਜ਼ੀ ਉੱਤੇ ਛੱਡਣਾ ਹੁਣ ਮਹਿੰਗਾ ਪੈ ਸਕਦਾ ਹੈ।

# ਵਿਦਿਆਰਥੀਆਂ ਲਈ ਸ.ਫਲਤਾ ਦੇ ਕੁਝ ਖਾਸ ਨੁਕਤੇ

ਵਿਦਿਆਰਥੀ ਜੀਵਨ ਕਿਸੇ ਵੀ ਇਨਸਾਨ ਦੀ ਸਮੁੱਚੀ ਜ਼ਿੰਦਗੀ ਦਾ ਇੱਕ ਅਹਿਮ ਪੜਾਅ ਹੈ। ਇਸ ਸਮੇਂ ਦੌਰਾਨ ਸਿੱਖੇ ਕੁਝ ਨੁਕਤੇ ਵਿਦਿਆਰਥੀ ਜੀਵਨ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਮੈਂ ਆਪਣੇ ਅਧਿਆਪਨ ਦੇ ਕਿੱਤੇ ਦੌਰਾਨ ਅਜਿਹੇ ਹੀ ਕੁਝ ਨੁਕਤੇ ਜਾਂਚੇ ਤੇ ਵਿਚਾਰੇ ਹਨ, ਜੋ ਮੈਂ ਅਕਸਰ ਆਪਣੇ ਵਿਦਿਆਰਥੀਆਂ ਨਾਲ ਤਾਂ ਸਾਂਝੇ ਕਰਦਾ ਹੀ ਰਹਿੰਦਾ ਹਾਂ ਤੇ ਅੱਜ ਇਸ ਲੇਖ ਰਾਹੀਂ ਆਪਣੇ ਨੰਨ੍ਹੇ-ਮੁੰਨੇ ਪਾਠਕਾਂ ਨਾਲ ਵੀ ਸਾਂਝੇ ਕਰ ਰਿਹਾ ਹਾਂ;

ਵਿਸ਼ਿਆਂ ਲਈ ਸਮਾਂ ਵੰਡ : ਵਿਦਿਆਰਥੀ ਔਖੇ ਵਿਸ਼ੇ ਪਹਿਲਾਂ ਅਤੇ ਸਵੇਰ ਵੇਲੇ ਪੜ੍ਹੇ, ਹਿਸਾਬ ਵਿਸ਼ਾ ਉਦੋਂ ਪੜ੍ਹਿਆ ਜਾਵੇ ਜਦੋਂ ਨੀਂਦ ਘੇਰ ਰਹੀ ਹੋਵੇ ਅਤੇ ਸੌਖੇ ਵਿਸ਼ਿਆਂ ਨੂੰ ਘੱਟ ਸਮਾਂ ਦਿੱਤਾ ਜਾਵੇ। ਵਿਦਿਆਰਥੀ ਆਪਣੇ ਆਖਰੀ ਪ੍ਰੀਖਿਆ ਦੇ ਨਤੀਜਿਆਂ ਨੂੰ ਵਿਚਾਰੇ ਅਤੇ ਆਉਣ ਵਾਲੀ ਪ੍ਰੀਖਿਆ ਵਿੱਚ ਨਤੀਜੇ ਸੁਧਾਰਨ ਦਾ ਯਤਨ ਕਰੇ।

ਆਗਿਆਕਾਰੀ : ਵਿਦਿਆਰਥੀ ਦਾ ਆਪਣੇ ਵੱਡਿਆਂ, ਮਾਪਿਆਂ ਅਤੇ ਅਧਿਆਪਕਾਂ ਦਾ ਆਗਿਆਕਾਰੀ ਹੋਣਾ ਬਹੁਤ ਜ਼ਰੂਰੀ ਹੈ। ਨਿਮਰਤਾ ਨਾਲ ਹੀ ਚੰਗੇ ਗੁਣ ਸਿੱਖੇ ਅਤੇ ਮਾੜੇ ਕੰਮ ਛੱਡੇ ਜਾ ਸਕਦੇ ਹਨ।

ਪ੍ਰਿੰਸੀਪਲ ਰੰਧਾਵਾ ਸਿੰਘ ਪਟਿਆਲਾ
9417131332

ਸਹਿਣਸ਼ੀਲਤਾ: ਜੇਕਰ ਵਿਦਿਆਰਥੀ ਵਿੱਚ ਸਹਿਣਸ਼ੀਲਤਾ ਦਾ ਗੁਣ ਨਹੀਂ ਹੈ ਤਾਂ ਉਸਦੀ ਸਖਸ਼ੀਅਤ ਵਿਚਲੇ ਬਾਕੀ ਗੁਣ ਵੀ ਅੱਖੋਂ-ਪਰੋਖੇ ਹੋ ਜਾਂਦੇ ਹਨ। ਜੇਕਰ ਵੱਡੇ ਕਿਸੇ ਕਾਰਨ ਵਿਦਿਆਰਥੀ ਨੂੰ ਝਿੜਕਦੇ ਵੀ ਹਨ ਤਾਂ ਵਿਦਿਆਰਥੀ ਸਹਿਣਸ਼ੀਲਤਾ ਨਾਲ ਸੁਣੇ, ਆਪਣੀ ਗਲਤੀ ਵਿਚਾਰੇ ਅਤੇ ਅੱਗੋਂ ਤੋਂ ਉਸਨੂੰ ਨਾ ਦੁਹਰਾਵੇ।

ਚੰਗੀਆਂ ਆਦਤਾਂ ਅਪਨਾਉਣਾ : ਵਿਦਿਆਰਥੀਆਂ ਨੂੰ ਖਾਣੇ, ਬੋਲਣ, ਪਹਿਨਣ, ਦੋਸਤ ਬਣਾਉਣ, ਕਿਤਾਬਾਂ ਪੜ੍ਹਨ, ਵਿਹਲੇ ਸਮੇਂ ਦੀ ਯੋਗ ਵਰਤੋਂ ਆਦਿ ਸਬੰਧੀ ਚੰਗੀਆਂ ਆਦਤਾਂ ਅਪਨਾਉਣੀਆਂ ਚਾਹੀਦੀਆਂ ਹਨ।

ਵਿਹਲੇ ਸਮੇਂ ਦੀ ਸੁਯੋਗ ਵਰਤੋਂ : ਇੱਕ ਵਿਦਿਆਰਥੀ ਵਿਹਲੇ ਸਮੇਂ ਦੌਰਾਨ ਆਪਣੇ ਮਾਪਿਆਂ ਦੀ ਉਹਨਾਂ ਦੇ ਕੰਮ ਵਿੱਚ ਜਾਂ ਕਮਜ਼ੋਰ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਸਹਾਇਤਾ ਕਰ ਸਕਦਾ ਹੈ। ਮਨ ਦੀ ਸ਼ਾਂਤੀ ਅਤੇ ਖੁਸ਼ੀ ਲਈ ਜੇਕਰ ਇੱਕ ਵਿਦਿਆਰਥੀ ਕੁਝ ਸਮਾਂ ਪਾਠ ਕਰੇ ਅਤੇ ਕਿਸੇ ਸਮਾਜ ਭਲਾਈ ਸੰਸਥਾ ਨਾਲ ਜੁੜਕੇ ਲੋੜਵੰਦਾਂ ਦੀ ਸਹਾਇਤਾ ਕਰੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਸੁੰਦਰ ਲਿਖਾਈ : ਪ੍ਰੀਖਿਆ ਵਿੱਚ ਵਧੀਆ ਨਤੀਜੇ ਹਾਸਲ ਕਰਨ ਲਈ ਵਿਦਿਆਰਥੀ ਦੀ ਲਿਖਾਈ ਸੁੰਦਰ ਹੋਣ ਦੇ ਨਾਲ-ਨਾਲ ਉਸਨੂੰ ਆਪਣੇ ਉੱਤਰਾਂ ਦੀ ਪੇਸ਼ਕਾਰੀ ਵਧੀਆ ਢੰਗ ਨਾਲ ਕਰਨ ਦੀ ਜਾਂਚ ਵੀ ਜ਼ਰੂਰ ਹੋਣੀ ਚਾਹੀਦੀ ਹੈ।

ਵਾਰੋ-ਵਾਰ ਦੁਹਰਾਈ : ਇੱਕ ਵਾਰ ਕੋਈ ਵਿਸ਼ਾ ਪੜ੍ਹਨਾ ਤੇ ਭੁੱਲ ਜਾਣਾ ਸੁਭਾਵਿਕ ਹੈ। ਇਸ ਲਈ ਵਿਦਿਆਰਥੀ ਆਪਣੇ ਪਾਠਕ੍ਰਮ ਦੀ ਵਾਰ-ਵਾਰ ਦੁਹਰਾਈ ਕਰੇ। ਜਿਵੇਂ- ਜਿਵੇਂ ਦੁਹਰਾਈ ਦੀ ਸੰਖਿਆ ਵਧਦੀ ਜਾਵੇਗੀ, ਤਿਵੇਂ-ਤਿਵੇਂ ਉਸ ਵਿੱਚ ਲਗਦਾ ਸਮਾਂ ਵੀ ਘਟਦਾ ਜਾਵੇਗਾ। ਜੇਕਰ ਹੋ ਸਕੇ ਤਾਂ ਵਿਦਿਆਰਥੀ ਲਿਖਕੇ ਯਾਦ ਕਰਨ ਦੀ ਆਦਤ ਪਾਵੇ। ਅਜਿਹੇ ਢੰਗ ਨਾਲ ਕੀਤੀ ਤਿਆਰੀ ਇੰਨੀ ਕੁ ਕਾਰਗਰ ਹੁੰਦੀ ਹੈ ਕਿ ਪ੍ਰੀਖਿਆ ਵੇਲੇ ਇੱਕ ਝਾਤ ਮਾਰਨ ਤੇ ਹੀ ਵਿਦਿਆਰਥੀ ਨੂੰ ਸਭ ਚੇਤੇ ਰਹਿ ਜਾਂਦਾ ਹੈ ਤੇ ਲੰਬੇ ਸਮੇਂ ਤੱਕ ਰਹਿੰਦਾ ਹੈ।

ਪਹਿਰਾਵਾ : ਆਧੁਨਿਕ ਮੋਬਾਈਲ ਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਅਕਸਰ ਵਿਦਿਆਰਥੀ ਬਾਹਰੀ ਦੁਨੀਆ ਦੀ ਚਕਾਚੌਂਧ ਵਿੱਚ ਡਗਮਗਾ ਜਾਂਦੇ ਹਨ ਅਤੇ ਫੈਸ਼ਨਪ੍ਰਸਤ ਹੋਣਾ ਲੋਚਦੇ ਹਨ। ਪਰੰਤੂ ਵਿਦਿਆਰਥੀ ਉਮਰ ਮੁਤਾਬਕ ਸਾਦੇ ਕੱਪੜਿਆਂ ਵਿੱਚ ਹੀ ਸੋਂਹਦੇ ਹਨ, ਜੋ ਉਹਨਾਂ ਲਈ ਅਰਾਮਦਾਇਕ ਹੋਣ ਅਤੇ ਸਮਾਜ ਵਿੱਚ ਵਿਚਰਦਿਆਂ ਉਹਨਾਂ ਨੂੰ ਅਸਹਿਜ ਮਹਿਸੂਸ ਨਾ ਕਰਵਾਉਣ।

ਰੁਚੀਆਂ : ਜ਼ਿੰਦਗੀ ਨੂੰ ਬਿਹਤਰ ਢੰਗ ਨਾਲ ਜਿਉਣ ਲਈ ਵਿਦਿਆਰਥੀ ਦਾ ਚੰਗੀਆਂ ਰੁਚੀਆਂ ਅਪਨਾਉਣਾ ਬਹੁਤ ਹੀ ਜ਼ਰੂਰੀ ਹੈ। ਇਹ ਰੁਚੀਆਂ ਉਸਦੇ ਸ਼ੌਕ ਵਿੱਚੋਂ ਜਨਮ ਲੈਣ ਅਤੇ ਉਸਦੀ ਪੜ੍ਹਾਈ ਵਿੱਚ ਰੁਕਾਵਟ ਨਾ ਬਣਨ ਤਾਂ ਹੋਰ ਵੀ ਵਧੀਆ ਹੈ। ਕਈ ਵਾਰ ਇਹਨਾਂ ਰੁਚੀਆਂ ਸਦਕਾ ਹੀ ਇਨਸਾਨ ਜ਼ਿੰਦਗੀ ਵਿੱਚ ਸ.ਫਲਤਾ ਦੇ ਝੰਡੇ ਗੱਡ ਦਿੰਦਾ ਹੈ। ਸਿਰਫ਼ ਇਹੀ ਨਹੀਂ, ਇਹ ਰੁਚੀਆਂ ਉਸਦੀ ਰੋਜ਼ੀ-ਰੋਟੀ ਦਾ ਸਾਧਨ ਵੀ ਬਣ ਸਕਦੀਆਂ ਹਨ। ਅਜਿਹੀਆਂ ਅਣਗਿਣਤ ਉਦਾਹਰਨਾਂ ਵਿੱਚ ਮਿਲਖਾ ਸਿੰਘ, ਡਾ.ਅਬਦੁਲ ਕਲਾਮ ਅਤੇ ਪੀ.ਟੀ.ਊਸ਼ਾ ਵਰਗੇ ਮਹਾਨ ਪ੍ਰੇਰਣਾਸ੍ਰੋਤ ਸ਼ਾਮਲ ਹਨ।

ਪ੍ਰੇਰਣਾਦਾਇਕ ਕਹਾਣੀਆਂ ਅਤੇ ਲਘੂ ਫ਼ਿਲਮਾਂ: ਵਿਦਿਆਰਥੀ ਆਪਣੇ ਬਜ਼ੁਰਗਾਂ ਅਤੇ ਮਾਪਿਆਂ ਨਾਲ ਸਮਾਂ ਬਿਤਾਉਂਦਿਆਂ ਉਨ੍ਹਾਂ ਤੋਂ ਪ੍ਰੇਰਣਾਦਾਇਕ ਕਹਾਣੀਆਂ ਸੁਣਨ। ਇਸ ਤੋਂ ਇਲਾਵਾ ਉਹ ਲਘੂ ਫ਼ਿਲਮਾਂ ਵੀ ਦੇਖ ਸਕਦੇ ਹਨ ਜੋ ਮਨੋਰੰਜਨ ਦੇ ਨਾਲ-ਨਾਲ ਸਿੱਖਿਆ ਭਰਪੂਰ ਹੋਣ।

ਨੈਤਿਕ ਗੁਣ : ਇੱਕ ਵਿਦਿਆਰਥੀ ਦੇ ਇੱਕ ਵਧੀਆ ਇਨਸਾਨ ਬਣ ਉਭਰਨ ਵਿੱਚ ਨੈਤਿਕ ਗੁਣਾਂ ਦਾ ਹੋਣਾ ਲਾਜ਼ਮੀ ਹੈ। ਅਜਿਹੇ ਗੁਣਾਂ ਦੀ ਪ੍ਰਾਪਤੀ ਲਈ ਵਿਦਿਆਰਥੀ ਧਾਰਮਿਕ ਸਥਾਨਾਂ ਤੇ ਨਤਮਸਤਕ ਹੋਣ ਤਾਂ ਚੰਗੀ ਗੱਲ ਹੈ। ਲਗਾਤਾਰਤਾ ਅਤੇ ਅਨੁਸ਼ਾਸਨ : ਚੰਗੇ ਗੁਣਾਂ ਨੂੰ ਕੇਵਲ ਅਪਨਾਉਣਾ ਹੀ ਕਾਫ਼ੀ ਨਹੀਂ ਹੈ। ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਅਨੁਸ਼ਾਸਨ ਵਿੱਚ ਰਹਿੰਦਿਆਂ ਇਹਨਾਂ ਗੁਣਾਂ ਨੂੰ ਵਿਹਾਰਕਤਾ ਵਿੱਚ ਲਿਆਵੇ ਅਤੇ ਆਪਣੇ ਜੀਵਨ ਨੂੰ ਵਧੀਆ ਬਣਾਵੇ। ਵਿਦਿਆਰਥੀ ਜੀਵਨ ਸਵੇਰ ਦੀ ਸਭਾ ਨਾਲ ਹੁੰਦੀ ਸਕੂਲੀ ਦਿਨ ਦੀ ਸ਼ੁਰੂਆਤ ਤੋਂ ਹੀ ਵਿਦਿਆਰਥੀ ਲਈ ਅਨੇਕ ਚੰਗੇ ਵਿਚਾਰ, ਆਦਤਾਂ ਅਤੇ ਮੌਕੇ ਪੇਸ਼ ਕਰਦਾ ਹੈ, ਜਿਨ੍ਹਾਂ ਨੂੰ ਵਕਤ ਰਹਿੰਦਿਆਂ ਦੋ ਵਿਦਿਆਰਥੀ ਸਮਝਦਾ ਅਤੇ ਅਪਣਾ ਲੈਂਦਾ ਹੈ, ਉਸਦਾ ਜੀਵਨ ਉੱਨਾਂ ਹੀ ਖੁਸ਼ਹਾਲ ਬਣ ਜਾਂਦਾ ਹੈ। ਆਸ ਹੈ ਕਿ ਮੇਰੇ ਬਾਲ ਪਾਠਕ ਵੀ ਜੀਵਨ ਨੂੰ ਸਫ਼ਲ ਬਣਾਉਣ ਲਈ ਹੁਣ ਤੋਂ ਹੀ ਯਤਨਸ਼ੀਲ ਹੋਣਗੇ।



# ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੁੰਦੇ ਹੁਕਮਨਾਮੇ ...

– ਬੀਤੇ ਦਿਨੀ ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਇੱਕ ਹੁਕਮਨਾਮਾ ਜਾਰੀ ਹੋਇਆ ਸੀ ਜਿਸ ਦੇ ਵਿੱਚ ਸਿੰਘ ਸਾਹਿਬਾਨ ਵੱਲੋਂ ਆਖਿਆ ਗਿਆ ਸੀ ਕਿ ਕਿ ਅਗਲੇ ਸਮੇਂ ਨੂੰ ਕੋਈ ਵੀ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਮੈਰਜ ਪੈਲਸਾਂ ਜਾਂ ਸਮੁੰਦਰ ਦੇ ਕੰਢੇ ਆਦਿ ਨਹੀਂ ਲੈ ਕੇ ਜਾਵੇਗਾ। ਕਿਉਂਕਿ ਬਹੁਤ ਸਮੇਂ ਪਹਿਲੇ ਤੋਂ ਗੁਰੂ ਮਹਾਰਾਜ ਦੇ ਸਰੂਪ ਨੂੰ ਅਸੀਂ ਮੈਰਿਜ ਪੈਲਸਾਂ ਤੇ ਸਮੁੰਦਰ ਦੇ ਕੰਢੇ ਲਿਜਾ ਕੇ ਆਪਣੇ ਜਿੰਦਗੀ ਉਹਨਾਂ ਅਹਿਮ ਫੈਸਲਿਆਂ ਨੂੰ ਲਾਗੂ ਕਰਦੇ ਹਾਂ ਜੋ ਸਾਡੀ ਜ਼ਿੰਦਗੀ ਵਿੱਚ ਖਾਸ ਹੁੰਦੇ ਹਨ। ਬਹੁਤ ਸਾਰੇ ਸਿੱਖ ਸਮੁੰਦਰ ਕੰਢੇ ਬੈਠ ਕੇ ਵਿਆਹ ਸ਼ਾਦੀਆਂ ਕਰਦੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਵੀ ਉੱਥੇ ਹੀ ਲੈ ਕੇ ਜਾਂਦੇ ਸਨ। ਇਸ ਤੋਂ ਇਲਾਵਾ ਮੈਰਜ ਪੈਲਸਾਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਕੀਤੀ ਜਾਂਦੀ ਸੀ। ਪਰ ਹੁਣ ਪਿਛਲੇ ਦਿਨਾਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਏ ਹੁਕਮਨਾਮੇ ਨੇ ਅਜਿਹੇ ਸਭ ਕੁਝ ਤੇ ਇੱਕ ਤਰ੍ਹਾਂ ਨਾਲ ਪਾਬੰਦੀ ਲਗਾ ਦਿੱਤੀ ਹੈ ਕਿ ਜੋ ਕੋਈ ਸਿੱਖ ਵੀ ਇਸ ਦੀ ਉਲੰਘਣਾ ਕਰੇਗਾ ਉਸ ਨੂੰ ਜੁਰਮਾਨਾ ਕੀਤਾ ਜਾਵੇਗਾ ਜਾਂ ਉਸਨੂੰ ਤਨਖਾਹ ਲਗਾਈ ਜਾਵੇਗੀ। ਇਹ ਵੇਖਣਾ ਹੋਵੇਗਾ ਕਿ ਹੁਣ ਕਿੰਨੇ ਕੁ ਸਿੱਖ ਇਸ ਹੁਕਮਨਾਮੇ ਦੀ ਪਾਲਣਾ ਕਰਦੇ ਹਨ ਬਹੁਤ ਸਾਰੇ ਖੇਤਰਾਂ ਅੰਦਰ ਸਮੁੰਦਰ ਦੇ ਕੰਢੇ ਲਿਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕਰਕੇ ਹੁਕਮਨਾਮੇ ਆਦਿ ਲੈ ਜਾਂਦੇ ਸਨ। ਪਿਛਲੇ ਸਮੇਂ ਤੋਂ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਵੱਲੋਂ ਇਹ ਆਖਿਆ ਜਾ ਰਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਜੀ ਮਹਾਰਾਜ ਦੇ ਸਰੂਪ ਨੂੰ ਸਮੁੰਦਰ ਕੰਢੇ ਜਾਂ ਮੈਰਜ ਪੈਲਸਾਂ ਵਿੱਚ ਲੈ ਕੇ ਜਾਣ ਤੇ ਸਖਤ ਪਾਬੰਦੀ ਲਗਾਏ ਜਾਣ ਦੀ ਲੋੜ ਹੈ। ਬਿਨਾਂ ਸ਼ੱਕ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਇਆ ਇਹ ਫੈਸਲਾ ਬਹੁਤ ਜਿਆਦਾ ਵਧੀਆ ਹੈ। ਕਿਉਂਕਿ ਅਸੀਂ ਆਪਣੇ ਗੁਰੂ ਨੂੰ ਸਮੁੰਦਰ ਕੰਢੇ ਜਾਂ ਮੈਰਜ ਪੈਲਸਾਂ ਵਿੱਚ ਲੈ ਕੇ ਨਹੀਂ ਲਿਜਾ ਸਕਦੇ। ਉੱਥੇ ਇੱਕ ਤਰ੍ਹਾਂ ਨਾਲ ਸਾਡੇ ਗੁਰੂ ਦੀ ਬੇਅਦਬੀ ਤੋਂ ਵੱਧ ਕੁਝ ਨਹੀਂ ਹੈ ਕਿਉਂਕਿ ਸਰਾਬੀ ਅਤੇ ਆਮ ਲੋਕ ਉੱਥੇ ਜੋ ਹੜਦੂੰਗ ਮਚਾਉਂਦੇ ਹਨ ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਕੀ ਗੱਲ ਸਾਡਾ ਗੁਰੂ ਇੰਨਾ ਸਸਤਾ ਹੈ ਕਿ ਅਸੀਂ ਉਸ ਨੂੰ ਸਮੁੰਦਰ ਕੰਢੇ ਲਿਜਾ ਕੇ ਉੱਥੇ ਪ੍ਰਕਾਸ਼ ਕਰਕੇ ਹੁਕਮਨਾਮੇ ਦਿੰਦੇ ਜਾਂ ਲੈਂਦੇ ਫਿਰੀਏ। ਇਹ ਗੱਲ ਕਦਾਚਿੱਤ ਵੀ ਸਹੀ ਨਹੀਂ ਹੈ। ਇਸ ਨੂੰ ਹਮੇਸ਼ਾ ਹੀ ਗਲਤ ਆਖਿਆ ਜਾਵੇਗਾ। ਸੋ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ ਉਹ ਭਾਵੇਂ ਕੌਮੀ ਪੱਧਰ ਤੇ ਹੁੰਦੀਆਂ ਹਨ ਉਹ ਬਿਲਕੁਲ ਗਲਤ ਹੁੰਦੀਆਂ ਹਨ ਇਹ ਗੱਲ ਠੀਕ ਹੈ ਕਿ ਅਸੀਂ ਆਪਣੇ ਗੁਰੂ ਦਾ ਸਤਿਕਾਰ ਕਰਦੇ ਹਾਂ ਪਰ ਅਸੀਂ ਬਹੁਤ ਵਾਰ ਮਰਿਆਦਾ ਦੇ ਪਾਲਣ ਵਿੱਚ ਉਲੰਘਣਾ ਕਰ ਜਾਂਦੇ ਹਾਂ ਜੋ ਨਹੀਂ ਕਰਨੀ ਚਾਹੀਦੀ।



ਫਿਲਮਾਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਫਿਲਮਾਂ ਬਣਾਈਆਂ ਜਾਂਦੀਆਂ ਹਨ। ਹੋਰ ਤਾਂ ਹੋਰ ਬਹੁਤ ਸਾਰਿਆਂ ਗੁਰਦੁਆਰਿਆਂ ਅੰਦਰ ਵੀ ਫਿਲਮਾਂ ਦੇ ਨਿਰਮਾਣ ਸਮੇਂ ਉਥੇ ਬੇਅਦਬੀ ਦੀ ਸੂਚਨਾ ਮਿਲਦੀ ਹੈ ਭਾਵੇਂ ਕਿ ਬਹੁਤ ਸਾਰੇ ਅਗਾਹ ਵਧੂ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਦੇ ਲਈ ਤਤਪਰ ਰਹਿੰਦੇ ਹਨ ਅਤੇ ਉਨਾਂ ਵੱਲੋਂ ਮੌਕੇ ਤੇ ਪਹੁੰਚ ਕੇ ਕਾਰਵਾਈ ਵੀ ਕੀਤੀ ਜਾਂਦੀ ਹੈ ਪਰ ਹੈਰਾਨੀਜਨਕ ਤੱਥ ਇਹ ਵੀ ਹੈ ਕਿ ਇਹ ਬੇਅਦਬੀਆਂ ਹਰ ਰੋਜ਼ ਘਟਣ ਦੀ ਬਜਾਏ ਵਧ ਰਹੀਆਂ ਹਨ ਕਿਉਂਕਿ ਸਿੱਖ ਕੌਮ ਨੂੰ ਹਰ ਕੋਈ ਚੜਾਉਣ ਦੀ ਗੱਲ ਕਰਦਾ ਹੈ। ਜਦ ਵੀ ਕਦੇ ਗੁਰਦੁਆਰਿਆਂ ਅੰਦਰ ਕੇ ਫਿਲਮ ਦੀ ਸ਼ੂਟਿੰਗ ਦੀ ਗੱਲ ਹੁੰਦੀ ਹੈ ਤਾਂ ਭਾਵੇਂ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਜਤਾਇਆ ਜਾਂਦਾ ਹੈ ਪਰ ਇਹ ਵਰਤਾਰਾ ਵੀ ਪਿਛਲੇ ਲੰਬੇ ਸਮੇਂ ਤੋਂ ਚਾਲੂ ਹੈ ਇਹ ਵੀ ਘੱਟ ਨਹੀਂ ਰਿਹਾ ਉੱਥੇ ਵੀ ਅਗਾਹ ਵਧੂ ਸਿੱਖਾਂ ਵੱਲੋਂ ਫਿਲਮਾਂ ਅੰਦਰ ਮਾੜੇ ਸੀਨਾਂ ਨੂੰ ਲੈ ਕੇ ਇਤਰਾਜ ਜਾਹਰ ਕੀਤਾ ਜਾਂਦਾ ਹੈ। ਲੰਘੇ ਦਿਨੀ ਸਿੱਖ ਸਮਾਜ ਅੰਦਰ ਇੱਕ ਹਿੰਦੀ ਫਿਲਮ ਦੇ ਵਿੱਚ ਕੁਝ ਮਾੜੇ ਸੀਨਾਂ ਨੂੰ ਲੈ ਕੇ ਵੀ ਵੱਡੇ ਪੱਧਰ ਤੇ ਰੋਸ ਜਾਹਰ ਕੀਤਾ ਸੀ ਅਤੇ ਰੋਸ ਜਾਹਰ ਕਰਨ ਤੋਂ ਬਾਅਦ ਉਹ ਉਕਤ ਸੀਨਾਂ ਨੂੰ ਕੱਟ ਦਿੱਤਾ ਗਿਆ ਸੀ

ਪੰਜਾਬੀ ਤੇ ਹਿੰਦੀ ਫਿਲਮਾਂ ਅੰਦਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਂ ਤਸਵੀਰਾਂ ਜਾਂ ਵੀਡੀਓਜ ਲਾ ਕੇ ਰੁਪਈਏ ਕਮਾਉਣ ਦੀ ਕਹਾਣੀ ਬੜੀ ਲੰਬੀ ਹੈ। ਫਿਲਮਾਂ ਤੋਂ ਇਲਾਵਾ ਸਮੁੰਦਰ ਕੰਢੇ ਬੀਚਾਂ ਅਤੇ ਮੈਰਿਜ ਪੈਲਸਾਂ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਨਾਲ ਨਾਲ ਇੱਕ ਬਹੁਤ ਤੇ ਅਹਿਮ ਵੱਡਾ ਮੁੱਦਾ ਇਹ ਵੀ ਹੈ ਕਿ ਬਹੁਤ ਸਾਰੀਆਂ ਮੜੀਆਂ ਮਸਾਣਾ ਉੱਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਉੱਥੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਪਾਬੰਦੀ ਲਗਾ ਕੇ ਉਸ ਦੀ ਉਲੰਘਣਾ ਕਰਨ ਵਾਲੇ ਨੂੰ ਗੁਰੂ ਘਰ ਰਾਹੀਂ ਸਜ਼ਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਪਰ ਕੀ ਇਹ ਵੀ ਸੋਚਣ ਦਾ ਵਿਸ਼ਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾਈ ਸਜ਼ਾ ਤੋਂ ਬਾਅਦ ਬਹੁਤ ਸਾਰੇ ਲੋਕ ਅਜੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੜੀਆਂ ਮਸਾਣਾ ਉੱਤੇ ਕਰਦੇ ਹਨ ਜਾਂ ਇਹ ਵੀ ਆਖ ਸਕਦੇ ਹਾਂ ਕਿ ਪਿਛਲੇ ਲੰਬੇ ਸਮੇਂ ਤੋਂ ਦੁਆਬੇ ਦੇ ਅੰਦਰ ਜਠੇਰਿਆਂ ਉੱਤੇ ਵੀ ਪ੍ਰਕਾਸ਼ ਕੀਤਾ ਜਾਂਦਾ ਹੈ ਜਿਸ ਨੂੰ ਸਿੱਖ ਕੌਮ ਅੰਦਰ ਬਿਲਕੁਲ ਮਨਾਹੀ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਸਾਡੀ ਕੌਮ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਨੂੰ ਲੈ ਕੇ ਕੋਈ ਖਾਸ ਤਵੱਜੋ ਨਹੀਂ ਦੇ ਰਹੀ ਜਦਕਿ ਗੁਰੂ ਸਾਹਿਬਾਨ ਦੇ ਫੈਸਲੇ ਅਨੁਸਾਰ ਕੇਵਲ ਤੇ ਕੇਵਲ ਗੁਰੂ ਸਾਹਿਬਾਨ ਦਾ ਪ੍ਰਕਾਸ਼ ਉੱਥੇ ਕੀਤਾ ਜਾ ਸਕਦਾ ਹੈ ਜਿੱਥੇ ਸਿੱਖ ਰਹਿਤ ਮਰਿਆਦਾ ਅਨੁਸਾਰ ਕੰਮ ਹੁੰਦੇ ਹੋਣ।

ਬਿਨਾਂ ਸੱਕ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਭਾਵੇਂ ਸਮੇਂ ਸਮੇਂ ਤੇ ਹੁਕਮਨਾਮੇ ਜਾਰੀ ਹੁੰਦੇ ਰਹਿੰਦੇ ਹਨ ਪਰ ਉਹਨਾਂ ਨੂੰ ਲਾਗੂ ਕਰਵਾਉਣਾ ਵੀ ਹੁੰਦਾ ਹੈ ਜੋ ਬਹੁਤ ਘੱਟ ਹੋ ਰਿਹਾ ਹੈ। ਬਾਹਰਲੇ ਮੁਲਕਾਂ ਅੰਦਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਸਮੇਂ ਮਰਯਾਦਾ ਦਾ ਖਿਆਲ ਕਈ ਵਾਰ ਨਹੀਂ ਰੱਖਿਆ ਜਾਂਦਾ ਜੋ ਬਿਲਕੁਲ ਗਲਤ ਹੈ ਅਮਰੀਕਾ ਦੇ ਕਈ ਗੁਰਦੁਆਰੇ ਵੀ ਇਸਨੂੰ ਅਲਾਓ ਨਹੀਂ ਕਰਦੇ ਜਦਕਿ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬ ਦੀ ਮਰਿਆਦਾ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਹੁਣ ਜੇਕਰ ਆਪਾਂ ਗੱਲ ਕਰੀਏ ਸਮੁੰਦਰ ਕੰਢੇ ਬੀਚਾਂ ਦੀ ਤਾਂ ਉੱਥੇ ਕੀ ਕੁਝ ਹੁੰਦਾ ਹੈ ਸਾਨੂੰ ਸਾਰਿਆਂ ਨੂੰ ਪਤਾ ਹੈ। ਇਸ ਤੋਂ ਇਲਾਵਾ ਮੈਰਜ ਪੈਲਸਾਂ ਵਿੱਚ ਸ਼ਰਾਬ ਮੀਟ ਅਤੇ ਗੰਦੇ ਗੀਤ ਚਲਦੇ ਹਨ ਕੀ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸਹੀ ਹੈ। ਇਸ ਤੋਂ ਇਲਾਵਾ ਜਠੇਰਿਆਂ ਉੱਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬਿਲਕੁਲ ਗਲਤ ਹੈ ਸਾਨੂੰ ਸਾਰਿਆਂ ਨੂੰ ਅਤੇ ਸਾਰੀ ਕੌਮ ਨੂੰ ਇੱਕ ਮੁੱਠ ਹੋ ਕੇ ਅਜਿਹੇ ਮਾੜੇ ਵਰਤਾਰੇ ਨੂੰ ਰੋਕਣ ਦੇ ਲਈ ਅੱਗੇ ਆਉਣਾ ਚਾਹੀਦਾ ਹੈ। ਬਾਹਰਲੇ ਮੁਲਕਾਂ ਵਿੱਚ ਵਸਦੇ ਸਿੱਖ ਵੀ ਇਸ ਨੂੰ ਆਪਣਾ ਕੌਮੀ ਫਰਜ਼ ਮੰਨ ਕੇ ਅੱਗੇ ਆਉਣ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰਿਆਂ ਦਾ ਸਾਂਝਾ ਹੈ ਬਿਨਾਂ ਭੇਦ ਭਾਵ ਕੀਤਿਆਂ ਸਮੂਹ ਸਿੱਖਾਂ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹਾਲ ਕਰਵਾਉਣ ਦੇ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਨੂੰ ਪਹਿਲ ਦਿੰਦਿਆਂ ਹੰਭਲਾ ਮਾਰਨ ਦੀ ਲੋੜ ਹੈ।



**ਲੇਖਕ - ਸ਼ਿੰਦਰ ਸਿੰਘ ਮੀਰਪੁਰੀ ਫਰਿਜਨੋ**
**ਕੈਲੀਫੋਰਨਿਆ ਅਮਰੀਕਾ** 5592850841

**ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ**

**www.preetnama.com**

**ਜੇਕਰ ਤੁਸੀਂ ਆਪਣੀ ਰਚਨਾ ਪ੍ਰੀਤਨਾਮਾ ਵਿਚ ਪ੍ਰਕਾਸ਼ਿਤ ਕਰਵਾਉਣਾ ਚਾਹੁੰਦੇ ਹੋ ਤਾਂ ਹੇਠ ਲਿਖੇ ਈ ਮੇਲ ਪਤੇ 'ਤੇ ਭੇਜੋ**

**preetnamausa@gmail.com**

# ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਪਹਿਲੀ ਇੰਟਰਨੈਸ਼ਨਲ ਵਿਰਸਾ ਸੰਭਾਲ ਗੱਤਕਾ ਚੈਂਪੀਅਨਸ਼ਿਪ ਖਾਲਸਾਈ ਜਾਹੋ-ਜਲਾਲ ਨਾਲ ਕਰਵਾਈ ਗਈ।

















ਸ. ਸਵਰਨਜੀਤ ਸਿੰਘ ਖਾਲਸਾ ਸਿੱਖ ਮੇਅਰ ਨੋਰਵਿੱਚ ਸ਼ਹਿਰ ਕਨਕੈਟੀਕਟ ਅਤੇ ਸ. ਕਲਵਿੰਦਰ ਸਿੰਘ ਫਰੀਜਨੋ ਚੇਅਰਮੈਨ, ਵਰਲਡ ਗੱਤਕਾ ਫੇਡਰੇਸ਼ਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਉਪਰਾਲੇ ਦੀ ਸ਼ਲਾਘਾ ਕੀਤੀ।

ਸੰਤਬਰ 20, ਯੂਲਸ-ਟੈਕਸਸ: ਵਿਸ਼ਵ ਦੇ ਸਮੂਹ ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਦੀ ਨੁਮਾਇੰਦਾ ਖੇਡ ਜੱਥੇਬੰਦੀ, ਵਿਸ਼ਵ ਗੱਤਕਾ ਫੈਡਰੇਸ਼ਨ ਦੇ ਚੇਅਰਮੈਨ ਸ. ਕਲਵਿੰਦਰ ਸਿੰਘ ਤੇ ਪ੍ਰਧਾਨ ਗੱਤਕਾ ਫੈਡਰੇਸ਼ਨ ਯੂ.ਐਸ.ਏ ਅਤੇ ਜਨਰਲ ਸਕੱਤਰ ਡਾ. ਦੀਪ ਸਿੰਘ ਵਲੋਂ ਇਸ ਜਾਣਕਾਰੀ ਸਾਂਝੀ ਕੀਤੀ ਗਈ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਗੁਰਦੁਆਰਾ ਸਿੱਖ ਸੰਗਤ, ਯੂਲ਼ਸ, ਟੈਕਸਸ ਦੇ ਉਚੇਚੇ ਸਹਿਯੋਗ ਸਦਕਾ ਪਹਿਲਾ ਇੰਟਰਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਮਿਤੀ 12 ਸੰਤਬਰ ਦਿਨ ਸ਼ਨੀਵਾਰ ਨੂੰ ਸਵੇਰੇ 8:00 ਵਜੇ ਤੋਂ ਲੈ ਕੇ ਸ਼ਾਮ 7:00 ਵਜੇ ਤੱਕ ਉਲੀਕੀ ਗਈ।ਇਸ ਗੱਤਕਾ ਚੈਂਪੀਅਸ਼ਿਪ ਵਿੱਚ ਲਗਭਗ 100 ਖਿਡਾਰੀਆਂ ਅਤੇ ਆਫੀਸ਼ਿਅਲਜ ਨੇ ਭਾਗ ਲਿਆ।

ਇਸ ਮੌਕੇ ਵਿਸਤਾਰ ਵਿੱਚ ਜਾਣਕਾਰੀ ਦਿੰਦਿਆ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਦਸਿੱਆਂ ਗਿਆ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਹੀ ਚੈਂਪੀਅਨਸ਼ਿਪ ਤੋਂ ਇੱਕ ਦਿਨ ਪਹਿਲਾਂ ਮਿਤੀ 11 ਸੰਤਬਰ ਨੂੰ ਪਹਿਲੀ ਵਾਰੀ ਇੰਟਰਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਵੀ ਆਯੋਜਿਤ ਕੀਤਾ ਗਿਆ ਹੈ, ਜਿਸ ਵਿੱਚ ਗੱਤਕਾ ਰੈਫਰੀਆਂ, ਜੱਜਾਂ ਅਤੇ ਆਫੀਸਿਅਲਜ ਨੂੰ ਗੱਤਕੇ ਦੀ ਤਕਨੀਕੀ ਮੁਹਾਰਿਤ ਦੀ ਸਿਖਲਾਈ ਦਿੱਤੀ ਗਈ ਉਹਨਾਂ ਨੂੰ ਥਿਊਰੀ ਅਤੇ ਪ੍ਰੈਕਟੀਕਲ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਜੋ ਗੱਤਕਾ ਟੂਰਨਾਮੈਂਟਾਂ ਦੌਰਾਨ ਹਰ ਇੱਕ ਰੈਫਰੀ ਨਿਪੰਨ ਹੋ ਸਕੇ ਅਤੇ ਭਵਿੱਖ ਵਿੱਚ ਹੋਣ ਵਾਲੀ ਗੱਤਕਾ ਚੈਂਪੀਅਨਸ਼ਿਪਾਂ ਅਤੇ ਸਥਾਨਿਕ ਮੁਕਾਬਲਿਆਂ ਲਈ ਨਿਪੁੰਨ ਰੈਫਰੀਆਂ ਪਾਸੋਂ ਸੇਵਾ ਲਈ ਜਾ ਸਕੇ। ਸਮੂ ?ਹ ਗੱਤਕਾ ਆਫੀਸਿਅਲਜ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਕਰਨਾ ਅਤੇ ਉਹਨਾਂ ਲਈ ਮੋਕੇ ਪੈਦਾ ਕਰਨਾ ਵਿਸ਼ਵ ਗੱਤਕਾ ਫੈਡਰੇਸ਼ਨ ਦੀ ਮੁਢਲੀ ਕਾਰਜਪ੍ਰਣਾਲੀ ਦਾ ਅਹਿਮ ਹਿੱਸਾ ਹੈ।

ਗੱਤਕਾ ਚੈਂਪੀਅਨਸ਼ਿਪ ਬਾਰੇ ਜਾਣਕਾਰੀ ਦਿੰਦਿਆ ਚੈਂਪੀਅਨਸ਼ਿਪ ਦੇ ਕੂਆਰਡੀਨੇਟਰ ਸ. ਗੁਰਦੀਪ ਸਿੰਘ ਅਤੇ ਹਰਵੀਰ ਸਿੰਘ ਨੇ ਦਸਿੱਆ ਕਿ ਗੁਰਦੁਆਰਾ ਸਿੱਖ ਸੰਗਤ, ਯੂਲ਼ਸ, ਟੈਕਸਸ ਦੀ ਸਮੁੱਚੀ ਪ੍ਰੰਬਧਕ ਕਮੇਟੀ ਅਤੇ ਲੋਕਲ ਸੰਗਤ ਵਲੋਂ ਇਸ ਸਬੰਧੀ ਭਰਪੂ ?ਰ ਸਹਿਯੋਗ ਦਿੱਤਾ ਗਿਆ ਸੀ। ਚੈਂਪੀਅਨਸ਼ਿਪ ਦੀ ਸ਼ੁਰੂਆਤ ਸ. ਕਲਵਿੰਦਰ ਸਿੰਘ ਫਰੀਜਨੋ, ਚੇਅਰਮੈਨ ਵਿਸ਼ਵ ਗੱਤਕਾ ਫੇਡਰੇਸ਼ਨ, ਡਾ. ਦੀਪ ਸਿੰਘ ਜਨਰਲ ਸਕੱਤਰ ਗੱਤਕਾ ਫੇਡਰੇਸ਼ਨ ਯੂ.ਐਸ.ਏ. ਸ. ਗੁਰਦੀਪ ਸਿੰਘ ਸਕੱਤਰ ਗੁਰਦੁਆਰਾ ਸਿੱਖ ਸੰਗਤ ਯੂਲ਼ਸ ਅਤੇ ਉਘੇ ਕਾਰੋਬਾਰੀ ਸ. ਹਰਵੀਰ ਸਿੰਘ ਵਲੋਂ ਸਾਂਝੇ ਤੋਰ ਤੇ ਕੀਤਾ ਗਿਆ। ।ਕਿਉਂਕਿ ਇਹੋ ਜਿਹਾ ਉਪਰਾਲਾ ਪਹਿਲੀ ਵਾਰੀ ਕਿੱਤਾ ਜਾ ਰਿਹਾ ਹੈ।ਉਹਨਾਂ ਦਸਿੱਆ ਕਿ ਇਸ ਚੈਂਪੀਅਨਸ਼ਿਫ ਵਿੱਚ ਵੱਖ-ਵੱਖ ਉਮਰ ਵਰਗ ਦੇ ਤਿੰਨ ਵੱਖ-ਵੱਖ ਮੁਕਾਬਲੇ ਗਏ ਅਤੇ ਵੱਖ-ਵੱਖ ਉਮਰ ਵਰਗ ਦੇ ਗਹਿਗਚ ਮੁਕਾਬਲਿਆਂ ਉਪਰੰਤ ਨਤੀਜੇ ਹੇਠ ਅਨੁਸਾਰ ਰਹੇ:

ਉਮਰ ਵਰਗ -14 ਸਾਲ (ਵਿਅਕਤੀਗਤ ਸਿੰਗਲ ਸੋਟੀ ਫਾਈਟ ਕੋਰਜ ਕੇਟੈਗਰੀ)
ਪਹਿਲਾ: ਮਾਇਰਾ ਕੋਰ, ਦੂਜਾ: ਸਾਹਿਬ ਕੋਰ ਤੇ ਤੀਜਾ ਸਥਾਨ:ਤਨਰੀਜ ਕੋਰ

ਉਮਰ ਵਰਗ -14 ਸਾਲ (ਵਿਅਕਤੀਗਤ ਸਿੰਗਲ ਸੋਟੀ ਫਾਈਟ ਸਿੰਘਜ ਕੇਟੈਗਰੀ)
ਪਹਿਲਾ:ਜਸਕੀਰਤ ਸਿੰਘ, ਦੂਜਾ ਸਾਹਿਬ ਸਿੰਘ ਤੇ ਤੀਜਾ ਸਥਾਨ: ਜੋਰਾਵਰ ਸਿੰਘ

ਉਮਰ ਵਰਗ-14 ਸਾਲ (ਵਿਅਕਤੀਗਤ ਗੱਤਕਾ ਪ੍ਰਦਰਸ਼ਨੀ ਮੁਕਾਬਲਾ, ਕੋਰਜ ਕੇਟੈਗਰੀ)
ਪਹਿਲਾ: ਪਵਿੱਤ ਕੋਰ, ਦੂਜਾ:ਪੂਨੀਤ ਕੋਰ ਤੇ ਤੀਜਾ ਸਥਾਨ:ਤਨਰੀਜ ਕੋਰ

ਉਮਰ ਵਰਗ-14 ਸਾਲ (ਵਿਅਕਤੀਗਤ ਗੱਤਕਾ ਪ੍ਰਦਰਸ਼ਨੀ ਮੁਕਾਬਲਾ, ਸਿੰਘਜ ਕੇਟੈਗਰੀ)
ਪਹਿਲਾ:ਜੋਰਾਵਰ ਸਿੰਘ, ਦੂਜਾ:ਸਿਰਤਾਜ ਸਿੰਘ ਤੇ ਤੀਜਾ ਸਥਾਨ:ਮਨੀ ਸਿੰਘ

ਉਮਰ ਵਰਗ -18 ਸਾਲ (ਵਿਅਕਤੀਗਤ ਸਿੰਗਲ ਸੋਟੀ ਫਾਈਟ ਕੋਰਜ ਕੇਟੈਗਰੀ)
ਪਹਿਲਾ:ਹਰਨਿਧ ਕੋਰ, ਦੂਜਾ:ਹਰਨੂਰ ਕੋਰ ਤੇ ਤੀਜਾ ਸਥਾਨ:ਅੰਸ਼ਜਯੋਤ ਕੋਰ (ੂਤੰਨੇ ਨਿਊਯਾਰਕ)

ਉਮਰ ਵਰਗ -18 ਸਾਲ (ਵਿਅਕਤੀਗਤ ਸਿੰਗਲ ਸੋਟੀ ਫਾਈਟ ਸਿੰਘਜ ਕੇਟੈਗਰੀ)
ਪਹਿਲਾ:ਸਮਰਜੀਤ ਸਿੰਘ ਡਾਲਸ, ਦੂਜਾ:ਪਾਹੁਲਤੇਗ ਸਿੰਘ ਨਿਊਯਾਰਕ ਤੇ ਤੀਜਾ ਸਥਾਨ:ਭਵਤਾਰ ਸਿੰਘ ਡਾਲਸ

ਉਮਰ ਵਰਗ -22 ਸਾਲ (ਵਿਅਕਤੀਗਤ ਸਿੰਗਲ ਸੋਟੀ ਫਾਈਟ ਕੌਰਜ ਕੈਟੇਗਰੀ)
ਪਹਿਲਾ:ਗੁਰਵਿੰਦਰ ਕੋਰ ਕੈਨਸਸ, ਦੂਜਾ:ਜਸਜਯੋਤ ਕੋਰ ਨਿਊਯਾਰਕ ਤੇ ਤੀਜਾ ਸਥਾਨ:ਸਿਮਰ ਕੋਰ ਮੈਲਬੋਰਨ

ਉਮਰ ਵਰਗ -22 ਸਾਲ (ਵਿਅਕਤੀਗਤ ਸਿੰਗਲ ਸੋਟੀ ਫਾਈਟ ਸਿੰਘਜ ਕੇਟੈਗਰੀ)
ਪਹਿਲਾ:ਅਮ੍ਰਿਤਪਾਲ ਸਿੰਘ, ਦੂਜਾ:ਹਰਵੀਰ ਸਿੰਘ ਤੇ ਤੀਜਾ ਸਥਾਨ:ਸੋਰਵ ੂਸੰਘ ਜਿੰਦਲ ਵੈਨਕੂਵਰ ਕਨੇਡਾ

ਸਪੈਸ਼ਲ ਐਵਾਰਡ ਕੈਟਾਗਰੀ:
ਫੇਅਰ ਪਲੇ ਐਵਾਰਡ: ਗੁਰਨੂਰ ਸਿੰਘ ਗੁਰਦੁਆਰਾ ਯੁਲਸ
ਬੈਸਟ ਪਲੇਅਰ ਕੋਰਜ ਕੈਟਾਗਰੀ- ਗੁਰਕੀਤਰ ਕੋਰ ਕੈਨਸਸ
ਬੈਸਟ ਪਲੇਅਰ ਸਿੰਘਜ ਕੈਟਾਗਰੀ- ਹਰਨਿੱਧ ਸਿੰਘ ਰਿਚਰਡਸਨ, ਡਾਲਸ

ਉਹਨਾਂ ਦਸਿੱਆਂ ਕਿ ਮੋਕੇ ਸ. ਸਵਰਨਜੀਤ ਸਿੰਘ ਖਾਲਸਾ ਪਹਿਲੇ ਸਿੱਖ ਮੇਅਰ ਨੋਰਵਿੱਚ ਸ਼ਹਿਰ ਕਨਕੈਟੀਕਟ ਅਤੇ ਸ. ਕਲਵਿੰਦਰ ਸਿੰਘ ਫਰੀਜਨੋ ਚੇਅਰਮੈਨ ਵਰਲਡ ਗੱਤਕਾ ਫੈਡਰੇਸ਼ਨ ਵਿਸ਼ੇਸ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਸ਼ਵ ਗੱਤਕਾ ਫੇਡਰੇਸ਼ਨ ਅਤੇ ਗੁਰਦੁਆਰਾ ਯੁਲਸ ਦੀ ਸਮੂ ?ਹ ਕਮੇਟੀ ਵਲੋਂ ਉਲੀਕੇ ਗਏ ਇਸ ਪ੍ਰੋਗਰਾਮ ਦੀ ਭਰਪੂਰ ਸਲਾਘਾ ਕੀਤੀ। ਉਹਨਾਂ ਵਲੋਂ ਹੀ ਚੈਪੀਅਨਸ਼ਿਪ ਦੇ ਜੇਤੂਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ ਅਤੇ ਸਮੂਹ ਜੇਤੂ ਖਿਡਾਰੀਆਂ ਨੂੰ ਵਧਾਈ ਵੀ ਦਿੱਤੀ ਗਈ।ਇਸ ਮੌਕੇ ਮੇਅਰ ਸਵਰਨਜੀਤ ਸਿੰਘ ਵਲੋਂ ਗੁਰਦੀਪ ਸਿੰਘ ਸਕੱਤਰ ਗੁਰਦੁਆਰਾ ਸਿੱਖ ਸੰਗਤ ਯੁਲਸ ਅਤੇ ਹਰਵੀਰ ਸਿੰਘ ਟੂਰਨਾਮੈਂਟ ਆਰਗੇਨਾਈਜਰ ਨੂੰ ਮੇਅਰ ਆਫੀਸ ਵਲੋਂ ਸਰਟੀਫਿਕੇਟ ਆਫ ਰੈਕੋਗਨਾਈਜੇਸ਼ਨ ਪ੍ਰਦਾਨ ਕਰਕੇ ਉਹਨਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ।

ਇਸ ਮੋਕੇ ਉਹਨਾਂ ਨਾਲ ਸ. ਕਲਵਿੰਦਰ ਸਿੰਘ ਗੱਤਕਾ ਫੈਡਰੇਸ਼ਨ ਯੂ.ਐਸ.ਏ, ਕੈਲੇਫੋਰਨੀਆਂ, ਕਰਨਵੀਰ ਸਿੰਘ ਮਾਲਟਨ, ਸ. ਗਗਨਦੀਪ ਸਿੰਘ ਬਰੇਲੀ ਫਾਈਨੈਂਸ਼ ਸੈਕਟਰੀ ਤੇ ਟੂਰਨਾਮੈਂਟ ਕੁਆਰਡੀਨੇਟਰ ਅਮਰੀਕਾ, ਸ. ਜਸਕੀਰਤ ਸਿੰਘ, ਹਰਭਜਨ ਸਿੰਘ ਨਾਰਥ ਕੈਰੋਲੀਨਾ, ਜਸਵੇਦ ਸਿੰਘ ਨਿਉਯਾਰਕ ,ਸ. ਬਲਜਿੰਦਰ ਸਿੰਘ ਸਾਰੇ ਸੀਨੀਅਰ ਕੌਚ ਤੇ ਰੈਫਰੀ ਨਿਉਯਾਰਕ ,ਬੀਬਾ ਸਰਬਜੀਤ ਕੌਰ ਸਿੱਖ ਚਿੰਤਕ, ਗੁਰੂਘਰ ਦੇ ਪ੍ਰਧਾਨ ਬੀਬਾ ਗੁਰਵਿੰਦਰ ਕੋਰ ਸੰਧੂ, ਬੋਰਡ ਆਫ ਟ ?ਰਸਟੀ ਬਲਬੀਰ ਸਿੰਘ ਬੈਂਸ, ਅਮਰਜੀਤ ਸਿੰਘ ਖਾਲਸਾ, ਬਹਾਦਰ ਸਿੰਘ ਗਿੱਲ, ਤੇਜਿੰਦਰ ਸਿੰਘ ਮਾਨ, ਹਰਮੋਹਿੰਦਰ ਸਿੰਘ, ਅਮਰਜੀਤ ਸਿੰਘ, ਅਮ੍ਰਿਤਪਾਲ ਸਿੰਘ, ਦਿਲਪਾਲ ਸਿੰਘ, ਕਿਰਪਾਲ ਸਿੰਘ ਭੋਗਲ, ਬੋਰਡ ਆਫ ਡਾਇਰੈਕਟਰਜ ਦਲਜੀਤ ਸਿੰਘ, ਅਤੇ ਜਸਵੀਰ ਕੋਰ ਨੇ ਹਾਜਰੀ ਲਵਾ ਕੇ ਖਿਡਾਰੀਆਂ ਦੀ ਹੋਸਲਾ ਅਫਜਾਈ ਕੀਤੀ।

# ਬਜ਼ੁਰਗ ਨੇ ਸਮਝਾਇਆ ਕਿ ਨੂੰਹਾਂ ਅਤੇ ਧੀਆਂ ਵਿੱਚ ਕੀ ਫਰਕ ਹੁੰਦਾ ਹੈ

ਇੱਕ ਦਿਨ ਮੈਂ ਅਤੇ ਮੇਰੀ ਸਿੰਘਣੀ, ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਕੇ ਵਾਪਸ ਆ ਰਹੇ ਸੀ, ਗੱਡੀ ਦੇ ਜਰਨਲ ਡੱਬਿਆਂ ਵਿੱਚ ਭੀੜ ਜਿਆਦਾ ਹੋਣ ਕਾਰਨ ਅਸੀਂ ਕਾਹਲੀ ਨਾਲ ਬੁਕਿੰਗ ਵਾਲੇ ਡੱਬੇ ਵਿੱਚ ਚੜ੍ਹ ਗਏ, ਡੱਬੇ ਦੇ ਬਾਰ ਨੇੜਲੀ ਸੀਟ ਉੱਤੇ ਇੱਕ ਬਜ਼ੁਰਗ ਅਤੇ ਛੋਟੀ ਉਮਰ ਦੀ ਇਸਤਰੀ ਬੈਠੇ ਸਨ, ਉਹਨਾਂ ਨੇ ਸਾਨੂੰ ਕੋਲ ਬੈਠਣ ਲਈ ਥਾਂ ਦੇ ਦਿੱਤੀ, ਅਸੀਂ ਉਹਨਾਂ ਦਾ ਧੰਨਵਾਦ ਕਰਦਿਆਂ, ਬੈਠਦਿਆਂ ਹੀ ਗੱਲਾਂ ਬਾਤਾਂ ਕਰਨ ਲੱਗ ਪਏ, ਤਾਂ ਪਤਾ ਲੱਗਿਆ ਕਿ ਉਹ ਬਜ਼ੁਰਗ ਅਤੇ ਇਸਤਰੀ ਪਿਓ ਧੀ ਸਨ, ਉਸ ਇਸਤਰੀ ਨੇ ਦੱਸਿਆ ਕਿ ਮੇਰੇ ਦੋ ਭਰਾ ਹਨ, ਦੋਹੇਂ ਵਿਆਹੇ ਹੋਏ ਹਨ, ਦੋਹੇਂ ਨੂੰਹਾਂ ਇਸ ਦੀ ਸੰਭਾਲ ਨਹੀਂ ਕਰ ਰਹੀਆਂ ਸਨ, ਇਸ ਲਈ ਮੈਂ ਆਪਣੇ ਪਿਓ ਨੂੰ ਸੰਭਾਲਣ ਲਈ ਆਪਣੇ ਸਹੁਰੇ ਘਰ ਲੈ ਕੇ ਜਾ ਰਹੀ ਹਾਂ, ਹੋਰ ਵੀ ਬਹੁਤ ਗੱਲਾਂ ਹੋਈਆਂ, ਉਸ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਉਸ ਇਸਤਰੀ ਪ੍ਰਤੀ ਮਨ ਵਿੱਚ ਕਾਫੀ ਹਮਦਰਦੀ ਅਤੇ ਸਤਿਕਾਰ ਵੱਧ ਗਿਆ, ਦੋ ਘੰਟੇ ਦਾ ਸਮਾਂ ਇੰਜ ਲੱਗੇ ਜਿਵੇਂ ਪੰਦਰਾਂ ਵੀਹ ਮਿੰਟ ਹੀ ਹੋਏ ਹੋਣ, ਆਪਣੇ ਆਪ ਨੂੰ ਇਉਂ ਮਹਿਸੂਸ ਹੋਵੇ ਕਿ ਅੱਜ ਤਾਂ ਆਪਣੀ ਯਾਤਰਾ ਸਫਲ ਹੋ ਗਈ ਹੈ, ਇੱਕ ਉੱਤਮ ਸੋਚ ਵਾਲੀ ਭੈਣ ਦੀ ਸੰਗਤ ਕਰਨ ਦਾ ਮੌਕਾ ਮਿਲਿਆ ਹੈ, ਮੈਂ ਉਸ ਦੀ ਅਜਿਹੀ ਸੇਵਾ ਭਾਵਨਾ ਵਾਲੀ ਸੋਚ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭੈਣ ਜੀ ਤਾਂ ਹੀ ਤਾਂ ਕਹਿੰਦੇ ਹਨ ਕਿ ਪੁੱਤ ਵੰਡਾਉਣ ਜਮੀਨਾਂ ਧੀਆਂ ਦਰਦ ਵੰਡਾਉਂਦੀਆਂ ਨੇ, ਅਸੀਂ ਉਸ ਭੈਣ ਨਾਲ ਹੋਏ ਸਾਥ ਅਤੇ ਉਸ ਦੀ ਸੇਵਾ ਸਤਿਕਾਰ ਵਾਲੀ ਸੋਚ ਤੋਂ ਖੁਸ਼ ਸੀ ਅਤੇ ਉਹ ਭੈਣ ਵੀ ਆਪਣੇ ਵਾਰੇ ਦੱਸ ਕੇ ਅਤੇ ਸਾਡੇ ਵੱਲੋਂ ਕੀਤੀ ਆਪਣੀ ਪ੍ਰਸੰਸਾ ਸੁਣ ਕੇ ਖੁਸ਼ ਸੀ, ਪਰ ਉਹ ਬਜ਼ੁਰਗ ਸਾਡੀਆਂ ਗੱਲਾਂ ਤਾਂ ਸੁਣਦਾ ਰਿਹਾ, ਦੋ ਘੰਟਿਆਂ ਦੇ ਸਫਰ ਦੌਰਾਨ ਬੋਲਿਆ ਕੁੱਝ ਵੀ ਨਹੀਂ ਸੀ, ਉਹਨਾਂ ਦਾ ਸਟੇਸ਼ਨ ਨੇੜੇ ਆਉਣ ਵਾਲ਼ਾ ਸੀ ਉਹ ਭੈਣ ਉਠ ਕੇ ਬਾਥਰੂਮ ਵਿੱਚ ਚਲੀ ਗਈ, ਉਸ ਦੇ ਚਲੇ ਜਾਣ ਤੇ ਬਜ਼ੁਰਗ ਬੋਲਿਆ ਕਹਿੰਦਾ ਭਾਈ ਨਾ ਤਾਂ ਸਾਰੇ ਪੁੱਤ ਜਾਂ ਜਵਾਈ ਮਾੜੇ ਹੁੰਦੇ ਹਨ ਨਾ ਸਾਰੀਆਂ ਧੀਆਂ ਜਾਂ ਨੂੰਹਾਂ ਮਾੜੀਆਂ ਹੁੰਦੀਆਂ ਨੇ, ਅਸਲ ਵਿੱਚ ਇਹ ਦਰਦ ਵੰਡਾਉਣ ਵਾਲੀਆਂ ਧੀਆਂ ਹੀ ਦਰਦ ਦਿੰਦੀਆਂ ਹਨ, ਇਹ ਧੀਆਂ ਆਪਣੇ ਮਾਂ ਪਿਓ ਨੂੰ ਤਾਂ ਦਿਲੋਂ ਪਿਆਰ ਕਰਦੀਆਂ ਹਨ ਅਤੇ ਸੱਸ ਸਹੁਰੇ ਨੂੰ ਤਾਂ ਆਪਣੇ ਰਾਹ ਦਾ ਰੋੜਾ ਸਮਝ ਕੇ ਇੰਨੀ ਨਫਰਤ ਕਰਦੀਆਂ ਹਨ ਕਿ ਉਹਨਾਂ ਨੂੰ ਵੇਖਣਾ ਵੀ ਪਸੰਦ ਨਹੀਂ ਕਰਦੀਆਂ, ਪੁੱਤਾਂ ਵਿੱਚ ਜੁਅਰਤ ਨਹੀਂ ਰਹੀ ਕਿ ਉਹ ਆਪਣੇ ਮਾਂ ਪਿਓ ਦੀ ਸੰਭਾਲ ਲਈ ਆਪਣੀਆਂ ਘਰਵਾਲੀਆਂ ਨੂੰ ਕਹਿ ਸਕਣ, ਅਤੇ ਇਹ ਕਹਿਣ ਕਿ ਮੇਰੇ ਮਾਂ ਪਿਓ ਵੀ ਤੇਰੇ ਮਾਂ ਪਿਓ ਜਿੰਨੇ ਸਤਿਕਾਰ ਯੋਗ ਹਨ, ਖਬਰਦਾਰ ਜੇ ਮੇਰੇ ਮਾਂ ਪਿਓ ਦੀ ਸ਼ਾਨ ਦੇ ਖਿਲਾਫ ਇਕ ਵੀ ਸ਼ਬਦ ਬੋਲਿਆ, ਜਿਹੜੀਆਂ ਆਹ ਧੀਆਂ ਆਪਣੇ ਮਾਂ ਪਿਓ ਨੂੰ ਸੰਭਾਲਣ ਦੀਆਂ ਗੱਲਾਂ ਕਰਦੀਆਂ ਹਨ, ਉਹ ਸਹੁਰੇ ਘਰ ਜਾ ਕੇ ਸੱਸ ਸਹੁਰੇ ਨੂੰ ਮਾਂ ਪਿਓ ਸਮਝ ਕੇ ਕਿਉਂ ਨਹੀਂ ਸੰਭਾਲਦੀਆਂ, ਨੂੰਹਾਂ ਵੀ ਤਾਂ ਧੀਆਂ ਹੀ ਹੁੰਦੀਆਂ ਨੇ, ਠੀਕ ਹੈ ਕਿ ਮੇਰੀਆਂ ਨੂੰਹਾਂ ਮੈਨੂੰ ਨਹੀਂ ਸੰਭਾਲਦੀਆਂ ਸਨ, ਪਰ ਆਹ ਜੋ ਮੇਰੀ ਧੀ ਮੈਨੂੰ ਸੰਭਾਲਣ ਲਈ ਲੈ ਕੇ ਜਾ ਰਹੀ ਹੈ, ਇਸ ਦੇ ਦੁੱਖੀ ਕੀਤੇ ਇਸ ਦੇ ਸੱਸ ਸਹੁਰਾ (ਮੇਰੇ ਕੁੜਮ ਤੇ ਕੁੜਮਣੀ) ਵੀ ਆਪਣੀ ਧੀ ਕੋਲ ਬੈਠੇ ਹਨ, ਬੱਸ ਭਾਈ ਚੁੱਪ ਹੀ ਭਲੀ ਹੈ, ਖਾਲਸਾ ਜੀ, ਜਿਸ ਪਿੰਡ ਵਿੱਚ ਸਾਰੀ ਉਮਰ ਬਿਤਾਈ ਹੈ ਉਸ ਪਿੰਡ ਨੂੰ ਛੱਡ ਕੇ ਬਿਗਾਨੇ ਪਿੰਡ ਧੀ (ਕੁੜਮਾਂ) ਦੇ ਘਰ ਇਹ ਆਖਰੀ ਬਚਿਆ ਸਮਾਂ ਲੰਘਾਉਣਾ ਮੈਨੂੰ ਤਾਂ ਨਰਕ ਤੋਂ ਵੀ ਮਾੜਾ ਲੱਗਦਾ ਹੈ, ਉਥੇ ਜਾ ਕੇ ਕੀ ਹੁਣ ਮੇਰੀ ਇੱਜਤ ਵਧੇਗੀ ?, ਰੱਬ ਜੇ ਰੋਟੀ ਦੇਵੇ ਤਾਂ ਆਪਣੇ ਘਰ ਵਿੱਚ ਹੀ ਦੇਵੇ ਨਹੀ ਤਾਂ ਮੌਤ ਦੇ ਦੇ, ਇੰਨਾ ਕਹਿ ਕੇ ਬਜ਼ੁਰਗ ਚੁੱਪ ਹੋ ਗਿਆ, ਬਜ਼ੁਰਗ ਦੀਆਂ ਗੱਲਾਂ ਸੁਣ ਕੇ ਅਸੀਂ ਵੀ ਹੈਰਾਨ ਹੁੰਦਿਆਂ ਚੁੱਪ ਹੋ ਗਏ, ਦੋ ਘੰਟਿਆਂ ਦੀਆਂ ਕਥਾ ਕੀਰਤਨ ਵਰਗੀਆਂ ਲੱਗਦੀਆਂ ਗੱਲਾਂ ਦੀ ਬਜੁਰਗ ਨੇ ਦੋ ਮਿੰਟਾਂ ਵਿੱਚ ਅਸਲੀਅਤ ਸਾਹਮਣੇ ਲਿਆ ਕੇ ਧਰ ਦਿੱਤੀ ਸੀ, ਅਤੇ ਸਮਝਾਇਆ ਕਿ ਨੂੰਹਾਂ ਅਤੇ ਧੀਆਂ ਵਿੱਚ ਕੀ ਫਰਕ ਹੁੰਦਾ ਹੈ, ਇੰਨੇ ਨੂੰ ਉਸ ਦੀ ਧੀ ਵੀ ਆ ਗਈ, ਪਰ ਹੁਣ ਉਸ ਨੂੰ ਵੇਖ ਕੇ ਅਸੀਂ ਚੁੱਪ ਸੀ, ਉਸ ਦੇ ਬਾਥਰੂਮ ਜਾਣ ਤੋਂ ਪਹਿਲਾਂ ਵਾਲਾ ਸਤਿਕਾਰ ਉੱਡ ਚੁੱਕਿਆ ਸੀ, ਸਰਵਣ ਪੁੱਤ ਵਰਗੀ ਲੱਗਦੀ ਧੀ ਵਿੱਚੋਂ ਹੁਣ ਬਜ਼ੁਰਗ ਵੱਲੋਂ ਵਿਖਾਈ ਨੂੰਹ ਦਿਸ ਰਹੀ ਸੀ।



ਹਰਲਾਜ ਸਿੰਘ ਬਹਾਦਰਪੁਰ
ਮੋ : 94170-23911

## ਮਿੱਟੀ 'ਤੇ ਡਿੱਗਿਆ ਬੀਜ ਵਿਅਰਥ ਨਹੀਂ ਜਾਂਦਾ



ਮਿੱਟੀ ਦੀ ਆਪਣੀ ਇੱਕ ਖ਼ਾਮੋਸ਼ ਭਾਸ਼ਾ ਹੁੰਦੀ ਹੈ। ਜਦੋਂ ਕੋਈ ਬੀਜ ਉਸ ਦੀ ਗੋਦ ਵਿੱਚ ਡਿੱਗਦਾ ਹੈ ਤਾਂ ਹਰ ਵਾਰ ਤੁਰੰਤ ਅੰਕੁਰ ਨਹੀਂ ਫੁੱਟਦਾ। ਕਈ ਵਾਰ ਉਹ ਦਿਨਾਂ ਤੱਕ ਅੰਦਰ ਪਿਆ ਰਹਿੰਦਾ ਹੈ, ਕਦੇ ਮਹੀਨੇ ਲੰਘ ਜਾਂਦੇ ਹਨ ਤੇ ਕਈ ਵਾਰੀ ਸਾਲਾਂ ਦੀ ਉਡੀਕ ਵੀ ਕਰਨੀ ਪੈਂਦੀ ਹੈ। ਬਾਹਰੋਂ ਵੇਖਣ ਵਾਲੇ ਨੂੰ ਲੱਗ ਸਕਦਾ ਹੈ ਕਿ ਬੀਜ ਖ਼ਤਮ ਹੋ ਗਿਆ, ਪਰ ਧਰਤੀ ਉਸਨੂੰ ਆਪਣੇ ਅੰਦਰ ਸੰਭਾਲੀ ਬੈਠੀ ਹੁੰਦੀ ਹੈ। ਫਿਰ ਇੱਕ ਦਿਨ ਹਾਲਾਤ ਬਦਲਦੇ ਹਨ। ਨਮੀ ਮਿਲਦੀ ਹੈ, ਮੌਸਮ ਸਾਥ ਦਿੰਦਾ ਹੈ ਅਤੇ ਉਹੀ ਚੁੱਪ ਪਿਆ ਬੀਜ ਮਿੱਟੀ ਨੂੰ ਚੀਰ ਕੇ ਆਪਣੀ ਹੋਂਦ ਦਾ ਸਬੂਤ ਦੇ ਦਿੰਦਾ ਹੈ। ਨਿੱਕਾ ਜਿਹਾ ਅੰਕੁਰ ਹੌਲੀ-ਹੌਲੀ ਪੌਦਾ ਬਣਦਾ ਹੈ ਅਤੇ ਕਦੇ ਉਹੀ ਪੌਦਾ ਇੱਕ ਦਿਨ ਛਾਂ ਦੇਣ ਵਾਲਾ ਦਰੱਖਤ ਵੀ ਬਣ ਜਾਂਦਾ ਹੈ। ਕੁਦਰਤ ਦਾ ਇਹ ਦ੍ਰਿਸ਼ ਸਾਨੂੰ ਇੱਕ ਡੂੰਘੀ ਗੱਲ ਸਮਝਾਉਂਦਾ ਹੈ—ਦੇਰ ਹੋਣਾ, ਵਿਅਰਥ ਹੋਣਾ ਨਹੀਂ ਹੁੰਦਾ। ਜਿਵੇਂ ਧਰਤੀ ਹਰ ਬੀਜ ਨੂੰ ਉਸਦੀ ਆਪਣੀ ਰੁੱਤ ਆਉਣ ਤੱਕ ਸੰਭਾਲਦੀ ਹੈ, ਉਸੇ ਤਰ੍ਹਾਂ ਜ਼ਿੰਦਗੀ ਵਿੱਚ ਕੀਤੀ ਮਿਹਨਤ, ਦਿੱਤੀ ਸਿੱਖਿਆ, ਬੀਜੀ ਚੰਗੀ ਸੋਚ ਜਾਂ ਕੀਤਾ ਨੇਕ ਕੰਮ ਵੀ ਕਈ ਵਾਰ ਤੁਰੰਤ ਨਤੀਜਾ ਨਹੀਂ ਦਿੰਦਾ। ਪਰ ਇਸਦਾ ਮਤਲਬ ਇਹ ਨਹੀਂ ਕਿ ਉਹ ਖ਼ਤਮ ਹੋ ਗਿਆ।

ਹਰ ਬੀਜ ਨੂੰ ਆਪਣਾ ਸਮਾਂ ਚਾਹੀਦਾ ਹੈ। ਹਰ ਸੁਪਨੇ ਨੂੰ ਆਪਣੀ ਰੁੱਤ ਮਿਲਦੀ ਹੈ। ਹਰ ਕੋਸ਼ਿਸ਼ ਦਾ ਫਲ ਇੱਕੋ ਵੇਲੇ ਨਹੀਂ ਆਉਂਦਾ।

ਮਿੱਟੀ ਬੀਜ ਨੂੰ ਵਿਅਰਥ ਨਹੀਂ ਕਰਦੀ, ਉਹ ਉਸਨੂੰ ਸਮਾਂ ਦਿੰਦੀ ਹੈ। ਸ਼ਾਇਦ ਸਾਨੂੰ ਵੀ ਜ਼ਿੰਦਗੀ ਦੀਆਂ ਕੁਝ ਚੁੱਪ ਉਡੀਕਾਂ ਨੂੰ ਇਸੇ ਨਜ਼ਰੀਏ ਨਾਲ ਦੇਖਣਾ ਸਿੱਖਣਾ ਚਾਹੀਦਾ ਹੈ।

**ਕੁਲਬੀਰ ਸ਼ਰਮਾ**
**ਪਿੰਡ ਅਤੇ ਡਾਕ: ਝਬੇਲਵਾਲੀ**
**ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਪੰਜਾਬ**
**ਮੋਬਾਈਲ ਨੰਬਰ: 8427212104**

# ਨੌਜਵਾਨ ਪੀੜ੍ਹੀ ਦੇ ਬਦਲਦੇ ਰੰਗ, ਸੋਸ਼ਲ ਮੀਡੀਆ ਦੇ ਸੰਗ....

– ਅਜੋਕੇ ਸਮੇਂ ਅੰਦਰ ਨੌਜਵਾਨ ਪੀੜੀ ਦੇ ਬਦਲਦੇ ਰੰਗਾਂ ਦੀ ਗੱਲ ਕਰੀਏ ਤਾਂ ਪਿਛਲੇ ਸਮੇਂ ਦੇ ਮੁਕਾਬਲੇ ਅੱਜ ਕੱਲ ਬਹੁਤ ਕੁਝ ਬਦਲ ਚੁੱਕਿਆ ਹੈ । ਨੌਜਵਾਨ ਪੀੜੀ ਦਾ ਜੇਕਰ ਆਪਾਂ ਅਗਲਾ ਪਿਛਲਾ ਇਤਿਹਾਸ ਫਰੋਲਣਾ ਹੋਵੇ ਤਾਂ ਬਹੁਤ ਕੁਝ ਬਦਲ ਗਿਆ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ । ਸੋਸ਼ਲ ਮੀਡੀਆ ਨੇ ਆਪਣੇ ਪੈਰ ਪੂਰੀ ਦੁਨੀਆਂ ਵਿੱਚ ਪੂਰੀ ਤਰ੍ਹਾਂ ਪਸਾਰ ਲਏ ਹਨ ਹਰ ਇਨਸਾਨ ਸੋਸ਼ਲ ਮੀਡੀਆ ਰਾਹੀਂ ਆਪਣੇ ਮਨ ਦੀ ਗੱਲ ਅਤੇ ਹੋਰ ਭਾਵਨਾਵਾਂ ਚੰਗੀ ਤਰ੍ਹਾਂ ਪ੍ਰਗਟ ਕਰ ਸਕਦਾ ਹੈ । ਪਰ ਹੈਰਾਨੀ ਉਸ ਵੇਲੇ ਹੁੰਦੀ ਹੈ ਜਾਂ ਸੋਸ਼ਲ ਮੀਡੀਆ ਦੀ ਵਰਤੋਂ ਹੋਣ ਦੀ ਬਜਾਏ ਇਨਸਾਨ ਇਸ ਦੀ ਦੁਰਵਰਤੋਂ ਕਰ ਰਹੇ ਹਨ ਸਾਡਾ ਅੱਜ ਦਾ ਵਿਸ਼ਾ ਸੋਸ਼ਲ ਮੀਡੀਆ ਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਹੈ ਜੋ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਰਕੇ ਗ਼ਲਤ ਨੀਤੀਆਂ ਤੇ ਚੱਲ ਰਹੀ ਹੈ । ਬਾਕੀ ਮੁਲਕਾਂ ਦੀ ਤਰ੍ਹਾਂ ਕਨੇਡਾ ਦੀ ਧਰਤੀ ਅੰਦਰ ਵੀ ਸੋਸ਼ਲ ਮੀਡੀਆ ਨੇ ਆਪਣਾ ਸਿੱਕਾ ਪੂਰੀ ਤਰ੍ਹਾਂ ਜਮਾਇਆ ਹੋਇਆ ਹੈ ਹਰ ਨੌਜਵਾਨ ਦੇ ਹੱਥ ਵਿੱਚ ਸੋਸ਼ਲ ਮੀਡੀਆ ਦਾ ਹਥਿਆਰ ਹੈ ਉਹ ਚਾਹੁੰਦਾ ਹੈ ਕਿ ਜਿਵੇਂ ਸਾਰੇ ਫ਼ੈਸਲੇ ਉਸ ਨੇ ਹੀ ਕਰਨੇ ਹਨ । ਨੌਜਵਾਨ ਲੜਕੀਆਂ ਵੀ ਇਸ ਸਾਰੇ ਵਰਤਾਰੇ ਵਿੱਚ ਕਿਸੇ ਤੋਂ ਘੱਟ ਨਹੀਂ । ਪਹਿਲਾਂ ਅਸੀਂ ਸੁਣਦੇ ਸੀ ਕਿ ਨੌਜਵਾਨ ਸੋਸ਼ਲ ਮੀਡੀਆ ਤੇ ਗਲਤ ਢੰਗ ਨਾਲ ਪੇਸ਼ ਹੁੰਦੇ ਹਨ ਪਰ ਹੁਣ ਕੁੜੀਆਂ ਵੀ ਪਿੱਛੇ ਨਹੀਂ ਰਹੀਆਂ ।



ਅੱਜਕੱਲ੍ਹ ਸੋਸ਼ਲ ਮੀਡੀਆ ਦੀ ਇਕ ਐਪ ਟਿਕਟੌਕ ਉੱਤੇ ਲੜਕੀਆਂ ਵੱਲੋਂ ਇਸ ਤਰ੍ਹਾਂ ਦੀਆਂ ਵੀਡੀਓਜ਼ ਪਾਈਆਂ ਜਾ ਰਹੀਆਂ ਜਿਸ ਨੂੰ ਵੇਖ ਕੇ ਹਰ ਇਨਸਾਨ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਸਾਡੀਆਂ ਲੜਕੀਆਂ ਕਿਸ ਰਸਤੇ ਤੇ ਚੱਲ ਪਈਆਂ ਹਨ ਕਿਸੇ ਦੀ
ਰਿਹਾ ਨੌਜਵਾਨਾਂ ਨੂੰ ਅਸੀਂ ਦੋਸ਼ੀ ਗ
ਕੁੜੀਆਂ ਨੇ ਜੋ ਕੁਝ ਫੇਸਬੁੱਕ ਜ
ਸਾਧਨਾਂ ਉੱਤੇ ਪਾਇਆ ਹੈ ਉਸ ਨੂੰ ਅਸੀਂ ਕਿਸੇ ਤਰ੍ਹਾਂ ਵੀ ਸਹੀ ਨਹੀਂ ਠਹਿਰਾ ਸਕਦੇ । ਵ ?ਹੱਟਸਐਪ ਜਾਂ ਟਿੱਕਟੌਕ ਸਮੇਤ ਕਿੰਨੇ ਹੀ ਸਾਧਨਾ ਜ਼ਰੀਏ ਹਰ ਇਨਸਾਨ ਨੂੰ ਇਹੋ ਜਿਹੀਆਂ ਵੀਡੀਓ ਦੇਖਣ ਨੂੰ ਮਿਲਦੀਆਂ ਹਨ ਜਿਸ ਨਾਲ ਇਨਸਾਨ ਦਾ ਮਨ ਤਾਰ-ਤਾਰ ਹੋ ਜਾਂਦਾ ਹੈ ਕਿ ਅਸੀਂ ਕਿੱਥੇ ਖੜ੍ਹੇ ਹਾਂ । ਖਾਸ ਕਰ ਇਸ ਮਾਮਲੇ ਵਿੱਚ ਨੌਜਵਾਨ ਲੜਕੀਆਂ ਦੀ ਭੂਮਿਕਾ ਸ਼ੱਕੀ ਹੋਣ ਲੱਗਦੀ ਹੈ ਤਾਂ ਹਰ ਇਨਸਾਨ ਇਹ ਸੋਚਦਾ ਹੈ ਕਿ ਗੁਰੂਆਂ ਪੀਰਾਂ ਜਾਂ ਪੰਜਾਬ ਤੋਂ ਬਾਹਰ ਇਸ ਧਰਤੀ ਉੱਤੇ ਕੀ ਹੋ ਰਿਹਾ ਹੈ ।

?ਭਾਵੇਂ ਕਿ ਸੋਸ਼ਲ ਮੀਡੀਏ ਨੇ ਤਰੱਕੀ ਦੇ ਰਸਤੇ ਵਿੱਚ ਵੱਡੀਆਂ ਮੰਜ਼ਿਲਾਂ ਨੂੰ ਮਾਰਿਆ ਹੈ ਪਰ ਨਾਲ ਦੀ ਨਾਲ ਵਿਨਾਸ਼ ਦੀ ਕਾਰਵਾਈ ਵੀ ਸ਼ੁਰੂ ਹੋ ਚੁੱਕੀ ਹੈ ਨੌਜਵਾਨ ਪੀੜ੍ਹੀ ਕਿਸ ਰਸਤੇ ਤੇ ਜਾ ਰਹੀ ਹੈ ਕਹਿਣ ਦੀ ਲੋੜ ਨਹੀਂ ਪਰ ਹੈਰਾਨੀ ਦੀ ਗੱਲ ਹੈ ਕਿ ਇਹ ਸਾਰੇ ਵਰਤਾਰੇ ਵਿਚੋਂ ਨੌਜਵਾਨ ਪੀੜ੍ਹੀ ਨੂੰ ਮਿਲਦਾ ਕੀ ਹੈ ਇਹ ਕਹਿਣ ਦੀ ਲੋੜ ਨਹੀਂ । ਸਿਵਾਏ ਬਦਨਾਮੀ ਅਤੇ ਕੰਡਿਆਂ ਦੇ ਕੁਝ ਵੀ ਨਸੀਬ ਨਹੀਂ ਹੁੰਦਾ । ਇੱਕ ਲੜਕੀ ਵੱਲੋਂ ਟਿੱਕ ਟੌਕ ਤੇ ਪਾਈ ਵੀਡੀਓ ਵੇਖ ਰਿਹਾ ਸਾਂ ਤਾਂ ਮਨ ਦੀ ਅਸ਼ਾਂਤੀ ਭੰਗ ਹੋ ਗਈ ਕਿ ਅਸੀਂ ਗੁਰੂਆਂ ਦੀ ਔਲਾਦ ਅਖਵਾਉਣ ਦੇ ਕਾਬਲ ਨਹੀਂ ਹਾਂ ਉਹ ਵੀਡੀਓ ਇਨ੍ਹੀਂ ਭੱਦੀ ਸੀ ਕਿ ਮੈਂ ਦੱਸ ਨਹੀਂ ਸਕਦਾ । ਇਹ ਵਰਤਾਰਾ ਅੱਜ ਆਮ ਅਤੇ ਵੱਡੀ ਪੱਧਰ ਤੇ ਚੱਲ ਚੁੱਕਿਆ ਹੈ ਮਾਂ ਪਿਉ ਦਾ ਸਿਰ ਸ਼ਰਮ ਨਾਲ ਨੀਵਾਂ ਹੁੰਦਾ ਹੈ ਪਰ ਨੌਜਵਾਨ ਪੀੜ ? ?ਹੀ ਹਟ ਨਹੀਂ ਰਹੀ
ਦੇ ਸਾਂ ਕਿ ਕੁੜੀਆਂ ਸਿਰ ਨੰਗਾ
ਪਰ ਬਿਲਕੁਲ ਉਲਟ ਹੋ ਰਿਹਾ ਹੈ

**ਲੇਖਕ-ਸਿੰਦਰ ਸਿੰਘ ਮੀਰਪੁਰੀ**
**5592850841**

?ਇਸ ਸਾਰੇ ਘਟਨਾਕ੍ਰਮ ਦਾ ਇੱਕ ਅਹਿਮ ਪਹਿਲੂ ਇਹ ਵੀ ਹੈ ਕਿ ਜੇਕਰ ਕੋਈ ਨੌਜਵਾਨ ਜਾਂ ਸਿਆਣਾ ਬੰਦਾ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਗਾਲੀ ਗਲੋਚ ਜਾਂ ਮੰਦਾ ਇਨ੍ਹਾਂ ਬੋਲਿਆ ਜਾਂਦਾ ਹੈ ਕਿ ਉਹ ਮੁੜ ਕੇ ਕੁਝ ਪੁੱਛਣ ਦਾ ਹੀਆ ਵੀ ਨਾ ਕਰ ਸਕੇ । ਆਖ਼ਰ ਲੜਕੀਆਂ ਨੂੰ ਆਪਣੇ ਸਰੀਰ ਦੀ ਨੁਮਾਇਸ਼ ਕਰ ਕੇ ਮਿਲਦਾ ਕੀ ਹੈ ਇਹ ਗੱਲ ਅੱਜ ਤਕ ਕਿਸੇ ਦੇ ਸਮਝ ਨਹੀਂ ਆਈ ਸਾਡੇ ਗੁਰੂ ਸਾਹਿਬਾਨ ਨੇ ਔਰਤ ਨੂੰ ਪਵਿੱਤਰਤਾ ਦਾ ਦਰਜਾ ਦਿੰਦਿਆਂ ਬਹੁਤ ਉੱਤੇ ਉੱਚੇ ਰੁਤਬੇ ਨਾਲ ਨਿਵਾਜਿਆ ਹੈ ਪਰ ਆਖ਼ਰ ਅਸੀਂ ਸਿੱਧ ਕੀ ਕਰਨਾ ਚਾਹੁੰਦੇ ਹਾਂ । ਜੇਕਰ ਅਸੀਂ ਆਪਣੇ ਇਤਿਹਾਸ ਤੇ ਝਾਤ ਮਾਰੀਏ ਤਾਂ ਸਾਨੂੰ ਕੁਝ ਸਮਝਣ ਦੀ ਦੇਰ ਨਾ ਲੱਗੇ ਪਰ ਅਸੀਂ ਇਤਿਹਾਸ ਜਾਂ ਗੁਰਬਾਣੀ ਪੜ੍ਹਦੇ ਕਿੱਥੇ ਆਂ ਅਸੀਂ ਤਾਂ ਸਵਾਏ ਸੋਸ਼ਲ ਮੀਡੀਆ ਦੇ ਮੋਢਿਆਂ ਤੇ ਸਵਾਰ ਹੋਣ ਤੋਂ ਹੋਰ ਕੁਝ ਵੀ ਨਹੀਂ ਕਰਦੇ ।

?ਵਿਦੇਸ਼ਾਂ ਅੰਦਰ ਵੀ ਬਹੁਤ ਸਾਰੇ ਨੌਜਵਾਨ ਮੁੰਡੇ ਅਤੇ ਕੁੜੀਆਂ ਹੱਕ ਸੱਚ ਦੀ ਕਮਾਈ ਕਰਕੇ ਅੱਗੇ ਵਧਣ ਦੀ ਜੋ ਯੋਜਨਾ ਬਣਾ ਰਹੇ ਹਨ ਉਨ੍ਹਾਂ ਨੂੰ ਵੀ ਇਸ ਵਰਤਾਰੇ ਨਾਲ ਧੱਕਾ ਲੱਗਦਾ ਹੈ । ਕਿਉਂਕਿ ਜੇਕਰ ਇੱਕ ਮੱਝ ਲਿੱਬੜੀ ਹੋਵੇਗੀ ਤਾਂ ਉਹ ਬਾਕੀਆਂ ਨੂੰ ਵੀ ਲਬੇੜ ਦੇਵੇਗੀ ਇਹੀ ਕੁਝ ਵਿਦੇਸ਼ਾਂ ਅੰਦਰ ਵਾਪਰ ਰਿਹਾ ਹੈ ਜੋ ਬੇਹੱਦ ਮਾੜਾ ਹੈ । ਅਸੀਂ ਕਮਾਈਆਂ ਕਰਕੇ ਆਪਣੇ ਮਾਂ ਪਿਉ ਦਾ ਸਿਰ ਉੱਚਾ ਕਰਨ ਵਾਲੇ ਲੋਕ ਸਾਂ ਪਰ ਅਸੀਂ ਕਿੱਧਰ ਨੂੰ ਤੁਰ ਪਏ । ਸਿਤਮ ਦੀ ਗੱਲ ਹੈ ਕਿ ਲੜਕੀਆਂ ਇਸ ਮਾਮਲੇ ਵਿਚ ਬਿਨਾਂ ਰੋਕ ਟੋਕ ਅੱਗੇ ਵਧ ਰਹੀਆਂ ਹਨ । ਪਿਛਲੇ ਦਿਨੀਂ ਕਿਸੇ ਲੜਕੀ ਦੀ ਜਾਰੀ ਹੋਈ ਵੀਡੀਓ ਨੇ ਕਿੰਨੇ ਮਾਪਿਆਂ ਦੇ ਦਿਲਾਂ ਨੂੰ ਸੱਟ ਮਾਰੀ ਹੋਵੇਗੀ ਕਹਿਣ ਦੀ ਲੋੜ ਨਹੀਂ ਪਰ ਉਸ ਲੜਕੀ ਵੱਲੋਂ ਜੋ ਕੁਝ ਲੋਕਾਂ ਸਾਹਮਣੇ ਪੇਸ਼ ਕੀਤਾ ਗਿਆ ਉਸ ਨੂੰ ਸਾਡਾ ਸਮਾਜ ਕਿਸੇ ਤਰ੍ਹਾਂ ਵੀ ਬਰਦਾਸ਼ਤ ਨਹੀਂ ਕਰ ਸਕਦਾ ਇਹ ਗਲਤ ਗੱਲ ਹੈ । ਅਜਿਹੀਆਂ ਕਿੰਨੀਆਂ ਹੀ ਘਟਨਾਵਾਂ ਹਨ ਜਿਸ ਨੇ ਮਾਪਿਆਂ ਦਾ ਸਿਰ ਨੀਵਾਂ ਕੀਤਾ ਹੈ ।ਭਾਵੇਂ ਸੋਸ਼ਲ ਮੀਡੀਆ ਸਾਡੇ ਸੰਸਾਰ ਅੰਦਰ ਵੱਡੇ ਪੱਧਰ ਤੇ ਫੈਲ ਚੁੱਕਿਆ ਹੈ ਪਰ ਇਸ ਦੀਆਂ ਊਣਤਾਈਆਂ ਵੀ ਨਾਲੋਂ ਨਾਲ ਫੈਲ ਰਹੀਆਂ ਹਨ । ਸੋ ਆਉ ਵਾਪਸ ਪਰਤੀਏ ਅਸੀਂ ਗੁਰੂ ਸਾਹਿਬਾਨ ਦੀ ਦਿੱਤੀ ਸਿੱਖਿਆ ਨੂੰ ਜੇਕਰ ਥੋੜ੍ਹਾ ਵੀ ਧਿਆਨ ਰੱਖ ਕੇ ਪੜ੍ਹੀਏ ਅਤੇ ਸੁਣੀਏ ਤਾਂ ਅਸੀਂ ਅੱਗੇ ਵਧ ਸਕਦੇ ਹਾਂ । ਸਾਡਾ ਇਹ ਵਰਤਾਰਾ ਨਹੀਂ ਸਾਡੀ ਸੋਚ ਉੱਚੀ ਹੋਣੀ ਚਾਹੀਦੀ ਹੈ ਮਾਪੇ ਵਿਦੇਸ਼ਾਂ ਅੰਦਰ ਕਮਾਈ ਕਰਦੇ ਹਨ ਪਰ ਬੱਚੇ ਮਗਰੋਂ ਘਰਾਂ ਵਿੱਚ ਬੈਠ ਕੇ ਕੀ ਕਰਦੇ ਹਨ ਇਹ ਵੀ ਇੱਕ ਵੱਖਰਾ ਵਿਸ਼ਾ ਹੈ । ਖ਼ਾਸਕਰ ਨੌਜਵਾਨ ਲੜਕੀਆਂ ਵੱਲੋਂ ਜੋ ਸੋਸ਼ਲ ਮੀਡੀਆ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ ਉਹ ਵਿਨਾਸ਼ ਦਾ ਵੱਡਾ ਕਾਰਨ ਹੋਵੇਗਾ । ਸਿਰਾਂ ਤੇ ਦੁਪੱਟੇ ਲੈ ਕੇ ਪੰਜਾਬ ਦੀਆਂ ਰਾਣੀਆਂ ਧੀਆਂ ਸਚਮੁੱਚ ਰਾਣੀਆਂ ਬਣਕੇ ਪੇਸ਼ ਆਉਣ ਤਾਂ ਕਿੰਨਾ ਚੰਗਾ ਹੋਵੇਗਾ । ਬਿਨਾਂ ਸ਼ੱਕ ਇਹ ਵਰਤਾਰਾ ਇੱਕ ਖ਼ਤਰਨਾਕ ਰੂਪ ਧਾਰਨ ਕਰਦਾ ਜਾ ਰਿਹਾ ਹੈ । ਸੋਸ਼ਲ ਮੀਡੀਆ ਦੀ ਚੰਗੀ ਵਰਤੋਂ ਕਰੀਏ ਤਾਂ ਚੰਗੇ ਰਹਾਂਗੇ ਨਹੀਂ ਤਾਂ ਤਬਾਹੀ ਵੱਲ ਧੱਕੇ ਜਾਵਾਂਗੇ ਸਾਡੇ ਬੱਚੇ ਕਿੱਧਰ ਜਾ ਰਹੇ ਹਨ ਮਾਪਿਆਂ ਨੂੰ ਵੀ ਸਮਝਣ ਦੀ ਲੋੜ ਹੈ ।

# ਨਸ਼ਿਆਂ ਖ਼ਿਲਾਫ਼ ਲੜਾਈ ਲਈ ਸ਼ਿੱਦਤ ਤੇ ਜਨੂੰਨ ਦੀ ਲੋੜ ਹੈ,ਰੈਲੀਆਂ ਤੇ ਰੌਲਿਆਂ ਦੀ ਨਹੀਂ

ਜੇਕਰ ਪੰਜਾਬ ਵਿੱਚ ਨਸ਼ਿਆਂ ਦੀ ਗੱਲ ਕਰੀਏ ਤਾਂ ਸਾਡੇ ਸਾਹਮਣੇ ਜੋ ਅੰਕੜੇ ਆ ਰਹੇ ਹਨ ਉਹ ਇਹ ਹੈ ਕਿ ਬੀਤੇ ਢਾਈ ਦਹਾਕਿਆਂ ਦੌਰਾਨ ਨਸ਼ਾ ਤਸਕਰੀ ਦੇ ਕਰੀਬ 2.46 ਲੱਖ ਕੇਸ ਦਰਜ ਹੋਏ ਹਨ। ਪਿਛਲੇ ਕੁਝ ਵਰ੍ਹ ?ਆਂ 'ਚ ਪੰਜਾਬ ਐੱਨ ਡੀ ਪੀ ਐੱਸ ਕੇਸਾਂ ਦੇ ਮਾਮਲੇ 'ਚ ਸਮੁੱਚੇ ਦੇਸ਼ 'ਚੋਂ ਦੂਜੇ ਜਾਂ ਤੀਜੇ ਨੰਬਰ 'ਤੇ ਰਿਹਾ ਹੈ। ਪੰਜਾਬ 'ਚ ਐੱਨ ਡੀ ਪੀ ਐੱਸ ਦੇ ਕੇਸਾਂ ਦਾ ਅੰਕੜਾ ਵੀ ਸਿਖਰ ਛੋਹਦਾ ਰਿਹਾ ਹੈ, ਪਰ ਓਵਰਡੋਜ਼ ਨਾਲ ਮੌਤਾਂ 'ਚ ਵੀ ਵੱਡੀ ਕਮੀ ਨਹੀਂ ਆਈ। ਹੁਣ ਜਦੋਂ ਪੰਜਾਬ 'ਚ ਚੋਣਾਂ ਬਰੂਹਾਂ 'ਤੇ ਹਨ ਤਾਂ ਹਰ ਸਿਆਸੀ ਧਿਰ ਨਸ਼ੇ ਦੇ ਮੁੱਦੇ ਨੂੰ ਉਛਾਲ ਰਹੀ ਹੈ। ਸੱਤਾਧਾਰੀ ਧਿਰ 'ਯੁੱਧ ਨਸ਼ਿਆਂ ਵਿਰੁੱਧ' ਦੀ ਪ੍ਰਾਪਤੀ ਦਾ ਗੁਣਗਾਨ ਕਰ ਰਹੀ ਹੈ ਜਦਕਿ ਵਿਰੋਧੀ ਧਿਰਾਂ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਦਾ ਅੰਕੜਾ ਦਿਖਾ ਕੇ ਘੇਰਾਬੰਦੀ ਕਰ ਰਹੀਆਂ ਹਨ ।ਅਜਿਹਾ ਚੌਥੀ ਵਾਰ ਹੋਵੇਗਾ ਜਦੋਂ ਵਿਧਾਨ ਸਭਾ ਚੋਣਾਂ 'ਚ ਨਸ਼ਿਆਂ ਦਾ ਮੁੱਦਾ ਭਾਰੂ ਰਹੇਗਾ। ਜਨਵਰੀ 2002 ਤੋਂ ਹੁਣ ਤੱਕ ਸੂਬੇ 'ਚ ਐੱਨ ਡੀ ਪੀ ਐੱਸ ਐਕਟ ਤਹਿਤ 2,45,995 ਕੇਸ ਦਰਜ ਹੋ ਚੁੱਕੇ ਹਨ। ਜਦੋਂ ਅਮਰਿੰਦਰ ਸਰਕਾਰ ਦੀ ਪਹਿਲੀ ਪਾਰੀ (2002-07) ਸੀ ਤਾਂ ਪੰਜ ਵਰ੍ਹ ?ਆਂ 'ਚ ਐੱਨ ਡੀ ਪੀ ਐੱਸ ਐਕਟ ਤਹਿਤ 15,990 ਕੇਸ ਦਰਜ ਹੋਏ ਸਨ ਜੋ ਪ੍ਰਤੀ ਦਿਨ ਔਸਤਨ 9 ਕੇਸ ਬਣਦੇ ਹਨ। ਉਸ ਮਗਰੋਂ ਅਕਾਲੀ-ਭਾਜਪਾ ਗੱਠਜੋੜ ਦੀ ਹਕੂਮਤ (2007-2012) ਦੌਰਾਨ ਕੇਸਾਂ ਦਾ ਅੰਕੜਾ ਇਕਦਮ ਵਧ ਕੇ 27,348 ਹੋ ਗਿਆ ਸੀ। ਇਸ ਸਮੇਂ ਦੌਰਾਨ ਪ੍ਰਤੀ ਦਿਨ ਔਸਤਨ 15 ਕੇਸ ਦਰਜ ਹੁੰਦੇ ਰਹੇ। ਗੱਠਜੋੜ ਦੀ ਅਗਲੀ ਪਾਰੀ (2012-2017) ਦੌਰਾਨ ਅੰਕੜਾ ਦੁੱਗਣਾ ਹੋ ਗਿਆ, ਭਾਵ ਇਨ੍ਹਾਂ ਪੰਜ ਸਾਲਾਂ 'ਚ 55,402 ਕੇਸ ਦਰਜ




ਕੀਤੇ ਗਏ। ਕੈਪਟਨ ਅਮਰਿੰਦਰ ਸਿੰਘ ਦੀ ਦੂਜੀ ਪਾਰੀ (2017-22) ਦੌਰਾਨ 52,427 ਕੇਸ ਦਰਜ ਹੋਏ ਸਨ ਜੋ ਪ੍ਰਤੀ ਦਿਨ ਔਸਤਨ 29 ਕੇਸ ਬਣਦੇ ਸਨ। ਮੌਜੂਦਾ 'ਆਪ' ਸਰਕਾਰ ਨੇ ਹੁਣ ਤੱਕ 94,828 ਕੇਸ ਐੱਨ ਡੀ ਪੀ ਐੱਸ ਐਕਟ ਤਹਿਤ ਦਰਜ ਕੀਤੇ ਹ
58 ਕੇਸ ਬਣਦੇ ਹਨ ।ਇਹਨ
ਹਿਸਾਬ ਲਾਈਏ ਤਾਂ ਪੰਜਾਬ
ਅਬਾਦੀ 3ਕਰੋੜ 23 ਲੱਖ ਦੇ ਕਰੀਬ ਹੈ, ਜਿਹਨਾਂ ਵਿੱਚੋ ਕਰੀਬ ਇੱਕ ਲੱਖ ਲੋਕਾਂ ਉਤੇ ਐਨ ਡੀ ਪੀ ਐਸ ਦੇ ਕੇਸ ਦਰਜ਼ ਹਨ, ਅਗਰ ਇੱਕ ਇੱਕ ਕੇਸ ਨਾਲ ਦੱਸ ਦੱਸ ਨਸ਼ੇੜੀ ਵੀ ਜੁੜੇ ਹੋਣ ਤੇ ਇਹ ਅੰਕੜਾ ਦੱਸ ਲੱਖ ਤੋਂ ਉਪਰ ਜਾ ਰਿਹਾ ਹੈ, ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕੋਈ ਲੱਗਭਗ 35 ਪ੍ਰਤੀਸ਼ਤ ਲੋਕ ਨਸ਼ੇ ਦੀ ਗ੍ਰਿਫਤ ਵਿੱਚ ਆ ਚੁੱਕੇ ਹਨ ਜਿਹਨਾਂ ਨੇ ਨਸ਼ਾ ਲਾਇਆ ਉਹ ਕੋਠੀਆਂ
,ਜਿਹਨਾਂ ਨੇ ਸੇਵਨ ਕੀਤਾ
ਤੇ ਮਰ ਵੀ ਗਏ, ਅਗਰ ਅਸੀਂ
ਆਂ ਕਰਦੇ ਰਹੇ ਰਹੇ, ਨਸ਼ਾ ਖਤਮ ਨਹੀਂ ਹੋਣਾ ਕਿਸੇ ਵੀ ਹਾਲਤ ਵਿੱਚ, ਸਾਡੇ ਸਾਰੇ ਪੰਜਾਬੀਆਂ ਨੂੰ ਇੱਕ ਮੁੱਠ ਹੋ ਕੇ ਸਿਆਸਤ ਤੋਂ ਉਪਰ ਉੱਠ ਕੇ ਜਮੀਨੀ ਪੱਧਰ ਉਤੇ ਨਸ਼ੇ ਖਾਤਮੇ ਲਈ ਜੰਗ ਲੜਨੀ ਪਵੇਗੀ, ਕਿਸੇ ਨੂੰ ਇਹ ਵੀ ਨਹੀਂ ਸੋਚ ਲੈਣਾ ਚਾਹੀਦਾ ਕਿ ਮੇਰਾ ਪੁੱਤਰ ਧੀ ਇਸ ਤੋਂ ਬਚਿਆ ਹੈ ਤੇ ਮੈ ਕੀ ਲੈਣਾ ਹੈ, ਨਹੀਂ ਅੱਗ ਭਾਵੇਂ ਕਿੰਨੀ ਮਰਜ਼ੀ ਦੂਰ ਹੋਵੇ ਇੱਕ ਹੀ ਹਨੇਰੀ ਦੇ ਬੁਲੇ ਨਾਲ ਬਹੁਤ ਦੂਰ ਤਕ ਪਹੁੰਚ ਜਾਂਦੀ ਹੈ, ਫਿਰ ਪਤਾ ਵੀ ਨਹੀਂ ਲਗਦਾ ਕਿ ਕੀ ਹੋ ਗਿਆ ਹੈ, ਸਿਆਸੀ ਲੋਕ ਜਿਵੇ ਬੂਥ ਲੈਵਲ ਤੇ ਲੋਕਾਂ ਨੂੰ ਵੋਟਾਂ ਲਈ ਲਾਮਬੰਦ ਕਰਦੇ ਹਨ, ਇਸੇ ਤਰਾਂ ਗਲੀਆਂ ਮੁਹੱਲਿਆਂ ਵਿੱਚ ਨਸ਼ੇੜੀਆਂ ਦਾ ਪਤਾ ਕਰਕੇ ਉਹਨਾਂ ਤੋਂ ਪਤਾ ਕੀਤਾ ਜਾਵੇ ਕਿ ਤੁਸੀਂ ਨਸ਼ਾ ਕਿਥੋਂ ਲੈਕੇ ਆਉਂਦੇ ਹੋ, ਉਹ ਦੱਸ ਸਕਦੇ ਹਨ ਕਿ ਕੌਣ ਕੌਣ ਨਸ਼ੇ ਦਾ ਧੰਦਾ ਕਰਦੇ ਹਨ, ਫਿਰ ਉਹਨਾਂ ਉਤੇ ਸਿਕੰਜਾ ਕਸਿਆ ਜਾਵੇ, ਫਿਰ ਹੌਲੀ ਹੌਲੀ ਕਰਕੇ ਨਸ਼ੇ ਦੀ ਆਮਦ ਘਟੇ, ਫਿਰ ਖਾਣ ਵਾਲਿਆਂ ਨੂੰ ਪਤਾ ਹੋਵੇ ਕਿ ਹੁਣ ਨਹੀਂ ਮਿਲਣਾ ਤੇ ਵੇਚਣ ਵਾਲਿਆਂ ਨੂੰ ਪਤਾ ਹੋਵੇ ਕਿ ਹੁਣ ਨਹੀਂ ਬਖਸਿਆ ਜਾਵੇਂਗਾ, ਫਿਰ ਹੋ ਸਕਦਾ ਹੈ ਕਿ ਨਸ਼ੇ ਤੋਂ ਨੌਜਵਾਨੀ ਨੂੰ ਬਚਾਇਆ ਜਾ ਸਕਦਾ ਹੈ, ਕਾਹਲੀ ਨਾਲ ਕੁਝ ਨਹੀਂ ਹੋਣਾ, ਰੈਲੀਆਂ ਤਾਂ ਸਿਰਫ ਲੋਕ ਵਿਖਾਵਾ ਹੀ ਹਨ, ਵੋਟਾਂ ਬਟੋਰਨ ਲਈ ਸਿਆਸੀ ਲੋਕ ਬਹੁਤ ਕੁਝ ਕਰਦੇ ਹਨ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਸਭ ਕੁੱਝ ਭੁੱਲ ਜਾਂਦੇ ਹਨ, ਪਰ ਜਿਸ ਹਲਾਤਾਂ ਵਿੱਚੋ ਅੱਜ ਸਮੁਚਾ ਪੰਜਾਬ ਗੁਜ਼ਰ ਰਿਹਾ ਹੈ, ਇਹ ਬਹੁਤ ਹੀ ਨਾਜ਼ੁਕ ਸਥਿੱਤੀ ਬਣੀ ਹੋਈ ਹੈ, ਇਸ ਲਈਨਸ਼ਿਆਂ ਖ਼ ?ਲਾਫ਼ ਲੜਾਈ ਲਈ ਸ਼ਿੱਦਤ ਤੇ ਜਨੂੰਨ ਦੀ ਲੋੜ ਹੈ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**
**7589155501**

# ਪ੍ਰੀਤ ਫੁਲਵਾੜੀ

## ਚਾਰ ਉਦਾਸੀਆਂ

ਇੱਕ ਰੱਬ, ਇਹ ਸਾਰੀ ਸ੍ਰਿਸ਼ਟੀ ਉਸ ਦੀ ਰਚਨਾ,
ਸਾਰੇ ਜੀਵ ਇਕ ਪਰਿਵਾਰ, ਪਿਆਰ ਹੀ ਸਾਡੀ ਬਾਂਹ ਫੜਨਾ।
ਗੁਰੂ ਨਾਨਕ ਤੁਰ ਪਏ ਸੱਚ ਦੀ ਰਾਹ,
ਭਾਈ ਮਰਦਾਨੇ ਨਾਲ ਵੰਡਿਆ ਪ੍ਰੇਮ ਦਾ ਚਾਹ।
ਚਾਰ ਉਦਾਸੀਆਂ, ਪੈਰਾਂ ਹੇਠ ਧੂੜ,
ਅਠਾਈ ਹਜ਼ਾਰ ਮੀਲਾਂ ਦੀ ਯਾਤਰਾ, ਦਿਲਾਂ ਵਿੱਚ ਸੱਚ ਦਾ ਨੂਰ।
ਪੂਰਬ ਵੱਲ ਗਏ ਪਵਿੱਤਰ ਧਾਮ,
ਬਨਾਰਸ ਵਿੱਚ ਗੂੰਜਿਆ ਹਰਿ ਦਾ ਨਾਮ।
ਲਾਲੋ ਨੂੰ ਮਿਲੇ, ਮਲਿਕ ਭਾਗੋ ਨਾਲ ਬਚਨ ਕੀਤੇ,
ਸੱਜਣ ਠੱਗ ਦੀ ਬਦਲੀ ਜੀਵਨ ਰੀਤਿ।
ਪੁਰੀ ਦੇ ਤਟ ਉੱਤੇ ਆਰਤੀ ਉਚਾਰੀ,
ਇੱਕ ਕਰਤਾਰ ਦੀ ਜੋਤ ਹਰ ਦਿਲ ਵਿੱਚ ਛਾਈ।
ਫਿਰ ਦੱਖਣ ਵੱਲ ਲੰਕਾ ਦੀ ਧਰਤੀ,
ਰਾਜਿਆਂ ਨੇ ਕੀਤੀ ਸਤਿਕਾਰ ਭਰੀ ਭਗਤੀ।
ਉਨ੍ਹਾਂ ਜਾਤਾਂ ਦੀ ਕੰਧ ਨਾ ਮੰਨੀ,
ਹਰ ਰੂਹ ਵਿੱਚ ਇੱਕੋ ਜੋਤ ਪਛਾਣੀ।
ਜੈਨ ਤੇ ਬੋਧੀ ਵੀ ਸੁਨੇਹਾ ਸੁਣੇ,
ਪਿਆਰ ਦੇ ਰਾਹ ਉੱਤੇ ਕਈ ਦਿਲ ਮੁੜੇ।
ਨਾਸਿਕ ਦੇ ਕੰਢੇ, ਉੱਜੈਨ ਦੇ ਪਾਸ,
ਹਰ ਥਾਂ ਵੰਡਿਆ ਸੱਚ ਦਾ ਪ੍ਰਕਾਸ਼।
ਉੱਤਰ ਵੱਲ ਚੜ੍ਹੇ ਪਹਾੜਾਂ ਦੀ ਰਾਹ,
ਬਰਫ਼ੀਲੀਆਂ ਚੋਟੀਆਂ ਵਿੱਚ ਗੂੰਜੀ ਸੱਚ ਦੀ ਆਵਾਜ਼।
ਸੁਮੇਰ ਪਰਬਤ ਉੱਤੇ ਜੋਗੀਆਂ ਨਾਲ ਮਿਲਾਪ,
÷ਦੁਨੀਆ ਵਿੱਚ ਰਹਿ ਕੇ ਕਰ ਪ੍ਰੇਮ ਦਾ ਜਾਪ।÷
ਨਰਮਦਾ ਕੰਢੇ ਅਜਬ ਸੁਨੇਹਾ ਸੁਣਾਇਆ,
ਕੌੜੇ ਤੇ ਖੱਟੇ ਫਲਾਂ ਵਿੱਚ ਮਿੱਠਾਸ ਦਾ ਰੰਗ ਪਾਇਆ।
ਪੱਛਮ ਵੱਲ ਰੇਤਲੇ ਰਾਹਾਂ ਨੂੰ ਪਾਰ ਕੀਤਾ,
ਮੱਕੇ ਪਹੁੰਚ ਕੇ ਸੱਚ ਦਾ ਦੀਵਾ ਜਗਾਇਆ।
ਪੂਰਬ ਹੋਵੇ ਜਾਂ ਪੱਛਮ, ਰੱਬ ਕਿੱਥੇ ਨਹੀਂ ?
ਉਹ ਹਰ ਥਾਂ ਵੱਸਦਾ, ਉਸ ਤੋਂ ਖਾਲੀ ਕੋਈ ਥਾਂ ਨਹੀਂ।
ਬਗਦਾਦ ਦੀਆਂ ਉੱਚੀਆਂ ਕੰਧਾਂ ਵੀ ਰਹਿ ਗਈਆਂ ਪਿੱਛੇ,
ਰੱਬੀ ਸੁਨੇਹਾ ਪਹੁੰਚਿਆ ਦੂਰ ਦੇ ਦਿਲਾਂ ਵਿੱਚ ਵੱਸ ਕੇ।
ਨੇੜੇ ਹੋਣ ਜਾਂ ਦੂਰ ਦੇ ਦੇਸ਼, ਹਰ ਥਾਂ ਇਹ ਗੱਲ ਕਹੀ,
ਰੱਬ ਨੇ ਸਾਰੀ ਮਨੁੱਖਤਾ ਇੱਕੋ ਪਿਆਰ ਨਾਲ ਗੁੰਥੀ।
ਇੱਕ ਰੱਬ, ਇੱਕ ਧਰਤੀ, ਇੱਕ ਮਨੁੱਖੀ ਪਰਿਵਾਰ,
ਗੁਰੂ ਨਾਨਕ ਨੇ ਸਾਂਝਾ ਕੀਤਾ ਇਹ ਸੱਚ ਅਪਾਰ।

**ਸੁਰਜੀਤ ਸਿੰਘ ਫਲੋਰਾ**
647-829-9397

## ਸਾਡਾ ਵਾਤਾਵਰਨ

ਧਰਤੀ ਨੂੰ ਮਾਤਾ ਪਾਵਨ ਗੁਰਬਾਣੀ ਫ਼ੁਰਮਾਇਆ
ਪਵਣੁ ਨੂੰ ਆਖ ਗੁਰੂ ਹੈ ਸਤਿਕਾਰ ਵਧਾਇਆ।
ਪਾਣੀ ਨੂੰ ਪਿਤਾ ਦਾ ਬਖਸ਼ਿਆ ਦਰਜ਼ਾ ਮਹਾਨ
ਅਕਾਲ ਦੀ ਮਹਿਮਾ ਦਾ ਪੰਜ ਤੱਤ ਕਰਦੇ ਗੁਣਗਾਨ।।
ਹਵਾ ਵਿੱਚ ਆਕਸੀਜ਼ਨ ਦਾ ਮਹੱਤਵ ਜ਼ਰੂਰੀ
ਕਾਰਬਨ ਡਾਈਆਕਸਾਈਡ ਪੌਦਿਆਂ ਲਈ ਸਰੂਰੀ।
ਪ੍ਰਕਾਸ਼ ਸੰਸ਼ਲੇਸ਼ਣ ਨਾਲ ਪੌਦੇ
ਭੋਜਨ ਬਣਾਉਂਦੇ
ਸੂਰਜੀ ਰੌਸ਼ਨੀ,ਹਵਾ,ਪਾਣੀ, ਕਲੋਰੋਫਿਲ ਸਾਥ ਨਿਭਾਉਂਦੇ।।
ਭੋਜਨ-ਲੜੀ ਕੁਦਰਤ ਦੀਆਂ ਰਚੀਆਂ ਬਾਤਾਂ
ਉਤਪਾਦਕ ਤੋਂ ਖਪਤਕਾਰ ਤੱਕ ਚੱਲੇ ਬਹੀ ਖਾਤਾ।
ਊਰਜਾ ਇੱਕ ਪੱਧਰ ਮਾਰ ਛਾਲਾਂ ਦੂਜੇ ਤੱਕ ਜਾਵੇਂ
ਵਿਘਟਕਾਂ ਦਾ ਗੁਣ ਮਰੇ ਜੀਵਾਂ ਨੂੰ ਮਿੱਟੀ ਬਣਾਵੇ ?।।
ਮਨੁੱਖੀ ਕਾਰਜਾਂ ਨੇ ਵਧਾਇਆ ਪ੍ਰਦੂਸ਼ਣ
ਧੂੰਏਂ, ਪਲਾਸਟਿਕ ਨਾਲ ਵੱਧ ਗਈ ਦੂਸ਼ਣ।
ਗ੍ਰੀਨਹਾਊਸ ਗੈਸਾਂ ਤਾਪ ਨੂੰ ਹਨ ਵਧਾਉਂਦੀਆਂ
ਧਰਤੀ ਨੂੰ ਹੌਲੀ-ਹੌਲੀ ਗਰਮ ਬਣਾਉਂਦੀਆਂ।।
ਓਜ਼ੋਨ ਪਰਤ ਪਰਾਂ ਬੈਂਗਣੀ ਕਿਰਨਾਂ ਨੂੰ ਰੋਕੇ
ਇਸਦੀ ਰੱਖਿਆ ਸਾਡਾ ਫਰਜ਼ ਨਾ ਕੋਈ ਟੋਕੇ।
ਰੁੱਖ ਲਗਾਈਏ ਅਤੇ ਜੰਗਲਾਂ ਨੂੰ ਬਚਾਈਏ
ਆਲੇ ਦੁਆਲੇ ਹਰਿਆਵਲ ਰੱਖਣਾ ਪ੍ਰਣ ਦੁਹਰਾਈਏ।।

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਕਵਿਤਾ

ਮੈਨੂੰ ਜਦੋਂ ਯਾਦ ਆਵੇ ਪਿੰਡ ਦੀ,
ਮੈਨੂੰ ਬੁਲਾਇਓ ਨਾ,
ਤਉੜੀ ਰਿਧੇ, ਸਾਗ ਦੀਆਂ ਕਰੂੰਬਲਾਂ, ਬਾਥੂ ਨਾਲ,
ਆਲਣ ਪਾ ਘੋਟਿਆ!
ਉੱਤੇ ਮਖੱਣੀ.
ਯਾਦ ਦਿਵਾਇਓ ਨਾ
ਉੱਥੇ ਬੈਠਾ, ਮੇਰਾ ਬਾਪ ਬੋਹੜ ਦੀ ਛਾਂਵੇਂ,
ਬਿਰਹਾ ਦਾ ਗੀਤ, ਓਹਦੇ ਸਾਹਮਣੇ ਗਾਇਓ ਨਾ,
ਇਕ ਮੇਰੀ ਭੈਣ ਓਥੇ, ਸਰੂ ਜਿਹੀ
ਪੀਂਘ ਝੂਟਦੀ, ਪਿੱਪਲੀ ਨੂੰ ਕਹਿਣਾ,
ਥੱਕ ਜਾਇਓ ਨਾ,
ਇਕ ਮੇਰੀ ਮਾਂ....ਓਥੇ ਖੂਹੀ ਉਤੇ ਲੱਜ ਨਾਲ
ਪਾਣੀ ਕੱਢਦੀ,
ਤੇ ਰੱਖਦੀ ਤਾਂਘ ਮੇਰੀ ਬੂਹੇ ਵੱਲ, ਵੇਖਦੀ,
ਸੁਪਨੇ ਜਿਹੇ ਲੈਂਦੀ,
ਓਹਦੇ ਹੱਥੀਂ ਛਾਲੇ, ਤੇ ਪੈਰੀਂ ਯਾਦਾਂ,
ਭੜੋਲੇ ਵਿੱਚ ਦੁੱਧ ਪਾਉਂਦੀ,
ਮੇਰੀ ਯਾਦ, ਦਿਵਾਏਓ ਨਾ,
ਇਕ ਮੇਰਾ ਯਾਰ ਓਥੇ, ਜਿਗਰੀ,
ਬਣਿਆ ਫਿਰਦਾ ਸੀ ਸਰਪੰਚ,
ਸਰਪੰਚੀ ਦੀ ਲਾਜ ਪਿੱਛੇ, ਹਕੂਮਤਾਂ ਨਾਲ ਲੈ
ਟੱਕਰ, ਸਿਵਿਆਂ ਚ ਸੁੱਤਾ,
ਰੱਬ ਦਾ ਹੈ ਵਾਸਤਾ, ਉਹਨੂੰ ਜਗਾਇਓ ਨਾ,
ਇੱਕ ਮੇਰੀ ਜਾਨ ਸੀ, ਪ੍ਰੀਤਾਂ ਦੀ ਪਹਿਰੇਦਾਰ,
ਅਖਵਾਓਂਦੀ,
ਸੌਹਰੇ ਕਿਤੇ ਚਲੇ ਗਈ,
ਭੁੱਲ ਕੇ ਵੀ ਪਿੰਡ ਓਹਦੇ, ਫੇਰਾ ਪਾਇਓ ਨਾ,
ਇੱਕ ਮੇਰਾ ਬਾਬਾ ਓਥੇ, ਪੈਲੀਆਂ ਚ ਰੁਲਦਾ,
ਸਾਧ ਜਿਹਾ ਸੁਬਾਹ ਓਹਦਾ,
ਉੱਚਾ ਸੁਣਦਾ,
ਸ਼ਹਿਰੀਆਂ ਦੀ ਗੱਲ, ਓਹਦੇ ਸਮਝ ਨਾ ਆਵੇ,
ਬੀੜਾ ਨਪ ਕੇ ਲਿੱਖਣ ਵਾਲੀ ਮਸ਼ੀਨ÷ (ਟਾਈਪ ਮਸ਼ੀਨ)
ਨਾਲ ਓਹਦੀ ਜ਼ਮੀਨ ਦੀ ਰਜਿਸਟਰੀ ਕਰ ਆਇਓ ਨਾ,
ਇੱਕ ਮੇਰਾ ਪਰਛਾਵਾਂ, ਓਥੇ,
ਲਟਕਦਾ ਹੈ ਬੰਬੀ ਤੇ,
ਆਥਣੇ ਜਿਹੇ, ਹੋਰ ਲੰਬਾ ਹੋਵੇ,
ਜ਼ਿੰਦਗੀ ਦੇ ਵਾਂਗ,....
ਅਣਜਾਣ ਕਿਤੇ ਦਿਸਹੱਦੇ ਤੋਂ ਵੀ ਉਰਾਰ,
ਯਾ ਪਰ੍ਹੇ,
ਚਮਕਦੀਆਂ ਰੌਸ਼ਨੀਆਂ ਵਿਚ,
ਓਹਨੂੰ ਭੁਲਾਇਓ ਨਾ,
ਯਾਰੋ, ਪਿੰਡ ਦਿੱਲ ਵਿੱਚ ਵਸਦਾ
ਤੇ ਪਿੰਡ ਨੂੰ ਭੁਲਾਇਓ ਨਾ...
ਵੱਸੋਂ ਭਾਂਵੇਂ..ਅਮਰੀਕਾ, ਕਨੇਡਾ, ਵਲੈਤ,
ਜਰਮਨੀ,
ਪਰ ਪਿੰਡ ਪਿੰਡ ਨੂੰ ਭੁਲਾਇਓ ..ਨਾ,

**ਪਰਮ ਕੰਬੋਜ**

## ਜੇ ਹੱਸ ਕੇ ਬੁਲਾ ਲੈਂਦੇ ..

1. ਰੱਬ ਨੂੰ ਜੋ ਹਮੇਸ਼ਾ ਯਾਦ ਰੱਖਣ
ਕਰਦੇ ਨਹੀਂ ਕਿਸੇ ਦਾ ਨੁਕਸਾਨ ,
ਉਹ ਹਰ ਸਮੇਂ ਯਾਦ ਰੱਖਦੇ
ਕਿ ਸਭ ਨੂੰ ਦੇਖ ਰਹੇ ਭਗਵਾਨ ...
2. ਕੁਝ ਬੰਦੇ ਕਰਦੇ ਕੁਝ ਹੋਰ
ਤੇ ਕੁਝ ਹੋਰ ਪਏ ਦੱਸਦੇ ,
ਕੁਝ ਬੰਦੇ ਲੱਖ ਦੇ
ਤੇ ਕੁਝ ਹੁੰਦੇ ਨੇ ਕੱਖ ਦੇ ,
ਪਰ ਸਭ ਤੋਂ ਖਤਰਨਾਕ ਹੁੰਦੇ
ਉਹ ਬੰਦੇ ,
ਜਿਹੜੇ ਦੋ - ਦੋ ਚਿਹਰੇ ਰੱਖਦੇ...
3. ਦੂਰ ਹੋ ਕੇ ਵੀ ਯਾਦ ਆਉਂਦੇ ਕਈ
ਨੇੜੇ ਹੋ ਕੇ ਰੁਲਾਉਂਦੇ ਕਈ ,
ਬੰਦੇ - ਬੰਦੇ ਦਾ ਫ਼ਰਕ ਹੁੰਦਾ @ ਧਰਮਾਣੀ @ ,
ਦੁੱਖ ਦੇ ਵੀ ਹਸਾਉਂਦੇ ਕਈ...
4. ਦੋਸਤੋ ! ਕਦੇ ਕਿਸੇ ਨਾਲ਼ ਲੜੋ ਨਾ ,
ਗਲਤ ਬੰਦੇ ਨਾਲ਼ ਬਹੁਤਾ ਤੁਸੀਂ ਖੜੋ ਨਾ ;
ਹਰ ਗੱਲ ਦਾ ਕੋਈ ਮਤਲਬ ਹੁੰਦਾ ,
ਪਰ ਗੱਲ - ਗੱਲ @ਤੇ ਵੀ ਬਹੁਤਾ ਅੜੋ ਨਾ...
5. ਕਈ ਚਲਾਕੀਆਂ ਕਰਨ ਕੋਝੀਆਂ
ਜਿਵੇਂ ਦੂਜੇ ਨੂੰ ਨਾ ਹੋਣ ਸੋਝੀਆਂ ,
ਜੋ ਬਣਨ ਬੜੇ ਚਲਾਕ ,
ਬਾਅਦ @ਚ ਹੁੰਦੇ ਬੜੇ ਖਰਾਬ...
6. ਤਬਾਹ ਕਰਕੇ ਸਾਨੂੰ
ਹੁਣ ਯਾਰੀਆਂ ਲਾਉਣ ਨੂੰ ਫਿਰੇ ,
ਉਸ ਨੂੰ ਕੀ ਪਤਾ
ਦੁੱਖਾਂ @ਚ ਅਸੀਂ ਕਿੰਨਾ ਘਿਰੇ ... ?
7. ਅੱਜ ਆਇਆ ਸੀ ਕੋਲ਼ ਮੇਰੇ ਕੋਈ
ਪਰ ਉਸਨੇ ਪੁੱਛਿਆ ਨਾ ਮੇਰਾ ਹਾਲ ,
ਅਸੀਂ ਵੀ ਨਜ਼ਰ ਚੁਰਾ ਕੇ ਲੰਘ ਗਏ
ਹੋਈ ਬੜੀ ਕਮਾਲ ...
8. ਮੈਨੂੰ ਰੋਂਦੇ ਨੂੰ ਛੱਡ ਗਏ ਸੀ ਕਈ
ਮੈਂ ਹੁਣ ਪੱਥਰ - ਦਿਲ ਹੋ ਗਿਆ ਹਾਂ ,
ਮੈਨੂੰ ਵੀ ਹੁਣ
ਕਿਸੇ ਦੀ ਕੀ ਪਈ... ?
9. ਜੇ ਮੈਨੂੰ ਹੱਸ ਕੇ ਬੁਲਾ ਲੈਂਦੇ
ਤਾਂ ਅਸੀਂ ਵੀ ਸਿਰ ਝੁਕਾ ਲੈਂਦੇ ,
ਉਹ ਆਕੜ ਨਾਲ ਲੰਘ ਗਏ
ਫਿਰ ਅਸੀਂ ਕਿਉਂ ਨੀਵੇਂ ਪੈਂਦੇ ... ?
10. ਕਿਸੇ ਦੀਆਂ ਯਾਦਾਂ ਵਿੱਚ ਖੋ ਕੇ
ਕਦੇ ਕਿਸੇ ਲਈ ਰੋ ਕੇ ,
ਵਖਤ ਲੰਘਾ ਰਹੇ ਆਂ
ਜ਼ਿੰਦਗੀ ਨੂੰ ਢੋਅ ਕੇ ...

**ਮਾਸਟਰ ਸੰਜੀਵ ਧਰਮਾਣੀ**
9478561356

## ਸਰਮਾਏਦਾਰ ਬੜੇ ਨੇ

ਕਹਿੰਦੇ ਪੰਜਾਬ ਵਿੱਚ ਸਰਮਾਏਦਾਰ ਬੜੇ ਨੇ।
ਖੁੱਲਾ ਖਰਚ ਕਰਨ ਵਾਲੇ ਪਰਿਵਾਰ ਬੜੇ ਨੇ।
ਮਹਿੰਗੇ ਮੋਟਰਸਾਈਕਲ ਮਹਿੰਗੀਆਂ ਗੱਡੀਆਂ।
ਇਹ ਇੱਕ ਦੂਜੇ ਤੋਂ ਰੱਖਣ ਵੱਡੀਆਂ।
ਵੱਡੇ ਪੈਲਿਸਾਂ ਵਿੱਚ ਪ੍ਰੋਗਰਾਮ ਕਰਦੇ ਵੱਡੇ।
ਇਕ ਦੂਜੇ ਤੋਂ ਨਿੱਕਲਣ ਲਈ ਅੱਗੇ।
ਕਾਕੇ ਸਵੇਰੇ ਹੀ ਸ਼ਹਿਰਾਂ ਨੂੰ ਜਾਵਣ।
ਖੁੱਲਾ ਖਰਚਾ ਕਰਕੇ ਐਸ਼ ਉਡਾਵਣ।
ਮਹਿੰਗੇ ਟਰੈਕਟਰਾਂ ਨਾਲ ਟੋਚਨ ਮੁਕਾਬਲੇ
ਕਰਵਾਉਂਦੇ।
ਨੁਕਸਾਨ ਹੋਣ ਤੋਂ ਨਾ ਜ਼ਰਾ ਘਬਰਾਉਂਦੇ।
ਮਹਿੰਗੀਆਂ ਗੱਡੀਆਂ ਨਾਲ ਖੇਤ ਕੱਦੂ ਕਰਦੇ।
ਖਰਚੇ ਖੁਰਚੇ ਦੀ ਪ੍ਰਵਾਹ ਨਾ ਕਰਦੇ।
ਕਰਜ਼ੇ ਭਾਵੇਂ ਕ ?ਈਆਂ ਸਿਰ ਚੜ੍ਹੇ ਨੇ।
ਮੇਜਰ ਪੰਜਾਬ ਵਿੱਚ ਸਰਮਾਏਦਾਰ ਬੜੇ ਨੇ।

**ਮੇਜਰ ਸਿੰਘ ਬੁਢਲਾਡਾ**
94176 42327੩

## ਕੰਧ ਦੀ ਤਸਵੀਰ

ਮੈਨੂੰ ਟੰਗਿਆ ਕੰਧ ਤੇ ਯਾਰਾਂ ਨੇ
ਮੈਂ ਮੁੱਲ ਕੀ ਪਾਵਾਂ ਤਸਵੀਰਾਂ ਦਾ
ਗਿਲੇ ਸ਼ਿਕਵੇ ਸਾਰੇ ਬੇਮਾਨੀ ਨੇ
ਸਭ ਝੋਲ਼ ਘਚੋਲ਼ ਤਕਦੀਰਾਂ ਦਾ
ਜਿਉਂਦੇ ਨੂੰ ਪਾਣੀ ਪੁੱਛਿਆ ਨਹੀ
ਫੋਲੇ ਖੀਸੇ ਖਾਤਾ ਮੁੱਕਿਆ ਨਹੀ
ਮੋਹ ਡੁੱਲਦੈ ਝੂਠੇ ਰਿਸ਼ਤਿਆਂ ਦਾ
ਬੜਾ ਡੂੰਘਾ ਸਾਰ ਤਕਰੀਰਾਂ ਦਾ
ਪੁੱਤ ਸੋਚਣ ਕਿੱਦਾਂ ਅੱਗੇ ਹੋਈਏ
ਆਓ ਝੂਠਾ ਮੂਠਾ ਬਹਿ ਰੋਈਏ
ਮੇਰਾ ਹਿੱਸਾ ਸਾਂਭਿਓ ਧੀ ਆਖੇ
ਬੇਸ਼ਕ ਮੁੱਕਾ ਰੋਗ ਸਰੀਰਾਂ ਦਾ
ਦੀਦੇ ਤਸਵੀਰ ਦੇ ਵਗਣ ਲੱਗੇ
ਦੀਵੇ ਸਿਵਿਆਂ ਚ ਜਗਣ ਲੱਗੇ
ਮਾਣ ਚੰਦਨ ਦਾ ਕਾਫੂਰ ਪਿਆ
ਹਰ ਸਾਕ ਚੀਰ ਸ਼ਮਸ਼ੀਰਾਂ ਦਾ

ਚੰਦਨ ਹਾਜੀਪੁਰੀਆ
**pchauhanEEGB@gmail.com**

## ਬਾਲ ਕਵਿਤਾ

**ਹਰੇ ਰੰਗ ਦਾ ਤੋਤਾ**

ਹਰੇ ਰੰਗ ਦਾ ਤੋਤਾ ਹਾਂ ਮੈਂ,
ਮਿੱਠੂ ਮੇਰਾ ਨਾਂ।
ਪਿੰਜਰੇ ਵਿੱਚ ਮੇਰਾ ਰੈਣ ਬਸੇਰਾ,
ਜਾਂ ਰੁੱਖਾਂ ਤੇ ਥਾਂ।
ਹਰੇ ਰੰਗ ਦਾ ਤੋਤਾ,,,,,,,,,

ਗਲ ਵਿੱਚ ਮੇਰੇ ਗਾਨੀ ਪਾਈ,
ਸਭ ਨੂੰ ਪਿਆਰੀ ਲੱਗੇ।
ਲਾਲ ਰੰਗ ਦੀ ਚੁੰਝ ਵੀ ਮੇਰੀ ?,
ਹਰੇ ਰੰਗ ਤੇ ਫੱਬੇ।
ਥੱਲੇ ਮੇਰਾ ਪਿੰਜਰਾ ਲਟਕੇ,
ਉੱਪਰ ਰੁੱਖਾਂ ਦੀ ਛਾਂ।
ਹਰੇ ਰੰਗ ਦਾ ਤੋਤਾ,,,,,,,,

ਹਰੀਆਂ ਮਿਰਚਾਂ, ਚੂਰੀ ਖਾਵਾਂ,
ਨਾਲੇ ਲਵਾਂ ਹੁਲਾਰੇ।
ਗੰਗਾ ਰਾਮ, ਮਿੱਠੂ ਮੈਨੂੰ ਕਹਿੰਦੇ
ਲੋਕੀ ਸਾਰੇ।
ਬਾਗਾਂ ਵਿੱਚ ਹੋਵਾਂ ਮੈ,
ਟੁਕ ਅੰਬੀਆਂ ਸੁੱਟਾਂ ਠਾਂਹ।
ਹਰੇ ਰੰਗ ਦਾ ਤੋਤਾ,,,,,,,,,

'ਪੱਤੋ' ਵਰਗੇ ਬੜੇ ਸ਼ੌਂਕ ਨਾਲ,
ਮੈਨੂੰ ਘਰਾਂ ਵਿੱਚ ਰੱਖਦੇ,
ਬੱਚੇ ਵੇਖ ਕੇ ਬੜੇ ਖੁਸ਼ ਹੁੰਦੇ,
ਨਾਲ ਮੇਰੇ ਉਹ ਹੱਸਦੇ।
ਤੋਤਲੀਆਂ ਨੇ ਗੱਲਾਂ ਕਰਦੇ ,
ਮੈ ਵੀ ਆਖਾਂ ਹਾਂ।
ਹਰੇ ਰੰਗ ਦਾ ਤੋਤਾ ਮੈਂ ਹਾਂ,
ਮਿੱਠੂ ਮੇਰਾ ਨਾਂ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਰਿਸ਼ਤੇ

ਕੈਸੇ ਰਿਸ਼ਤੇ ਨੇ ਅੱਜਕੱਲ੍ਹ ਦੇ,
ਕੇਵਲ ਲੋਕ-ਵਿਖਾਵਾ।
ਨਾ ਅਪਣੱਤ ਨਾ ਨਿੱਘ ਕੋਈ ਹੈ,
ਕੀ ਮੈਂ ਕਹਾਂ ਭਰਾਵਾ!
ਭਾਈ ਭਾਈ ਨਾ ਵੇਖ ਸਹਾਰੇ,
ਕੈਰੀ ਅੱਖ ਨਾਲ ਵਿੰਹਦੇ।
ਤਾਅਨੇ-ਮਿਹਣੇ ਲਾਉਂਦੇ ਨੇ,
ਕੀ ਦੱਸਾਂ ਕੀ ਕੀ ਕਹਿੰਦੇ।
ਜਿੱਦਾਂ ਮਿਲੇ ਨਾ ਪਾਣੀ, ਉਹ
ਪੌਦੇ ਛੇਤੀ ਸੁੱਕ ਜਾਂਦੇ।
ਜਿੱਥੇ ਮਿਲੇ ਨਾ ਇੱਜ਼ਤ ਕੋਈ,
ਉਹ ਰਿਸ਼ਤੇ ਮੁੱਕ ਜਾਂਦੇ।
ਪਹਿਲਾਂ ਘਰ ਸਨ ਹੁੰਦੇ ਕੱਚੇ,
ਪਰ ਸੀ ਰਿਸ਼ਤੇ ਪੱਕੇ।
ਅੱਜਕੱਲ੍ਹ ਘਰ ਤਾਂ ਪੱਕੇ ਨੇ,
ਪਰ ਰਿਸ਼ਤੇ ਹੋ ਗਏ ਕੱਚੇ।
ਰਿਸ਼ਤੇ ਤੰਦ ਪਿਆਰਾਂ ਵਾਲੀ,
ਇਹਨੂੰ ਕਦੇ ਨਾ ਤੋੜੋ।
ਮਨੋਂ ਮਿਟਾਈਏ ਸਾੜਾ ਨਫ਼ਰਤ,
ਪਿਆਰ ਦੇ ਰਿਸ਼ਤੇ ਜੋੜੋ।

**ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-**
151302 (ਬਠਿੰਡਾ) 9417692015.

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 372 | Website: www.preetnama.com Email preetnamausa@gmail.com | 25 SEPT TO 01 OCT, 2026



